# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 48 | 06 December to 12 December 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਯਾਤਰਾ ਪਾਬੰਦੀ ਬਾਰੇ ਹੁਕਮਾਂ 'ਚ ਟਰੰਪ ਦੀ ਵੱਡੀ ਕਾਨੂੰਨੀ ਜਿੱਤ

### ਸੁਪਰੀਮ ਕੋਰਟ ਨੇ ਮੁਸਲਮਾਨ ਬਹੁ-ਗਿਣਤੀ ਵਾਲੇ ਛੇ ਮੁਲਕਾਂ ਦੇ ਨਾਗਰਿਕਾਂ ਦੇ ਦਾਖ਼ਲੇ ਉੱਤੇ ਲਾਈਆਂ ਰੋਕਾਂ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਦਿੱਤੀ ਹਰੀ ਝੰਡੀ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੇ ਛੇ ਮੁਲਕਾਂ ਦੇ ਨਾਗਰਿਕਾਂ 'ਤੇ ਲਾਈ ਯਾਤਰਾ ਪਾਬੰਦੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਹੈ। ਹਾਲਾਂਕਿ ਰਾਸ਼ਟਰਪਤੀ ਦੇ ਇਸ ਵਿਵਾਦਤ ਹੁਕਮ ਖ਼ਿਲਾਫ਼ ਅਪੀਲਾਂ ਪੈਂਡਿੰਗ ਹਨ।

ਸੁਪਰੀਮ ਕੋਰਟ ਵਲੋਂ ਸੋਮਵਾਰ ਨੂੰ ਸੁਣਾਏ ਇਸ ਫੈਸਲੇ ਬਾਅਦ ਇਰਾਨ, ਲਿਬੀਆ, ਸੀਰੀਆ, ਯਮਨ, ਸੋਮਾਲੀਆ ਅਤੇ ਚਾਡ ਦੇ ਲੋਕਾਂ ਦੇ ਅਮਰੀਕਾ ਦੇ ਮੂਲ ਵਾਸੀਆਂ ਨਾਲ ਸਬੰਧ ਹੋਣ ਬਗ਼ੈਰ ਇਸ ਮੁਲਕ ਦੀ ਯਾਤਰਾ 'ਤੇ ਰੋਕ ਲੱਗ ਜਾਵੇਗੀ। ਨੌਂ ਵਿੱਚੋਂ ਸੱਤ ਜੱਜਾਂ ਨੇ ਹੋਰ ਅਦਾਲਤਾਂ ਵੱਲੋਂ ਯਾਤਰਾ 'ਤੇ ਪਾਬੰਦੀ ਬਾਰੇ ਹੁਕਮਾਂ ਉਤੇ ਲਾਈਆਂ ਰੋਕਾਂ ਹਟਾਉਣ ਦਾ ਹੁਕਮ ਦਿੱਤਾ। ਜਸਟਿਸ ਰੂਥ ਬੀ ਜਿਨਸਬਰਗ ਅਤੇ ਜਸਟਿਸ ਸੋਨੀਆ ਸੋਟੋਮੇਅਰ ਨੇ ਕਿਹਾ ਕਿ ਉਹ ਸਰਕਾਰ ਦੀ ਬੇਨਤੀ ਅਸਵੀਕਾਰ ਕਰਦੇ ਹਨ। ਸੁਪਰੀਮ ਕੋਰਟ ਨੇ ਆਪਣੇ ਇਸ



ਹੁਕਮ ਲਈ ਕੋਈ ਕਾਰਨ ਨਹੀਂ ਦੱਸਿਆ ਪਰ ਉਸ ਨੇ ਉਮੀਦ ਜ਼ਾਹਿਰ ਕੀਤੀ ਕਿ ਹੇਠਲੀ ਅਦਾਲਤ ਤੇਜ਼ੀ ਨਾਲ ਕਾਰਵਾਈ ਲਈ ਪ੍ਰਸ਼ਾਸਕੀ ਹੁਕਮਾਂ ਦੀ ਸਮੀਖਿਆ ਕਰੇਗੀ।

### ਭਾਰਤੀ ਸਿਨੇਮਾ ਜਗਤ ਦੇ ਚਮਕਦੇ ਸਿਤਾਰੇ ਸ਼ਸ਼ੀ ਕਪੂਰ ਨੂੰ ਸਦੀਵੀ ਅਲਵਿਦਾ

**ਮੁੰਬਈ/ਬਿਊਰੋ ਨਿਊਜ਼:** ਅਦਾਕਾਰ ਸ਼ਸ਼ੀ ਕਪੂਰ ਦਾ ਮੰਗਲਵਾਰ ਨੂੰ ਸਾਂਤਾਕਰੂਜ ਹਿੰਦੂ ਸ਼ਮਸ਼ਾਨਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ।



ਕਾਫ਼ੀ ਸਮੇਂ ਤੋਂ ਬਿਮਾਰ ਸ਼ਸ਼ੀ ਕਪੂਰ ਦਾ ਸੋਮਵਾਰ ਸ਼ਾਮੀਂ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਵਿਖੇ ਦੇਹਾਂਤ ਹੋ ਗਿਆ ਸੀ। ਵੱਡੇ ਪੱਧਰ 'ਤੇ ਸੁਰੱਖਿਆ ਪ੍ਰਬੰਧਾਂ ਦਰਮਿਆਨ ਦੁਪਹਿਰ ਲਗਪਗ 12:00 ਵਜੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਸਵੇਰੇ 11.45 ਵਜੇ ਐਂਬੂਲੈਂਸ ਰਾਹੀਂ ਜੁਹੂ ਸਥਿਤ ਉਨ੍ਹਾਂ ਦੀ ਰਿਹਾਇਸ਼ ਤੋਂ ਉਨ੍ਹਾਂ ਦੀ ਦੇਹ ਸ਼ਮਸ਼ਾਨਘਾਟ ਵਿਖੇ ਲਿਜਾਈ ਗਈ। ਵਰ੍ਹਦੇ ਮੀਂਹ ਵਿੱਚ ਹਜ਼ਾਰਾਂ ਲੋਕਾਂ ਨੇ ਸੇਜਲ ਅੱਖਾਂ ਨਾਲ ਆਪਣੇ ਚਹੇਤੇ ਅਦਾਕਾਰ ਨੂੰ ਵਿਦਾਇਗੀ ਦਿੱਤੀ। ਇਸ ਮੌਕੇ ਸ਼ਸ਼ੀ ਕਪੂਰ ਦੇ ਤਿੰਨੋਂ

**ਬਾਕੀ ਸਫ਼ਾ 33 'ਤੇ**

### ਸਮਾਰਕਾਂ ਬਾਰੇ ਟਰੰਪ ਦੇ ਹੁਕਮਾਂ ਖ਼ਿਲਾਫ਼ ਲਾਮਬੰਦੀ ਸ਼ੁਰੂ

**ਸਾਲਟ ਲੇਕ ਸਿਟੀ:** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੂਟਾਹ ਵਿੱਚ ਦੋ ਵੱਡੇ ਕੌਮੀ ਸਮਾਰਕਾਂ ਨੂੰ ਛੋਟੇ ਕਰਨ ਵਾਲੇ ਕਦਮ ਖ਼ਿਲਾਫ਼ ਮੂਲ ਅਮੈਰਿਕਨ ਆਗੂਆਂ ਨੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਰਾਸ਼ਟਰਪਤੀ ਦੇ ਇਸ ਕਦਮ ਦਾ ਇਕੱਠੇ ਹੋ ਕੇ ਵਿਰੋਧ ਕਰਨ ਅਤੇ ਇਨ੍ਹਾਂ ਸਮਾਰਕਾਂ ਨੂੰ ਬਚਾਉਣ ਲਈ ਅਦਾਲਤ 'ਚ ਜਾਣ ਦਾ ਅਹਿਦ ਲਿਆ ਹੈ। ਵਾਤਾਵਰਨ ਅਤੇ ਕੰਜ਼ਰਵੇਟਿਵ ਗਰੁੱਪਾਂ ਨੇ ਸੋਮਵਾਰ ਨੂੰ ਇਸ ਲੜਾਈ ਵਿੱਚ ਕੁੱਦਦਿਆਂ ਟਰੰਪ ਦੇ ਇਸ ਫ਼ੈਸਲੇ ਖ਼ਿਲਾਫ਼ ਕੇਸ ਦਾਇਰ ਕਰਨੇ ਸ਼ੁਰੂ ਕਰ ਦਿੱਤੇ ਹਨ। ਦੱਸਣਯੋਗ ਹੈ ਕਿ ਟਰੰਪ ਨੇ ਬੀਅਰਜ਼ ਈਅਰਜ਼ (ਜਿਸ ਨੂੰ ਪਿਛਲੇ ਸਾਲ ਦਸੰਬਰ 'ਚ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਣਵਾਇਆ ਸੀ) ਨੂੰ ਤਕਰੀਬਨ 85 ਫ਼ੀਸਦ ਘਟਾਉਣ ਅਤੇ ਗਰੈਂਡ ਸਟੇਅਰਕੇਸ-ਐਸਕਲਾਂਟ (ਜਿਸ ਨੂੰ ਰਾਸ਼ਟਰਪਤੀ ਬਿੱਲ ਕਲਿੰਟਨ ਨੇ 1996 'ਚ ਡਿਜ਼ਾਈਨ ਕੀਤਾ ਸੀ) ਨੂੰ ਅੱਧਾ ਕਰਨ ਦਾ ਫੈਸਲਾ ਕੀਤਾ ਹੈ।

## 'ਮੁਸਲਮਾਨ ਭਾਰਤੀ ਸਮਾਜ ਦਾ ਹਿੱਸਾ, ਸਰਕਾਰ ਉਨ੍ਹਾਂ ਦੀ ਕਦਰ ਕਰੇ'

### *ਭਾਰਤ ਤੇ ਅਮਰੀਕਾ ਰਲ ਕੇ ਵਿਸ਼ਵ ਦੀ ਹਰ ਸਮੱਸਿਆ ਸੁਲਝਾ ਸਕਦੇ ਨੇ-ਓਬਾਮਾ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਨੂੰ ਕਿਹਾ ਹੈ ਕਿ ਉਹ ਮੁਲਕ ਦੇ ਮੁਸਲਮਾਨਾਂ ਦੀ ਕਦਰ ਕਰੇ ਅਤੇ ਉਨ੍ਹਾਂ ਦਾ ਧਿਆਨ ਰੱਖੇ ਜਿਹੜੇ ਆਪਣੇ ਆਪ ਨੂੰ ਮੁਲਕ ਨਾਲ ਜੁੜਿਆ ਹੋਇਆ ਅਤੇ ਭਾਰਤੀ ਮੰਨਦੇ ਹਨ। ਹਿੰਦੂਸਤਾਨ ਟਾਈਮਜ਼ ਲੀਡਰਸ਼ਿਪ ਸਮਿੱਟ 'ਚ ਸ਼ਾਮਲ ਹੋਣ ਮੌਕੇ ਬੋਲਦਿਆਂ ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਇਕ ਵਿਚਾਰ ਹੈ ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

**ਬਾਕੀ ਸਫ਼ਾ 33 'ਤੇ**



### ਮੋਦੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਥੇ ਮੁਲਾਕਾਤ ਕੀਤੀ। ਸ੍ਰੀ ਓਬਾਮਾ ਦਾ ਰਾਸ਼ਟਰਪਤੀ ਵਜੋਂ ਜਨਵਰੀ 'ਚ ਕਾਰਜਕਾਲ ਖ਼ਤਮ ਹੋਣ ਮਗਰੋਂ ਦੋਹਾਂ ਆਗੂਆਂ ਦੀ ਇਹ ਪਹਿਲੀ ਮੁਲਾਕਾਤ ਸੀ। ਸ੍ਰੀ ਮੋਦੀ ਨੇ ਟਵੀਟ ਕਰਕੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੁਲਾਕਾਤ 'ਤੇ ਖੁਸ਼ੀ ਜਤਾਈ। ਸ੍ਰੀ ਮੋਦੀ ਨੇ ਕਿਹਾ ਕਿ ਓਬਾਮਾ ਫਾਊਂਡੇਸ਼ਨ ਵੱਲੋਂ ਸ਼ੁਰੂ ਕੀਤੇ ਗਏ ਕੰਮਾਂ ਦੀ ਉਨ੍ਹਾਂ ਜਾਣਕਾਰੀ ਲਈ।

### ਡਾ. ਮਨਮੋਹਨ ਸਿੰਘ ਦਾ ਹਾਂ ਮੁਰੀਦ

ਬਰਾਕ ਓਬਾਮਾ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਅਰਥ ਸ਼ਾਸਤਰੀ ਡਾ: ਮਨਮੋਹਨ ਸਿੰਘ ਦੀਆਂ ਆਰਥਿਕ ਨੀਤੀਆਂ ਨੂੰ ਕਾਰਗਰ ਕਰਾਰ ਦਿੰਦਿਆਂ ਉਨ੍ਹਾਂ ਦੀ ਖ਼ੂਬ ਸ਼ਲਾਘਾ ਕੀਤੀ । ਓਬਾਮਾ ਨੇ ਡਾ: ਮਨਮੋਹਨ ਸਿੰਘ ਦੀਆਂ ਨੀਤੀਆਂ ਨੂੰ ਉਸ ਸਮੇਂ ਲਈ ਢੁਕਵਾਂ ਦੱਸਿਆ ਜਦੋਂ ਪੂਰਾ ਵਿਸ਼ਵ ਹੀ ਇਕ ਮੁਸ਼ਕਿਲ ਭਾਵ ਸਾਲ 2008 ਦੀ ਆਰਥਿਕ ਮੰਦੀ ਦੇ ਦੌਰ 'ਚੋਂ ਲੰਘ ਰਿਹਾ ਸੀ । ਓਬਾਮਾ ਨੇ ਲੀਡਰਸ਼ਿਪ ਸੰਮੇਲਨ 'ਚ ਆਪਣੇ ਬਹੁਤ ਅੱਛੇ ਦੋਸਤ' ਡਾ: ਸਿੰਘ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਆਧੁਨਿਕ ਭਾਰਤੀ ਅਰਥਚਾਰੇ ਦਾ ਮੋਢੀ ਕਰਾਰ ਦਿੱਤਾ। ਓਬਾਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਜ਼ਰੀਏ ਦੀ ਵੀ ਤਾਰੀਫ ਕਰਦਿਆਂ ਕਿਹਾ ਕਿ ਉਹ ਮੋਦੀ ਨੂੰ ਪਸੰਦ ਕਰਦੇ ਹਨ ।

### ਅਮਰੀਕਾ ਦੀ ਪਹਿਲੀ ਸਿੱਖ ਮੇਅਰ ਨੇ ਸਹੁੰ ਚੁੱਕੀ

**ਪ੍ਰੀਤ ਡਿਡਬਾਲ ਨੇ ਯੂਬਾ ਸਿਟੀ ਤੇ ਭਾਈਚਾਰੇ ਦਾ ਨਾਂ ਕੀਤਾ ਰੌਸ਼ਨ**

**ਯੂਬਾ ਸਿਟੀ/ਹੁਸਨ ਲੜੋਆ ਬੰਗਾ:** ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਅਤੇ ਵਿਸ਼ਵ ਪੱਧਰ 'ਤੇ ਮਹਾਨ ਨਗਰ ਕੀਰਤਨ ਕਰਕੇ ਜਾਣੇ ਜਾਂਦੇ ਯੂਬਾ ਸਿਟੀ ਨੂੰ 5 ਦਸੰਬਰ ਮੰਗਲਵਾਰ



**(ਪੂਰੀ ਖ਼ਬਰ ਸਫ਼ਾ 4 'ਤੇ)**

### ਗੋਬਿੰਦ ਸਿੰਘ ਲੌਂਗੋਵਾਲ ਨੇ ਹਰਨਾਮ ਸਿੰਘ ਧੁੰਮਾ ਨੂੰ ਮਿਲ ਕੇ ਮੰਗਿਆ ਸਹਿਯੋਗ

*ਸਿੱਖੀ ਦੇ ਪ੍ਰਚਾਰ ਤੇ ਪਸਾਰ ਵਾਸਤੇ ਦਮਦਮੀ ਟਕਸਾਲ ਵਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ*

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅੱਜ ਚੌਕ ਮਹਿਤਾ 'ਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਪਲੇਠੀ ਮੁਲਾਕਾਤ ਕੀਤੀ ਹੈ ਅਤੇ ਸਿੱਖੀ ਦੇ ਪ੍ਰਚਾਰ ਲਈ ਸਹਿਯੋਗ ਦੀ ਮੰਗ ਕੀਤੀ ਹੈ। ਟਕਸਾਲ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ ਹੈ।

**ਬਾਕੀ ਸਫ਼ਾ 33 'ਤੇ**



ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰਨਾਂ ਦਾ ਸਨਮਾਨ ਕਰਦੇ ਹੋਏ ਬਾਬਾ ਹਰਨਾਮ ਸਿੰਘ ਖਾਲਸਾ।

### ਦਲ ਖਾਲਸਾ ਪ੍ਰਧਾਨ ਹਰਪਾਲ ਸਿੰਘ ਚੀਮਾ ਦਾ ਪਾਸਪੋਰਟ ਜ਼ਬਤ

**ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਕਰੜਾ ਵਿਰੋਧ**

**ਅੰਮ੍ਰਿਤਸਰ/ਬਿਊਰੋ ਨਿਊਜ਼:** ਭਾਰਤ ਸਰਕਾਰ ਦੇ ਹੁਕਮਾਂ ਉੱਤੇ ਇੰਮੀਗਰੇਅਧਿਕਾਰੀਆਂ ਨੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੂੰ ਦਿੱਲੀ ਹਵਾਈ ਅੱਡੇ 'ਤੇ ਰੋਕ ਕੇ ਉਹਨਾਂ ਦਾ ਪਾਸਪੋਰਟ



**ਪੂਰੀ ਖ਼ਬਰ ਸਫ਼ਾ 6 'ਤੇ ਪੜ੍ਹੋ**


For Advertisements in Quomantry Amritsar Times Please Call :

Jai Singh

510-677-2777























## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers® TA TravelCenters of America Love's Travel Stops & Country Stores

# INSURANCE

KHALSA INSURANCE AGENCY, INC.

**Your one stop for all your INSURANCE needs...**

Allied Insurance
a Nationwide® company
On Your Side®

- Auto
- Home
- Business
- Commercial
- Umbrella Pollcy
- Error & Ommission
- Malpractice & Many more...

ਘਰ, ਬਿਜਨਸ, ਆਟੋ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਸਾਨੂੰ ਇਕ ਵਾਰ ਕਾਲ ਜ਼ਰੂਰ ਕਰੋ

## Khalsa Insurance Agency Inc. (Since 1992)

3750 McKee Rd. # A, San Jose, CA 95127

info@khalsainsurance.com www.khalsainsurance.com

License # 0F89805

**Call for quote - 408-272-2500**

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT 510.795.1100

976 E. EL CAMINO REAL • SUNNYVALE 408.795.1100

4112 GRAFTON ST • DUBLIN 925.829.1700

WWW.CHAATBHAVAN.COM

## ਗੁਰੂ ਨਾਨਕ ਸਿੱਖ ਮਿਸ਼ਨ ਲਵਿੰਗਸਟਨ ਵਿਖੇ ਧਾਰਮਿਕ ਕਵੀ ਦਰਬਾਰ

**ਲਵਿੰਗਸਟਨ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰੂ ਨਾਨਕ ਸਿੱਖ ਮਿਸ਼ਨ (884-B Street, Livingston CA 95334) ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੇਂ ਮੰਚ ਸੰਭਾਲਦਿਆਂ ਸਿੱਖ ਸਿਖਿਆਵਾਂ ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਡੂੰਘੇ ਰੂਹਾਨੀਅਤ ਉਪਦੇਸ਼ ਨੇ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ। ਉਨ੍ਹਾਂ ਨੇ ਆਤਮ ਨਿਰਭਰ ਅਤੇ ਸਵੈ ਮਾਣ ਦਾ ਜੀਵਨ ਜਿਉਣ ਦੇ ਯੋਗ ਬਣਾਇਆ। ਉਨ੍ਹਾਂ ਦਾ ਉਪਦੇਸ਼ ਮਨੁੱਖਤਾ ਲਈ ਸਾਂਝਾ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਜਗਜੀਤ ਸਿੰਘ, ਦੇਵਿੰਦਰ ਸਿੰਘ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਤੇ ਜਸਦੀਪ ਸਿੰਘ ਫਰੀਮਾਂਟ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

ਗੁਰਦੁਆਰਾ ਸਕੱਤਰ ਭਾਈ ਸੇਵਾ ਸਿੰਘ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ । ਉਨ੍ਹਾਂ ਕਿਹਾ ਕਿ ਇਹ ਅਮਰੀਕੀ ਪੰਜਾਬੀ ਕਵੀ ਬੇਅ ਏਰੀਆ ਤੋਂ ਚੱਲ ਕੇ ਆਏ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਵਾਨ ਵਿਚ ਗੁਰ ਇਤਿਹਾਸ ਅਤੇ ਕਵਿਤਾਵਾਂ ਨਾਲ ਸਾਂਝ ਪਾਈ ਹੈ। ਇਨ੍ਹਾਂ ਦੇ ਇਸ ਉਦਮ ਦੀ ਸ਼ਲਾਘਾ ਹੈ ਜੋ ਦੂਰ ਦੁਰਾਡੇ ਦੇ ਗੁਰਦੁਆਰਾ ਵਿਚ ਅਜਿਹੇ ਪ੍ਰੋਗਰਾਮ ਸਜਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਪ੍ਰਵਾਨਾ ਵੱਲੋਂ ਅੰਤ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਤੇ ਸਹਿਯੋਗ ਨਾਲ ਇਹ ਪ੍ਰੋਗਰਾਮ ਨੇਪਰੇ ਚੜ੍ਹਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4489 ਹੈ।

# ਅਮਰੀਕਾ ਦੀ ਪਹਿਲੀ ਸਿੱਖ ਮੇਅਰ ਨੇ ਸਹੁੰ ਚੁੱਕੀ



ਅਮਰੀਕਨ ਸਥਾਨਕ ਸਰਕਾਰਾਂ ਦੇ ਅਫਸਰਾਂ, ਸਿਟੀ ਕਾਊਂਟੀ ਨਾਲ ਸਬੰਧਤ ਅਧਿਕਾਰੀਆਂ, ਸਥਾਨਕ ਪੁਲਿਸ ਅਫਸਰਾਂ ਤੇ ਹੋਰਨਾਂ ਦੀ ਸ਼ਮੂਲੀਅਤ ਵਾਲੇ ਜਸ਼ਨ ਦੀਆਂ ਕੁਝ ਯਾਦਗਾਰੀ ਝਲਕਾਂ ।

**ਫੋਟੋਆਂ ਤੇ ਵੇਰਵਾ : ਹੁਸਨ ਲੜੋਆ ਬੰਗਾ।**



ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਯੂਬਾ ਸਿਟੀ ਦੇ ਸਿੱਖ ਭਾਈਚਾਰੇ ਦੀ ਮਾਣਯੋਗ ਧੀ ਪ੍ਰੀਤ ਡਿਡਬਾਲ ਨੂੰ ਅਮਰੀਕਾ ਦੀ ਪਹਿਲੀ ਸਿੱਖ ਔਰਤ ਮੇਅਰ ਵਜੋਂ ਸਹੁੰ ਚੁਕਾਏ ਜਾਣ ਸਮੇਂ ਪਰਿਵਾਰਕ ਮੈਂਬਰਾਂ, ਦੋਸਤ-ਮਿੱਤਰਾਂ, ਸਿੱਖ ਭਾਈਚਾਰੇ ਦੇ ਮੋਹਤਬਰ।

## ਪ੍ਰੀਤ ਡਿਡਬਾਲ ਨੇ ਯੂਬਾ ਸਿਟੀ ਤੇ ਭਾਈਚਾਰੇ ਦਾ ਨਾਂ ਕੀਤਾ ਰੌਸ਼ਨ

**ਯੂਬਾ ਸਿਟੀ/ਹੁਸਨ ਲੜੋਆ ਬੰਗਾ:**
ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਅਤੇ ਵਿਸ਼ਵ ਪੱਧਰ 'ਤੇ ਮਹਾਨ ਨਗਰ ਕੀਰਤਨ ਕਰਕੇ ਜਾਣੇ ਜਾਂਦੇ ਯੂਬਾ ਸਿਟੀ ਨੂੰ 5 ਦਸੰਬਰ ਮੰਗਲਵਾਰ ਵਾਲੇ ਦਿਨ ਇਕ ਹੋਰ ਮਾਣ ਮਿਲਿਆ ਜਦੋਂ ਇੱਥੋਂ ਦੀ ਪ੍ਰੀਤ ਡਿਡਬਾਲ ਨੂੰ ਅਮਰੀਕਾ ਦੀ ਪਹਿਲੀ ਸਿੱਖ ਔਰਤ ਮੇਅਰ ਵਜੋਂ ਸਹੁੰ ਚੁਕਾਈ ਗਈ। ਇਸ ਮੌਕੇ ਅਮਰੀਕਨ ਸਥਾਨਕ ਸਰਕਾਰਾਂ ਦੇ ਅਫਸਰ ਅਤੇ ਸਿਟੀ ਕਾਊਂਟੀ ਨਾਲ ਸਬੰਧਤ ਹੋਰਨਾਂ ਅਧਿਕਾਰੀਆਂ ਤੋਂ ਇਲਾਵਾ ਪੁਲਿਸ ਅਫਸਰ ਵੀ ਹਾਜ਼ਰ ਸਨ। ਸਹੁੰ ਚੁੱਕ ਸਮਾਗਮ ਦਾ ਆਗਾਜ਼ ਅਮਰੀਕਨ ਰਾਸ਼ਟਰੀ ਗੀਤ ਨਾਲ ਹੋਇਆ ਅਤੇ ਬਾਅਦ ਵਿਚ ਅਰਦਾਸ ਕੀਤੀ ਗਈ। ਇਸ ਦੌਰਾਨ ਕੌਂਸਲ ਮੈਂਬਰਾਂ ਨੇ ਮੇਅਰ ਲਈ ਸੁਪਰਵਾਈਜ਼ਰ ਅਤੇ ਕੌਂਸਲ ਮੈਂਬਰਾਂ ਨੇ ਮਤੇ ਰਾਹੀਂ ਮੇਅਰ ਦੇ ਨਾਂ ਦੀ ਤਾਈਦ ਕੀਤੀ।

ਸਿੱਖ ਭਾਈਚਾਰੇ ਦੇ ਮੋਹਤਬਰਾਂ, ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਮਿੱਤਰਾਂ ਦੀ ਹਾਜ਼ਰੀ ਵਿਚ ਨਵੀਂ ਬਣੀ ਮੇਅਰ ਪ੍ਰੀਤ ਡਿਡਵਾਲ ਦੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਨੂੰ ਅਮਰੀਕੀ ਮੀਡੀਆ ਨੇ ਸਿੱਖ ਭਾਈਚਾਰੇ ਨੂੰ ਮੇਅਰ ਨਾਲ ਜੋੜ ਕੇ ਸਿੱਖਾਂ ਦੀ ਸ਼ਾਨਦਾਰ ਪ੍ਰਾਪਤੀ ਤੇ ਅਮਰੀਕੀ ਸਮਾਜ 'ਚ ਯੋਗਦਾਨ ਨੂੰ ਵਧੀਆ ਢੰਗ ਨਾਲ ਲਾਈਵ ਪੇਸ਼ ਕੀਤਾ।

ਇਸ ਸਹੁੰ ਚੁੱਕ ਸਮਾਗਮ ਮੌਕੇ ਹਾਜ਼ਰ ਸਖ਼ਸ਼ੀਅਤਾਂ 'ਚ ਸਿੱਖ ਭਾਈਚਾਰੇ ਦੇ ਸਥਾਨਕ ਆਗੂ ਸਰਬਜੀਤ ਸਿੰਘ ਥਿਆੜਾ, ਗੁਰਨਾਮ ਪੰਮਾ, ਗੁਰਮੇਜ ਗਿੱਲ, ਹਰਬੰਸ ਪੰਮਾ, ਜਸਬੀਰ ਸਿੰਘ ਕੰਗ, ਦਿਲਵੀਰ ਸਿੰਘ ਗਿੱਲ, ਚਰਨਜੀਤ ਸਿੰਘ ਬਾਠ, ਅਵਤਾਰ ਸਿੰਘ ਗਿੱਲ, ਸਰਬਜੀਤ ਸਿੰਘ ਸਾਬ੍ਹੀ, ਨਾਹਰ ਹੀਰ, ਸੁਖਵਿੰਦਰ ਸਿੰਘ ਸੈਣੀ, ਤੇਜਿੰਦਰ ਮਾਨ, ਬਲਰਾਜ ਸਿੰਘ ਢਿਲੋਂ, ਕਲੋਟੀਆ, ਸਾਗਰ ਸ਼ੇਰਗਿੱਲ ਅਟਾਰਨੀ ਤੇ ਤਰਲੋਚਨ ਸਿੰਘ ਸ਼ਾਮਲ ਸਨ।

ਵਰਨਣਯੋਗ ਹੈ ਕਿ ਪ੍ਰੀਤ ਡਿਡਵਾਲ ਸੀਨੀਆਰਟੀ ਦੇ ਅਧਾਰ 'ਤੇ ਮੇਅਰ ਨਾਮਜ਼ਦ ਕੀਤੀ ਗਈ ਹੈ। ਪ੍ਰੀਤ ਡਿਡਵਾਲ ਦੇ ਮੇਅਰ ਬਣਨ ਨਾਲ ਜਿਥੇ ਸਥਾਨਕ ਭਾਈਚਾਰਾ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹੈ ਉਥੇ ਹੁਣ ਸਥਾਨਕ ਪੰਜਾਬੀ ਭਾਈਚਾਰੇ ਨੂੰ ਸਥਾਨਕ ਸਰਕਾਰੀ ਦਫ਼ਤਰਾਂ ਵਿਚ ਮਾਣ ਮਿਲਣਾ ਸੁਭਾਵਕ ਹੋ ਗਿਆ ਹੈ।

## ਨਿਤੀਸ਼ ਦੇ ਵਿਰੁਧ ਡਟੇ ਸ਼ਰਦ ਯਾਦਵ ਤੇ ਅਲੀ ਅਨਵਰ ਦੀ ਰਾਜ ਸਭਾ ਦੀ ਮੈਂਬਰੀ ਖੋਹੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਜਨਤਾ ਦਲ (ਯੂ) ਦੇ ਸੰਸਦ ਮੈਂਬਰ ਸ਼ਰਦ ਯਾਦਵ ਤੇ ਅਲੀ ਅਨਵਰ ਨੂੰ ਰਾਜ ਸਭਾ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਹੈ। ਜਨਤਾ ਦਲ (ਯੂ) ਵੱਲੋਂ ਪਾਰਟੀ ਦੇ ਜਨਰਲ ਸਕੱਤਰ ਆਰ.ਸੀ.ਪੀ. ਸਿੰਘ ਨੇ ਰਾਜ ਸਭਾ ਦੇ ਸਭਾਪਤੀ ਨੂੰ ਭੇਜੇ ਪੱਤਰ ਵਿੱਚ ਕਿਹਾ ਸੀ ਕਿ ਦੋਹਾਂ ਨੇਤਾਵਾਂ ਨੇ ਪਾਰਟੀ ਦਾ ਅਨੁਸ਼ਾਸਨ ਭੰਗ ਕੀਤਾ ਹੈ ਜਿਸ ਕਰਕੇ ਇਨ੍ਹਾਂ ਨੂੰ ਰਾਜ ਸਭਾ ਤੋਂ ਅਯੋਗ ਕਰਾਰ ਦਿੱਤਾ ਜਾਵੇ। ਰਾਜ ਸਭਾ ਵੱਲੋਂ ਜਾਰੀ ਪ੍ਰੈਸ ਰਿਲੀਜ਼ ਅਨੁਸਾਰ ਤਤਕਾਲ ਪ੍ਰਭਾਵ ਤੋਂ ਦੋਵੇਂ ਨੇਤਾਵਾਂ ਦੀ ਰਾਜ ਸਭਾ ਮੈਂਬਰਸ਼ਿਪ ਸਮਾਪਤ ਕੀਤੀ ਜਾਂਦੀ ਹੈ।





**B Sons Travel & Tax Services, Inc.**

* All Airlines * International And Domestic
* Wholesale Fares Around the World

We Will Beat or Match any Fare!



*Office Hours*
*Mon-Fri*
*9am-6pm*
*Saturday*
*9am-5pm*

CST. REG #2092042-40

We Also Have Special Vacation Packages

President : Avtar Singh

*Contact any time from anywhere*

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

LAW OFFICE OF
**PARDEEP S. GREWAL**
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

**510.889.1999**
email : info@pardeeplaw.com
20980 REDWOOD ROAD, SUITE 240 • CASTRO VALLEY CA 94546

## ਬਲਬੀਰ ਸਿੰਘ ਸੰਧੂ ਦਾ ਅਕਾਲ ਚਲਾਣਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿੱਖ ਭਾਈਚਾਰੇ ਦੇ ਜਾਣੇ ਪਛਾਣੇ ਤੇ ਪਾਕਿਸਤਾਨ ਦੇ ਪਿੰਡ ਭਡਾਨਾ ਵਿਚ ਜਨਮੇ ਬਲਬੀਰ ਸਿੰਘ ਸੰਧੂ (80) ਜੋ ਵੰਡ ਤੋਂ ਬਾਅਦ ਕਪੂਰਥਲਾ ਦੇ ਢਿਲਵਾਂ ਨੇੜੇ ਪਿੰਡ ਚਕੋਕੇ 'ਚ ਆ ਵਸੇ ਸਨ । ਉਨ੍ਹਾਂ ਦਾ ਸਿਆਟਲ ਵਿਚ ਦਿਹਾਂਤ ਹੋ ਗਿਆ,



ਜਿਨ੍ਹਾਂ ਦਾ ਸਸਕਾਰ 3 ਦਸੰਬਰ ਨੂੰ ਬਾਅਦ ਦੁਪਹਿਰ ਕੈਂਟ ਵਿਖੇ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਕੀਤੀ ਗਈ । ਬਲਬੀਰ ਸਿੰਘ ਸੰਧੂ ਆਪਣੇ ਪਿੱਛੇ ਤਿੰਨ ਲੜਕੇ ਜਤਿੰਦਰ ਸਿੰਘ, ਜਸਵਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਅਤੇ ਇਕ ਲੜਕੀ ਗੁਰਮੀਤ ਕੌਰ ਅਤੇ ਪਤਨੀ ਛੱਡ ਗਏ ਹਨ । ਬਾਬਾ ਬੁੱਢਾ ਐਸੋਸੀਏਸ਼ਨ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਬਲਬੀਰ ਸਿੰਘ ਸੰਧੂ ਬਹੁਤ ਮਿਹਨਤੀ, ਮਿਲਣਸਾਰ ਤੇ ਸਿਆਟਲ ਦੀ ਜਾਣੀ-ਪਛਾਣੀ ਸ਼ਖ਼ਸੀਅਤ ਸਨ ਜਿਨ੍ਹਾਂ ਦਾ ਪੰਜਾਬੀ ਭਾਈਚਾਰੇ ਵਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਹੈ ।

## ਮਾਤਾ ਭੁਪਿੰਦਰ ਕੌਰ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆ/ਨੀਟਾ ਮਾਛੀਕੇ):** ਬੀਤੇਂ ਦਨੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਫਰਿਜ਼ਨੋ ਨਿਵਾਸੀ ਮਾਤਾ ਭੁਪਿੰਦਰ ਕੌਰ (ਪਤਨੀ ਸ. ਬਰਜਿੰਦਰ ਸਿੰਘ) 28 ਨਵੰਬਰ 2017 ਨੂੰ ਅਕਾਲ ਚਲਾਣਾ



ਕਰ ਗਏ ਸਨ। ਉਹ ਕਰੱਦਰਜ਼ ਵਸਨੀਕ ਸ. ਪਰਦਮਨ ਸਿੰਘ ਦੇ ਭੈਣ ਅਤੇ ਸ. ਬਲਜਿੰਦਰ ਸਿੰਘ ਗਰੇਵਾਲ ਦੇ ਭੂਆ ਜੀ ਸਨ। 80 ਸਾਲਾ ਉਮਰ ਦੇ ਮਾਤਾ ਭੁਪਿੰਦਰ ਕੌਰ ਪਿਛਲੇ 15 ਸਾਲ ਤੋਂ ਅਮਰੀਕਾ ਰਹਿ ਰਹੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਸਦੋਵਾਲ,ਿ ਜਲ੍ਹਾਂ ਬਰਨਾਲਾ ਸੀ। ਮਾਤਾ ਭੁਪਿੰਦਰ ਕੌਰ ਦਾ ਅੰਤਮ ਸੰਸਕਾਰ 9 ਦਸੰਬਰ, 2017 ਨੂੰ ਸ਼ਾਂਤ ਭਵਨ ਫਿਊਨਰਲ ਹੋਮ' ਫਰਿਜ਼ਨੋ ਵਿਖੇ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਹੋਵੇਗਾ। ਇਸ ਉਪਰੰਤ ਅੰਤਮ ਅਰਦਾਸ ਅਤੇ ਸਰਧਾਜ਼ਲੀਆਂ ਦੀ ਰਸਮ ਗੁਰਦੁਆਰਾ ਨਾਨਕਸਰ ਚੈਰੀ ਐਵਨਿਉ ਫਰਿਜ਼ਨੋ ਵਿਖੇ ਬਾਅਦ ਦੁਪਹਿਰ 1:30 ਤੋਂ 3:00 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਕੁਲਦੀਪ ਸਿੰਘ ਗਿੱਲ (559) 916-2781 ਜਾਂ ਸਤਪਿੰਦਰ ਸਿੰਘ ਗਿੱਲ (661) 377-6688 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੇ ਅਤੇ ਹੋਰ ਸਬੰਧਤ ਮੁਕੱਦਮਿਆਂ ਦੇ ਸਬੰਧ ਵਿਚ ਵਕੀਲ ਜਸਪਾਲ ਸਿੰਘ ਮੰਝਪੁਰ ਨਾਲ ਵਿਸ਼ੇਸ਼ ਗੱਲਬਾਤ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** 18 ਅਕਤੂਬਰ ਨੂੰ ਯੂ.ਕੇ. ਦੇ ਨਾਗਰਕਿ ਜਗਤਾਰ ਸਿੰਘ ਜੱਗੀ ਦਾ ਪੰਜਾਬ ਵਿਚ ਅਨੰਦ ਕਾਰਜ ਹੁੰਦਾ ਹੈ ਅਤੇ 4 ਨਵੰਬਰ ਨੂੰ ਪੰਜਾਬ ਪੁਲਿਸ ਉਸਨੂੰ ਜਲੰਧਰ ਦੇ ਰਾਮਾ ਮੰਡੀ ਇਲਾਕੇ 'ਚੋਂ ਉਸ ਵੇਲੇ ਚੁੱਕ ਕੇ ਲੈ ਜਾਂਦੀ ਹੈ ਜਦੋਂ ਉਹ ਆਪਣੀ ਪਤਨੀ ਅਤੇ ਭੈਣ ਨਾਲ ਖਰੀਦਦਾਰੀ ਕਰਨ ਲਈ ਘਰੋਂ ਨਿਕਲਿਆ ਸੀ। ਜਗਤਾਰ ਸਿੰਘ ਜੱਗੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਇਕ ਹੋਰ ਸ਼ਖਸ ਤਲਜੀਤ ਸਿੰਘ ਉਰਫ ਜਿੰਮੀ ਸਿੰਘ ਪੰਜਾਬ ਪੁਲਿਸ ਵਲੋਂ 31 ਅਕਤੂਬਰ ਨੂੰ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਜਾਂਦਾ ਹੈ। ਜਗਤਾਰ ਸਿੰਘ ਜੱਗੀ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਧਰਮਿੰਦਰ ਸਿੰਘ ਗੁਗਨੀ ਅਤੇ ਹਰਮਿੰਦਰ ਸਿੰਘ ਮਿੰਟੂ ਨੂੰ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਾਰੰਟਾਂ ਲਿਆਉਂਦੀ ਹੈ। ਅਤੇ ਇਸਤੋਂ ਬਾਅਦ ਦੋ



ਹੋਰ ਨੌਜਵਾਨਾਂ ਦੀ ਗ੍ਰਿਫਤਾਰੀ ਹੁੰਦੀ ਹੈ, ਜਿਨ੍ਹਾਂ ਦੇ ਨਾਮ ਰਮਨਦੀਪ ਸਿੰਘ ਪਿੰਡ ਚੂਹੜਵਾਲ, ਜ਼ਿਲ੍ਹਾ ਲੁਧਿਆਣਾ ਅਤੇ ਹਰਦੀਪ ਸਿੰਘ ਸ਼ੇਰਾ, ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਹਨ।

ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਪੁਲਿਸ ਦੇ ਮੁਖੀ ਵਲੋਂ ਇਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਜਾਂਦੀ ਹੈ ਅਤੇ ਐਲਾਨ ਕੀਤਾ ਜਾਂਦਾ ਹੈ ਕਿ ਆਰ.ਐਸ.ਐਸ. ਆਗੂ ਜਗਦੀਸ਼ ਗਗਨੇਜਾ ਅਤੇ ਰਵਿੰਦਰ ਗੋਸਾਈਂ ਦੇ ਕਤਲਾਂ ਦੀ ਗੁੱਥੀ ਨੂੰ ਸੁਲਝਾ ਲਿਆ ਗਿਆ ਹੈ।

ਸਿੱਖ ਸਿਆਸਤ ਨਿਊਜ਼ ਦੇ ਸੰਪਾਦਕ ਪਰਮਜੀਤ ਸਿੰਘ ਨੇ ਜਗਤਾਰ ਸਿੰਘ ਜੱਗੀ ਅਤੇ ਹੋਰ ਮਾਮਲਿਆਂ 'ਚ ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨਾਲ ਗੱਲਬਾਤ ਕੀਤੀ। ਇਨ੍ਹਾਂ ਮਾਮਲਿਆਂ 'ਚ ਗ੍ਰਿਫਤਾਰੀ ਅਤੇ ਹਿਰਾਸਤ 'ਚ ਪੰਜਾਬ ਪੁਲਿਸ ਵਲੋਂ ਤਸੀਹੇ ਦੇਣ ਦੇ ਦੋਸ਼ ਅਤੇ ਹੋਰਨਾਂ ਸਬੰਧਤ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਹੋਈ। ਇਹ ਗੱਲਬਾਤ 23 ਨਵੰਬਰ, 2017 ਨੂੰ ਰਿਕਾਰਡ ਕੀਤੀ ਗਈ ਅਤੇ 25 ਨਵੰਬਰ ਨੂੰ ਅਕਾਲ ਚੈਨਲ ਯੂ.ਕੇ. 'ਤੇ ਪ੍ਰਸਾਰਿਤ ਕੀਤੀ ਗਈ ਸੀ। ਇਸ ਗੱਲਬਾਤ ਦੀ ਵੀਡੀਓ ਰਿਕਾਰਡਿੰਗ ਸਿੱਖ ਸਿਆਸਤ ਨਿਊਜ਼ 'ਤੇ ਇਹ 26 ਨਵੰਬਰ ਨੂੰ ਜਾਰੀ ਕੀਤੀ ਗਈ। ਇਸ ਗੱਲਬਾਤ ਦੀ ਵੀਡੀਓ ਵੇਖਣ ਲਈ ਲਿੰਕ : **https://www.youtube.com/watch?v=4Z_WK0ToJCs**

# ਅਮੈਰਿਕਨ ਸਿੱਖ ਕਾਕਸ ਦੇ ਚੇਅਰਮੈਨ ਜੌਨ੍ਹ ਗਾਰਮੈਂਡੀ ਨੇ ਜੱਗੀ ਜੌਹਲ ਦਾ ਮਾਮਲਾ ਅਮਰੀਕੀ ਵਿਦੇਸ਼ ਕੋਲ ਉਠਾਇਆ

**ਵਸਿੰਗਟਨ/ਬਿਊਰੋ ਨਿਊਜ਼** , ਅਮੈਰਿਕਨ ਸਿੱਖ ਕੰਗਰਸ਼ਨਲ ਕਾਕਸ ਦੇ ਚੇਅਰਮੈਨ, ਕੰਗਰਸਮੈਨ ਜੌਨ੍ਹ ਗਾਰਮੈਂਡੀ ਨੇ ਜਗਤਾਰ ਸਿੰਘ ਜੌਹਲ ਉਰਫ ਜੱਗੀ ਜੌਹਲ ਦੇ ਮਾਮਲੇ ਨੂੰ ਅਮਰੀਕੀ ਵਿਦੇਸ਼ ਵਿਭਾਗ ਕੋਲ ਚੁੱਕਿਆ ਅਤੇ ਇਸ ਸਬੰਧੀ ਵਿਦੇਸ਼ ਵਿਭਾਗ ਨੂੰ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਲਈ ਕਿਹਾ। ਕੰਗਰਸਮੈਨ ਦੀ ਹੋਈ ਵਿਦੇਸ਼ ਵਿਭਾਗ ਨਾਲ ਗੱਲਬਾਤ ਬਾਰੇ ਗਾਰਮੈਂਡੀ ਦੇ ਦਫ਼ਤਰ ਨੇ ਹਰਪ੍ਰੀਤ ਸਿੰਘ ਸੰਧੂ, ਫ਼ਰੈਂਡਸ ਆਫ਼ ਅਮਰੀਕਨ ਸਿੱਖ ਕੰਗਰੇਸ਼ਨਲ ਕਾਕਸ ਦੇ ਬੁਲਾਰੇ ਨੂੰ ਦੱਸਿਆ।

ਜੌਨ੍ਹ ਗਾਰਮੈਂਡੀ ਪਿਛਲੇ ਕਈ ਵਰ੍ਹਿਆ ਤੋਂ ਸਿੱਖ ਮਸਲਿਆਂ ਨੂੰ ਕੌਮੰਤਰੀ ਪੱਧਰ 'ਤੇ ਚੁੱਕਦੇ ਰਹੇ ਹਨ ਅਤੇ ਉਨ੍ਹਾਂ ਦੇ ਹੱਲ ਲਈ ਵੀ ਕੋਸ਼ਿਸ਼ ਕਰਦੇ ਰਹੇ ਹਨ। ਹਰਪ੍ਰੀਤ ਸਿੰਘ ਦੇ ਦਸਣ ਅਨੁਸਾਰ ਜੌਨ੍ਹ ਗਰਮੈਂਡੀ ਨੇ ਆਪਣੀ ਗੱਲਬਾਤ 'ਚ ਜੱਗੀ 'ਤੇ ਹੋ ਰਹੇ ਪੁਲਿਸ ਤਸ਼ੱਦਦ ਅਤੇ ਮਨੁੱਖੀ ਅਧਿਕਾਰਂ ਦੀ ਹੋ ਰਹੀ ਉਲੰਘਣਾ ਬਾਰੇ ਸਟੇਟ ਵਿਭਾਗ ਨੂੰ ਜਾਣਕਾਰੀ ਦਿੱਤੀ।

ਜ਼ਿਕਰਯੋਗ ਹੈ ਕਿ ਫ਼ਰੈਂਡਸ ਆਫ਼ ਕਾਕਸ ਦੇ ਮੈਂਬਰ ਪਿਛਲੇ ਕੁਝ ਸਮੇਂ ਤੋਂ ਫ਼ਰੈਨਡਜ਼ ਆਫ਼ ਅਮਰੀਕਨ ਸਿੱਖ ਕੰਗਰਸ਼ਨਲ ਕਾਕਸ ਦੇ ਮੈਂਬਰ ਮੁਲਾਕਾਤ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਜਗਤਾਰ ਸਿੰਘ ਜੱਗੀ ਬਾਰੇ ਪੂਰੀ ਜਾਣਕਾਰੀ ਦੇ ਰਹੇ ਹਨ।

ਪੰਜਾਬ 'ਚ ਹਿੰਦੂ ਨੇਤਾਵਾਂ ਦੀਆਂ ਹੱਤਿਆਵਾਂ 'ਚ ਸ਼ਾਮਿਲ ਤੇ ਗ੍ਰਿਫ਼ਤਾਰ ਕੀਤੇ ਗਏ ਬਰਤਾਨੀ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਪੁਲਿਸ ਨੇ 4 ਨਵੰਬਰ ਮੋਗਾ ਤੋਂ ਗ੍ਰਿਫ਼ਤਾਰ ਕੀਤਾ ਸੀ ਅਤੇ ਜੌਹਲ ਅਜੇ ਵੀ ਪੁਲਿਸ ਰਿਮੰਡ 'ਚ ਗ੍ਰਿਫ਼ਤਾਰ ਹਨ। ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਇਕੱਲਿਆਂ ਕਿਸੇ ਨੂੰ ਵੀ ਨਹੀਂ ਮਿਲਣ ਦਿੱਤਾ ਜਾ ਰਿਹਾ ਅਤੇ ਨਾ ਹੀ ਉਨ੍ਹਾਂ 'ਤੇ ਕੋਈ ਚਾਰਜਿਜ਼ ਫ਼ਿਕਸ ਕੀਤੇ ਗਏ ਹਨ।

ਸ: ਸੰਧੂ ਨੇ ਦੱਸਿਆ ਕਿ ਉਨ੍ਹਾਂ ਦੀ ਮੰਗ ਹੈ ਕਿ ਜੱਗੀ ਨਾਲ ਮਿਲਣ ਲਈ ਬਰਤਾਨੀ ਦੂਤਾਵਾਸ ਦੇ ਅਧਿਕਾਰੀਆਂ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਇਕੱਲਿਆਂ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ। ਜੱਗੀ ਮਾਮਲੇ ਨੂੰ ਲੈ ਕੇ ਭਾਰਤ ਸਰਕਾਰ ਨੂੰ ਪਾਰਦਰਸ਼ਿਤਾ ਲਿਆਉਣ ਦੀ ਮੰਗ ਕਰਨਗੇ ਅਤੇਜਗਤਾਰ ਸਿੰਘ ਜੌਹਲ ਨੂੰ ਸਿਹਤ-ਸੁਵਿਧਾਵਾਂ ਦਿੱਤੀਆਂ ਜਾਣ, ਕੌਂਸਲਰ ਨੂੰ ਮਿਲਣ ਦੀ ਇਜਾਜਤ ਦਿੱਤੀ ਜਾਵੇ ਅਤੇ ਉਸ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਦੀ ਆਗਿਆ ਦਿੱਤੀ ਜਾਵੇ।









# ਦਲ ਖਾਲਸਾ ਪ੍ਰਧਾਨ ਹਰਪਾਲ ਸਿੰਘ ਚੀਮਾ ਦਾ ਪਾਸਪੋਰਟ ਜ਼ਬਤ

### ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਕਰੜਾ ਵਿਰੋਧ

**ਅੰਮ੍ਰਿਤਸਰ/ਬਿਊਰੋ ਨਿਊਜ਼:** ਭਾਰਤ ਸਰਕਾਰ ਦੇ ਹੁਕਮਾਂ ਉੱਤੇ ਇੰਮੀਗਰੇਅਧਿਕਾਰੀਆਂ ਨੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੂੰ ਦਿੱਲੀ ਹਵਾਈ ਅੱਡੇ 'ਤੇ ਰੋਕ ਕੇ ਉਹਨਾਂ ਦਾ ਪਾਸਪੋਰਟ ਜਬਤ ਕਰਨ ਲੈਣ ਦੀ ਸਿੱਖ ਜਥੇਬੰਦੀਆਂ ਤੇ ਮਨੁੱਖੀ ਅਧਿਕਾਰਾਂ ਦੀਆਂ ਮੁੱਦਈ ਸੰਸਥਾਂਵਾਂ ਵਲੋਂ ਮੋਦੀ ਸਰਕਾਰ ਦੀ ਤਾਨਾਸ਼ਾਹੀ ਵਾਲੀ ਕਾਰਵਾਈ ਦਾ ਭਰਵਾਂ ਵਿਰੋਧ ਤੇ ਕਰੜੀ ਨਿਖੇਧੀ ਕੀਤੀ ਜਾ ਰਹੀ ਹੈ। ਵਰਨਣਯੋਗ ਹੈ ਕਿ ਸਿੱਖ ਸ਼ੰਘਰਸ਼ 'ਚ ਸਰਗਰਮ ਭੂਮਿਕਾ ਨਿਭਾਉਂਦੇ ਆ ਰਹੇ ਸ. ਹਰਪਾਲ ਸਿੰਘ ਚੀਮਾ ਯੂ.ਐਨ.ਓ ਵਲੋਂ 29 ਤੇ 30 ਨਵੰਬਰ ਨੂੰ ਥਾਈਲੈਂਡ ਵਿਖੇ ਸਾਊਥ ਏਸ਼ੀਆ ਵਿੱਚ ਨਸਲਕੁਸ਼ੀ ਦੀ ਰੋਕਥਾਮ ਵਿੱਚ ਧਾਰਮਿਕ ਆਗੂਆਂ ਦਾ ਰੋਲ ਵਿਸ਼ੇ 'ਤੇ ਕਰਵਾਏ ਗਏ ਸਮਾਗਮ ਵਿੱਚ ਹਿੱਸਾ ਲੈ ਕੇ ਪਰਤ ਰਹੇ ਸਨ। ਇਹ ਸਮਾਗਮ ਸੰਯੁਕਤ ਰਾਸ਼ਟਰ ਵਲੋਂ ਕਰਵਾਇਆ ਗਿਆ ਸੀ ਜਿਸ ਵਿੱਚ ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਸ਼੍ਰੀਲੰਕਾ ਅਤੇ ਭਾਰਤ ਤੋਂ ਮਾਹਿਰਾਂ ਨੂੰ ਵਿਚਾਰ-ਵਟਾਂਦਰੇ ਲਈ ਸੱਦਿਆ ਗਿਆ ਸੀ। ਇਸ ਵਿੱਚ ਸੰਯੁਕਤ ਰਾਸ਼ਟਰ ਦੇ ਉੱਚ ਅਧਿਕਾਰੀ ਯੂ.ਕੇ. ਅਤੇ ਯੂਰਪ ਤੋਂ ਉਚੇਚੇ ਤੌਰ 'ਤੇ ਹਿੱਸਾ ਲੈਣ ਪੁਹੰਚੇ ਸਨ। ਦਲ ਖਾਲਸਾ ਨੇ ਭਾਰਤ ਸਰਕਾਰ ਦੇ ਇਸ ਕਦਮ ਨੂੰ ਮੰਦਭਾਗਾ ਦੱਸਦਿਆਂ ਕਿਹਾ ਹੈ ਕਿ ਇਹ ਮਨੁੱਖੀ ਆਜ਼ਾਦੀ ਅਤੇ ਬੁਨਿਆਦੀ ਹੱਕਾਂ 'ਤੇ ਡਾਕਾ ਹੈ ਅਤੇ ਉਹਨਾਂ ਦੇ ਆਗੂ ਦੀ ਆਵਾਜ਼ ਨੂੰ ਦਬਾਉਣ ਦੀ ਚਾਲ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਪਹਿਲੀ ਦਸੰਬਰ ਨੂੰ ਜਦੋਂ ਦੁਪਹਿਰ 1:00 ਵਜੇ ਦੇ ਕਰੀਬ ਹਰਪਾਲ ਸਿੰਘ ਚੀਮਾ ਦਿੱਲੀ ਕੌਮਾਂਤਰੀ ਹਵਾਈ ਅੱਡੇ 'ਤੇ ਉਤਰੇ ਤਾਂ ਇਮੀਗਰੇਸ਼ਨ ਅਧਿਕਾਰੀਆਂ ਨੇ ਉਹਨਾਂ ਨੂੰ ਰੋਕ ਲਿਆ ਅਤੇ ਭਾਰਤ ਸਰਕਾਰ ਵਲੋਂ ਉਹਨਾਂ ਦਾ ਪਾਸਪੋਰਟ ਜ਼ਬਤ ਕਰਨ ਬਾਰੇ ਮਿਲੇ ਹੁਕਮਾਂ ਸਬੰਧੀ ਉਹਨਾਂ ਨੂੰ ਜਾਣਕਾਰੀ ਦਿੱਤੀ। ਹਰਪਾਲ ਸਿੰਘ ਚੀਮਾ ਨੇ ਪਾਸਪੋਰਟ ਜ਼ਬਤ ਕਰਨ ਦੇ ਕਾਰਨਾਂ ਬਾਰੇ ਜਦ ਪੁੱਛਿਆ ਤਾਂ ਅਧਿਕਾਰੀਆਂ ਨੇ ਉਹਨਾਂ ਨੂੰ ਪਾਸਪੋਰਟ ਦਫਤਰ ਨਾਲ ਇਸ ਸਬੰਧੀ ਸੰਪਰਕ ਕਰਨ ਲਈ ਕਿਹਾ ਹੈ। ਉਹਨਾਂ ਕਿਹਾ ਕਿ ਅਧਿਕਾਰੀਆਂ ਨੇ ਪਾਸਪੋਰਟ ਆਪਣੇ ਕੋਲ ਰੱਖ ਲਿਆ ਹੈ ਅਤੇ ਪਾਰਟੀ ਪ੍ਰਧਾਨ ਨੂੰ 2 ਘੰਟੇ ਬਿਠਾਉਣ ਤੋਂ ਬਾਅਦ ਜਾਣ ਦਿੱਤਾ।



ਸਾਊਥ ਏਸ਼ੀਆ ਵਿੱਚ ਨਸਲਕੁਸ਼ੀ ਦੀ ਰੋਕਥਾਮ ਵਿੱਚ ਧਾਰਮਿਕ ਆਗੂਆਂ ਦਾ ਰੋਲ ਵਿਸ਼ੇ 'ਤੇ ਕਰਵਾਏ ਗਏ ਸਮਾਗਮ ਵਿੱਚ ਹਿੱਸਾ ਲੈਣ ਪਹੁੰਚੇ ਆਗੂ।

### ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਖ਼ਤ ਨਿਖੇਧੀ

**ਲੰਡਨ/ਬਿਊਰੋ ਨਿਊਜ਼:** ਯੂਨਾਈਟਿਡ ਖਾਲਸਾ ਦਲ ਯੂ ਕੇ ਨੇ ਸੰਯੁਕਤ ਰਾਸ਼ਟਰ ਦੇ ਸੱਦੇ ਤੇ ਥਾਈ ਵਿਖੇ ਸਾਊਥ ਏਸ਼ੀਆ ਵਿੱਚ ਨਸਲਕੁਸ਼ੀ ਦੀ ਰੋਕਥਾਮ ਵਿੱਚ ਧਾਰਮਿਕ ਆਗੂਆਂ ਦੇ ਰੋਲ ਬਾਰੇ ਹੋਏ ਸਮਾਗਮ ਤੋਂ ਵਾਪਸ ਆਉਂਦੇ ਸਮੇਂ ਦਲ ਖਾਲਸਾ ਦੇ ਮੁਖੀ ਭਾਈ ਹਰਪਾਲ ਸਿੰਘ ਚੀਮਾ ਦਾ ਨਵੀਂ ਦਿੱਲੀ ਹਵਾਈ ਅੱਡੇ ਉੱਤੇ ਪਾਸਪੋਰਟ ਜਬਤ ਨੇ ਇੱਥੇ ਜਾਰੀ ਇੱਕ ਸਾਂਝੈ ਲਿਖਤੀ ਪ੍ਰੈਸ ਰਾਹੀਂ ਕਿਹਾ ਕਿ ਇਹ ਕਾਰਵਾਈ ਸਿੱਖਾਂ ਸਮੇਤ ਸਮੂਹ ਘੱਟ ਗਿਣਤੀ ਦੀਆਂ ਕੌਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਂਣ ਦਾ ਹਿੰਦੂਤਵੀ ਸ਼ਕਤੀਆਂ ਦੀ ਸੌੜੀ ਸਿਆਸਤ ਤੇ ਲੰਮੀ ਸਾਜ਼ਿਸ ਦਾ ਸਪੱਸ਼ਟ ਸੰਕੇਤ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਭਾਰਤ ਸਰਕਾਰ ਦੇ ਇਸ ਪੱਖਪਾਤੀ ਤੇ ਫਿਰਕਾਪ੍ਰਸਤੀ ਦੀ ਭਾਵਨਾ ਨਾਲ ਲਬਰੇਜ਼ ਧੱਕੜ ਵਤੀਰੇ ਦੀ ਵਲੋਂ ਸਖਤ

ਬਾਕੀ ਸਫ਼ਾ 32 'ਤੇ

# ਦਲ ਖਾਲਸਾ ਵਲੋਂ ਮਨੁੱਖੀ ਅਧਿਕਾਰਾਂ ਦੇ ਘਾਣ, ਜਬਰੀ ਲਾਪਤਾ ਕਰਨ, ਕਾਲੇ ਕਾਨੂੰਨ ਅਤੇ ਪੁਲੀਸ ਤਸ਼ੱਦਦ ਵਿਰੁੱਧ ਗੁਰਦਾਸਪੁਰ ਵਿਖੇ ਮਾਰਚ ਅਤੇ ਇੱਕਤਰਤਾ 10 ਦਸੰਬਰ ਨੂੰ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਨੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਮੌਕੇ ਪੰਜਾਬ ਅੰਦਰ ਲਗਾਤਾਰ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਪਿਛਲ਼ੇ ਸਮੇ ਅੰਦਰ ਹੋਏ ਫਰਜ਼ੀ ਮੁਕਾਬਲੇ, ਜਬਰੀ ਲਾਪਤਾ ਕਰਨ, ਕਾਲੇ ਕਾਨੂੰਨ ਅਤੇ ਹਿਰਾਸਤ ਵਿੱਚ ਤਸ਼ੱਦਦ ਵਿਰੁੱਧ ਗੁਰਦਾਸਪੁਰ ਵਿਖੇ 10 ਦਸੰਬਰ ਨੂੰ ਮਾਰਚ ਅਤੇ ਇੱਕਤਰਤਾ ਸੱਦਣ ਦਾ ਫੈਲਸਾ ਲਿਆ ਹੈ।

ਪਾਰਟੀ ਦੇ ਨੌਜਵਾਨ ਆਗੂ ਅਤੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੇ ਰੋਸ ਅਤੇ ਰੋਹ ਵਜੋਂ, ਮਰ ਰਹੀ ਇਨਸਾਫ ਦੀ ਉਮੀਦ ਅਤੇ ਸੰਘਰਸ਼ ਦੀ ਲੋਅ ਨੂੰ ਜੱਗਦਾ ਰੱਖਣ ਲਈ ਦਲ ਖਾਲਸਾ ਵਲੋਂ ਇਹ ਇਕੱਤਰਤਾ ਸੱਦੀ ਗਈ ਹੈ। ਉਹਨਾਂ ਦਸਿਆ ਕਿ ਇਸ ਤੋਂ ਪਹਿਲਾਂ ਸ਼ਹਿਰ ਅੰਦਰ ਮਾਰਚ ਕੀਤਾ ਜਾਵੇਗਾ ਜੋ ਗੁਰਦੁਆਰਾ ਰਾਮਗੜ੍ਹੀਆ ਸਭਾ ਤੋਂ ਆਰੰਭ ਹੋ ਕੇ ਜਹਾਜ਼ ਚੌਂਕ ਵਿਖੇ ਸਮਾਪਤ ਹੋਵੇਗਾ ਜਿਸ ਵਿੱਚ ਜਥੇਬੰਦੀ ਦੇ ਕਾਰਕੁੰਨਾਂ ਤੋਂ ਇਲਾਵਾ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਮੈਂਬਰ ਅਤੇ ਪੀੜਤਾਂ ਦੇ ਪਰਿਵਾਰਿਕ ਮੈਂਬਰ ਸ਼ਾਮਿਲ ਹੋਣਗੇ। ਪਰਮਜੀਤ ਸਿੰਘ ਨੇ ਦੱਸਿਆ ਕਿ 1984 ਤੋਂ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦਾ ਘਾਣ ਵੱਡੀ ਪੱਧਰ 'ਤੇ ਕੀਤਾ ਗਿਆ ਜੋ ਅੱਜ ਵੀ ਰੁੱਕ-ਰੁੱਕ ਕੇ ਜਾਰੀ ਹੈ। ਉਹਨਾਂ ਕਿਹਾ ਕਿ ਬੇਲਗਾਮ ਅਤੇ ਅੰਨ੍ਹੀ ਤਾਕਤਾਂ ਨਾਲ ਲੈਸ 'ਸੁਰੱਖਿਆ ਫੋਰਸਾਂ' ਅਤੇ ਪੁਲਿਸ ਨੇ ਗੈਰ-ਕਾਨੂੰਨੀ ਢੰਗ ਵਰਤਕੇ ਲੋਕਾਂ ਦੇ ਮਨੁੱਖੀ ਅਧਿਕਾਰ ਕੁਚਲੇ ਹਨ ਅਤੇ ਅਫਸੋਸ ਕਿ ਕਾਨੂੰਨ ਉਹਨਾਂ ਨੂੰ ਆਪਣੀ ਗ੍ਰਿਫਤ ਵਿੱਚ ਲੈਣ ਵਿੱਚ ਅਸਫਲ ਰਿਹਾ ਹੈ ਜਿਸ ਦਾ ਕਾਰਨ ਸੱਤਾਧਾਰੀ ਲੋਕਾਂ ਦੀ ਬੇਈਮਾਨੀ ਅਤੇ ਇਹਨਾਂ ਗੁਨਾਹਾਂ ਵਿੱਚ ਸ਼ਮੂਲੀਅਤ ਹੈ। ਉਹਨਾਂ ਕਿਹਾ ਕਿ ਇਨਸਾਫ ਦੀ ਉਮੀਦ ਦੂਰ-ਦੂਰ ਤੱਕ ਦਿਖਾਈ ਨਹੀਂ ਦੇ ਰਹੀ ਅਤੇ ਜ਼ਬਰੀ ਲਾਪਤਾ ਕੀਤੇ ਗਏ ਨੌਜਵਾਨਾਂ ਦੇ ਬੁਢੇ ਮਾਂ-ਬਾਪ ਅੱਜ ਵੀ ਆਪਣੇ ਬੱਚਿਆਂ ਦੀ ਉਡੀਕ ਦੀ ਪੀੜਾ ਵਿੱਚ ਜੀਅ ਰਹੇ ਹਨ। ਉਹਨਾਂ ਅਫਸੋਸ ਜਿਤਾਉਂਦਿਆਂ ਕਿਹਾ ਕਿ ਕਾਨੂੰਨ ਦੇ ਰਖਵਾਲੇ ਕਹਾਉਣ ਵਾਲਿਆਂ ਨੇ ਹੀ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਪਾਰਟੀ ਬੁਲਾਰੇ ਕੰਵਰਪਾਲ ਸਿੰਘ ਨੇ ਅੰਤਰਰਾਸ਼ਟਰੀ ਟ੍ਰਿਬਿਊਨਲ ਵਲੋਂ ਬੋਸਨੀਆ ਦੇ ਬੁੱਚੜ ਨੂੰ ਨਸਲਕੁਸ਼ੀ ਲਈ ਦੋਸ਼ੀ ਠਹਿਰਾਉਣ ਦਾ ਸਵਾਗਤ ਕਰਦਿਆਂ ਸੰਯੁਕਤ ਰਾਸ਼ਟਰ ਨੂੰ ਸਵਾਲ ਕੀਤਾ ਕਿ 'ਸਿੱਖਾਂ ਦੇ ਬੁਚੜ' ਕਦੋਂ ਦੁਨੀਆਂ ਦੇ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹੇ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਉਹਨਾਂ ਦੇ ਯੂਰਪ ਯੂਨਿਟ ਵਲੋਂ ਇਸ ਸਬੰਧੀ ਯੂ.ਐਨ.ਓ ਨੂੰ ਇੱਕ ਦਰਖਾਸਤ ਵੀ ਦਿੱਤੀ ਜਾਵੇਗੀ। ਰਾਜਨੀਤਿਕ ਕਤਲਾਂ ਦੇ ਦੋਸ਼ ਹੇਠ ਪੁਲਿਸ ਵਲੋਂ ਕੀਤੀਆਂ ਗਈਆ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਸਬੰਧੀ ਪੱਤਰਕਾਰਾਂ ਵਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਜਦ ਤੱਕ ਪੰਜਾਬ ਦੇ ਹੱਕਾਂ ਲਈ ਰਾਜਨੀਤਿਕ ਹੱਲ ਨਹੀਂ ਕੱਢਿਆ ਜਾਂਦਾ ਤੱਦ ਤੱਕ ਇਹ ਸਿਲਸਿਲਾ ਰੁੱਕਣ ਵਾਲਾ ਨਹੀਂ ਹੈ। ਉਹਨਾਂ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਅੰਨ੍ਹੀ ਦੇਸ਼-ਭਗਤੀ ਦਿਖਾਉਣ ਜਾਂ ਹੋਰ ਸਖਤ ਕਾਨੂੰਨ ਲਿਆਉਣ ਦੀ ਹੋੜ ਵਿੱਚ ਪੈਣ ਦੀ ਥਾਂ ਕੇਂਦਰ ਨੂੰ ਪੰਜਾਬ ਮਸਲੇ ਦਾ ਹੱਲ ਕੱਢਣ ਲਈ ਜ਼ੋਰ ਪਾਉਣ। ਉਹਨਾਂ ਕਿਹਾ ਕਿ ਸਾਰੇ ਨੌਜਵਾਨ ਜੋ ਗ੍ਰਿਫਤਾਰ ਕੀਤੇ ਗਏ ਹਨ ਉਹਨਾਂ ਦਾ ਮਾਰੇ ਗਏ ਲੋਕਾਂ ਨਾਲ ਨਿੱਜੀ ਵੈਰ ਨਹੀਂ ਸੀ। ਇਸ ਮੌਕੇ ਗੁਰਪ੍ਰੀਤ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਵੀ ਹਾਜ਼ਰ ਸਨ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ACURA
AutoNation Acura Stevens Creek 4747 Stevens Creek Bl. Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਅਮਰੀਕੀ ਸਿੱਖਾਂ ਦੀ ਇਨਸਾਫ਼ ਲਈ ਮੁਹਿੰਮ ਨੂੰ ਵੱਡਾ ਹੁੰਗਾਰਾ

## *ਕਨੈਕਟੀਕਟ ਸੂਬੇ ਨੇ 1984 ਦੀ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿੱਤੀ*






ਸਟੇਟ ਸੈਨੇਟਰ 'ਕੈਥੀ ਓਸਟਨ' ਸਿੱਖ ਆਗੂਆਂ ਨੂੰ 1984 ਸਿੱਖ ਕਤਲੇਆਮ ਦੇ ਤੱਥਾਂ ਨੂੰ ਮਾਨਤਾ ਦੇਣ ਦਾ ਮਤਾ ਸੌਂਪਦੀ ਹੋਈ

**ਕਨੈਟੀਕਟ/ਸਿੱਖ ਸਿਆਸਤ ਬਿਊਰੋ:**
ਅਮਰੀਕੀ ਦੇ ਕਨੈਕਟੀਕਟ ਸੂਬੇ ਵਲੋਂ 1984 ਦੀ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿੱਤੇ ਜਾਣ ਕਾਰਨ ਭਾਰਤ ਵਿੱਚ ਸਿੱਖਾਂ ਉੱਤੇ ਹਕੂਮਤੀ ਜੁਲਮਾਂ ਵਿਰੁਧ ਇਨਸਾਫ਼ ਲਈ ਜੂਝ ਰਹੇ ਅਮਰੀਕੀ ਸਿੱਖਾਂ ਦੇ ਸੰਘਰਸ਼ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਜ਼ੋਨ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਕਮਿਸ਼ਨ ਆਫ਼ ਸਿਟੀ ਪਲਾਨ ਨੋਰਵਿਚ, ਸਪੋਕਸਮੈਨ ਸਿੱਖ ਕੁਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਯੂਐਸਏ ਕਾਂਗਰਸਮੈਨ ਜੋਐ ਕੋਰਟਨੀ ਨੇ ਲਿਖਤੀ ਬਿਆਨ ਜਾਰੀ ਕਰਕੇ ਜੂਨ 1984 ਤੇ ਨਵੰਬਰ 1984 ਦੌਰਾਨ ਸਰਕਾਰੀ ਕਤਲੇਆਮ ਦੀ ਨਿਖੇਧੀ ਕੀਤੀ ਤੇ ਇਸ ਦੌਰਾਨ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਰਤ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕਨੇਟੀਕਟ ਵਿਚ ਆਪਣੇ ਨਿਵਾਸ ਸਥਾਨ ਵਿਖੇ ਦਿੱਲੀ ਸਿੱਖ ਕਤਲੇਆਮ ਵਿਚ ਮਾਰੇ ਗਏ ਬੇਗੁਨਾਹ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਦੇ ਲਈ ਸਮਾਗਮ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜੂਨ 1984 ਤੇ ਨਵੰਬਰ 84 ਦੇ ਸਿੱਖ ਕਤਲੇਆਮ ਬਾਰੇ ਕਨੇਟੀਕਟ ਜਨਰਲ ਅਸੈਂਬਲੀ ਵਿਚ ਸ਼ੋਕ ਮਤਾ ਪਾਸ ਕੀਤਾ ਗਿਆ ਹੈ ਤੇ ਭਾਰਤ ਸਰਕਾਰ ਦੀ ਇਸ ਮਾਮਲੇ ਵਿਚ ਨਿਖੇਧੀ ਕੀਤੀ ਗਈ ਹੈ ਤੇ ਉਸ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਸ ਸੰਬੰਧ ਵਿਚ ਭਾਰਤ ਸਰਕਾਰ ਵੱਲੋਂ ਇਨਸਾਫ਼ ਮਿਲਣਾ ਚਾਹੀਦਾ ਹੈ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ।



ਇਨ੍ਹਾਂ ਘਟਨਾਵਾਂ ਬਾਰੇ ਕੈਥੀ ਐਸਟਨ ਸਟੇਟ ਸਟੇਟਨਰ (ਜਨਰਲ ਅਸੈਂਬਲੀ ਮੈਂਬਰ) ਨੇ ਸਿਟੀ ਕੌਂਸਲ ਵੱਲੋਂ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਕੈਥੀ ਆਸਟਨ ਆਇਰਸ਼ ਮੂਲ ਦੀ ਸ਼ਖਸੀਅਤ ਹਨ। ਸਿਟੀ ਆਫ ਨਾਰਵਿਚ ਦੇ ਮੇਅਰ ਦੇਬ ਹੈਂਚੀ ਨੇ ਵੀ ਇਸ ਸਮਾਗਮ ਦੌਰਾਨ ਸਿੱਖਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਇਸ ਨੂੰ ਭਾਰਤ ਵਿਚ ਸਿਖਾਂ ਦੀ ਨਸਲਕੁਸ਼ੀ ਕਰਾਰ ਦੇਂਦੇ ਹੋਏ ਮਤਾ ਪਾਸ ਕਰਦੇ ਹੋਏ ਆਰਡੀਨੈਂਸ ਜਾਰੀ ਕੀਤਾ। ਇਸ ਮੌਕੇ ਸਕੂਲ ਸੁਪਰੀਡੈਂਟ ਐਬੀ ਡਾਲੀਵਰ ਨੇ ਕਿਹਾ ਕਿ ਕਨੇਟੀਕਟ ਵਿਚ ਸਿੱਖ ਇਤਿਹਾਸ ਸਕੂਲਾਂ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ, ਇਸ ਦੀ ਸ਼ੁਰੂਆਤ ਅਸੀਂ ਨਾਰਵਿਚ ਵਿਚ ਕਰਾਂਗੇ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਕੌਮ ਦੀ ਵੱਖਰੀ ਪਛਾਣ ਪਤਾ ਲੱਗੇਗੀ ਤੇ ਨਸਲਵਾਦੀ ਹਮਲੇ ਰੁਕਣਗੇ ਕੈਥੀ ਆਸਟਨ ਨੇ ਇਹ ਵੀ ਕਿਹਾ ਕਿ ਸਵਰਨਜੀਤ ਸਿੰਘ ਖਾਲਸਾ ਡੈਮੋਕ੍ਰੇਟਿਕ ਪਾਰਟੀ ਵੱਲੋਂ ਸਿਟੀ ਕੌਂਸਲ ਦੀ ਇਲੈਕਸ਼ਨ ਲੜੇ।

ਮਨਮੋਹਣ ਸਿੰਘ ਬਰਾੜ ਨੇ ਕਿਹਾ ਕਿ ਜਿਵੇਂ ਸਰਕਾਰੀ ਸਿਖ ਨਸਲਕੁਸ਼ੀ ਬਾਰੇ ਪਹਿਲਾ ਆਰਡੀਨੈਂਸ ਕੈਨੇਡਾ ਦੇ ਐਨਟੇਰੀਉ ਸਟੇਟ ਨੇ ਸਰਦਾਰ ਜਗਮੀਤ ਸਿੰਘ ਜੋ ਕਿ ਪ੍ਰਧਾਨ ਮੰਤਰੀ ਕੈਨੇਡਾ ਲਈ ਅਹਿਮ ਉਮੀਦਵਾਰ ਹਨ ,ਦੇ ਉਪਰਾਲੇ ਸਦਕਾ ਜਾਰੀ ਹੋਇਆ ਸੀ ਉਹੀ ਇਤਿਹਾਸਕ ਭੂਮਿਕਾ ਅਮਰੀਕਾ ਵਿਚ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਸਰਦਾਰ ਸਵਰਨਜੀਤ ਸਿੰਘ ਖਾਲਸਾ ਕੌਮੀ ਨਾਇਕ ਵਜੋਂ ਉਦਮ ਕਰਕੇ ਇਹ ਸਫਲਤਾ ਹਾਸਲ ਕੀਤੀ ਹੈ।ਇਸ ਦੌਰਾਨ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਪੰਥ ਦੇ ਸਹਿਯੋਗ ਨਾਲ ਜੋ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਤੇ ਨਸਲਵਾਦ ਦੇ ਵਿਰੋਧ ਵਿਚ ਲਹਿਰ ਸ਼ੁਰੂ ਕੀਤੀ ਹੈ, ਉਸ ਦਾ ਉਨ੍ਹਾਂ ਨੂੰ ਖਾਲਸਾ ਪੰਥ, ਪੰਜਾਬੀਆਂ, ਭਾਰਤੀਆਂ, ਮੂਲਨਿਵਾਸੀਆਂ, ਗੋਰਿਆਂ ਤੇ ਹਰੇਕ ਨਸਲ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ, ਕਿਉਂਕਿ ਇਹ ਮਨੁੱਖਤਾ ਤੇ ਸਰਬੱਤ ਦੇ ਭਲੇ, ਸਰਬੱਤ ਦੀ ਅਜ਼ਾਦੀ ਦਾ ਮੱਸਲਾ ਹੈ।ਉਨ੍ਹਾਂ ਕਿਹਾ ਕਿ ਇਸ ਕਾਰਨ ਸਿੱਖਾਂ ਦਾ ਮਾਣ ਵੀ ਉੱਚਾ ਹੋਇਆ ਹੈ, ਕਿਉਂਕਿ ਉਹ ਆਪਣੀ ਗੱਲ ਸਰਕਾਰੀ ਪੱਧਰ 'ਤੇ ਕਹਿਣ ਵਿਚ ਕਾਮਯਾਬ ਹੋਏ ਹਨ ਤੇ ਅਮਰੀਕਾ ਪ੍ਰਸ਼ਾਸ਼ਣ ਨੇ ਉਨ੍ਹਾਂ ਨੂੰ ਭਰਪੂਰ ਸਹਿਯੋਗ ਦਿੱਤਾ ਹੈ।

ਇਸ ਮੌਕੇ ਗਵਰਨਰ ਉਮੀਦਵਾਰ ਕ੍ਰਿਸ ਮੈਟੀ ਤੇ ਜਾਨ ਥਨ ਹੈਰਿਸ ਵੀ ਮੌਜੂਦ ਸਨ ਤੇ ਨਿਊਯਾਰਕ ਤੋਂ ਵੀ ਸੰਗਤਾਂ ਪਹੁੰਚੀਆਂ ਸਨ, ਉਨ੍ਹਾਂ ਵਿਚ ਹਿੰਮਤ ਸਿੰਘ ਕੋਆਰਡੀਨੇਟਰ ਸਿੱਖ ਕੋਆਰੀਡਨੇਸ਼ਨ ਕਮੇਟੀ ਈਸਟ ਕਾਸਟ, ਜੱਗੀ ਸਿੰਘ ਪੰਥਕ ਨੇਤਾ, ਦੁਆਬਾ ਸਿਖ ਐਸੋਸੀਏਸ਼ਨ ਬਰਜਿੰਦਰ ਸਿੰਘ, ਮਨਮੋਹਣ ਸਿੰਘ ਬਰਾੜਾ, ਮਨਿੰਦਰ ਸਿੰਘ ਅਰੋੜਾ, ਕੁਲਜੀਤ ਸਿੰਘ ਖਾਲਸਾ, ਜਸਪਾਲ ਸਿੰਘ ਪਾਲ, ਮੰਗਾ ਸਿੰਘ, ਵੀਰ ਸਿੰਘ ਮਾਂਗਟ ਨਾਰਵਾਕ, ਵੀਰ ਸਿੰਘ, ਰਜਿੰਦਰ ਸਿੰਘ ਨਿਊਯਾਰਕ (ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ) ਅਤੇ ਗੁਰਨਿੰਦਰ ਸਿੰਘ ਧਾਲੀਵਾਲ ਸ਼ਾਮਲ ਸਨ। ਇਸ ਮੌਕੇ ਭਾਈ ਮਹਿੰਦਰ ਸਿੰਘ ਵਿੰਡਸਰ ਗੁਰਦੁਆਰਾ ਸਾਹਿਬ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

# ਸਿੱਖ ਸੰਘਰਸ਼ ਦੌਰਾਨ ਪੁਲੀਸ ਜ਼ੁਲਮਾਂ ਦਾ ਮਸਲਾ ਮੁੜ ਭਖਿਆ

- *ਮਨੁੱਖੀ ਅਧਿਕਾਰ ਜਥੇਬੰਦੀ 8257 ਝੂਠੇ ਮੁਕਾਬਲਿਆਂ ਅਤੇ*
- *ਲਾਪਤਾ ਕਰਨ ਦੇ ਮਾਮਲੇ ਸੁਪਰੀਮ ਕੋਰਟ ਲਿਜਾਵੇਗੀ*




ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੰਜਾਬ ਐਡਵੋਕੇਸੀ ਅਤੇ ਡਾਕੂਮੈਂਟੇਸ਼ਨ ਪ੍ਰਾਜੈਕਟ (ਪੀ.ਡੀ.ਏ.ਪੀ) ਸਤਨਾਮ ਸਿੰਘ ਬੈਂਸ।

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਜਾਬ 'ਚ ਸਿੱਖ ਸੰਘਰਸ਼ ਦੌਰਾਨ ਪੰਜਾਬ ਪੁਲੀਸ ਦੇ ਜ਼ੁਲਮਾਂ, ਫਰਜ਼ੀ ਪੁਲੀਸ ਮੁਕਾਬਲਿਆਂ ਤੇ ਨੌਜਵਾਨਾਂ ਨੂੰ ਲਾਪਤਾ ਕਰਨ ਦਾ ਮਾਮਲਾ ਸੁਰਖ਼ੀਆਂ 'ਚ ਆਉਣ ਕਾਰਨ ਮੁੜ ਭਖ਼ ਗਿਆ ਹੈ।ਪੰਜਾਬ 'ਚ 80-90ਵਿਆਂ ਦੇ ਦਹਾਕਿਆਂ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਅਤੇ ਸਿੱਖ ਨੌਜਵਾਨਾਂ ਨੂੰ ਲਾਪਤਾ ਕਰਨ ਦਾ ਮਾਮਲਿਆਂ 'ਤੇ ਕੰਮ ਕਰ ਰਹੀ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੀ ਗੈਰ ਸਰਕਾਰੀ ਸੰਸਥਾ ਪੰਜਾਬ ਐਡਵੋਕੇਸੀ ਅਤੇ ਡਾਕੂਮੈਂਟੇਸ਼ਨ ਪ੍ਰਾਜੈਕਟ (ਪੀ. ਡੀ.ਏ.ਪੀ) ਨੇ ਇਨ੍ਹਾਂ ਮਾਮਲਿਆਂ ਨੂੰ ਸੁਪਰੀਮ ਕੋਰਟ 'ਚ ਲਿਜਾਣ ਦਾ ਐਲਾਨ ਕੀਤਾ ਹੈ। ਇਹ ਐਲਾਨ ਸੰਸਥਾ ਦੇ ਅਹੁਦੇਦਾਰਾਂ ਵਲੋਂ ਲੰਘੇ ਸ਼ਨਿਚਰਵਾਰ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਪ੍ਰੈੱਸ ਨਾਲ ਮਿਲਣੀ ਦੌਰਾਨ ਕੀਤਾ ਗਿਆ।

ਮਨੁੱਖੀ ਅਧਿਕਾਰ ਸੰਸਥਾ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨੇ 1980 ਤੋਂ 1995 ਦੇ ਸਮੇਂ ਦੌਰਾਨ ਪੰਜਾਬ 'ਚ 8257 ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨ ਅਤੇ ਲਾਪਤਾ ਹੋਣ ਵਾਲੇ ਲੋਕਾਂ ਦੀ ਪਛਾਣ ਕੀਤੀ ਹੈ।ਇਨ੍ਹਾਂ ਅੰਕੜਿਆਂ ਵਿੱਚ ਦੋ ਹਜ਼ਾਰ ਲੋਕ ਉਹ ਹਨ, ਜਿਨ੍ਹਾਂ ਦੀ ਪਛਾਣ ਜਸਵੰਤ ਸਿੰਘ ਖਾਲੜਾ ਵੱਲੋਂ ਕੀਤੀ ਗਈ ਸੀ। ਸੰਸਥਾ ਵੱਲੋਂ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕੀਤੀ ਜਾਵੇਗੀ। ਸੰਸਥਾ ਦੇ ਅਹੁਦੇਦਾਰ ਸਤਨਾਮ ਸਿੰਘ ਬੈਂਸ ਬਰਿਸਟਰ ਲੰਡਨ, ਬੰਬੇ ਹਾਈ ਕੋਰਟ ਦੇ ਸਾਬਕਾ ਜਸਟਿਸ ਸੁਰੇਸ਼ ਹੋਸਪੇਟ, ਐਡਵੋਕੇਟ ਜਗਜੀਤ

**ਬਾਕੀ ਸਫ਼ਾ 32 'ਤੇ**

# ਪੰਜਾਬ ਪੁਲਿਸ ਨੇ ਜੰਮੂ ਤੋਂ ਇਕ ਹੋਰ ਸਿੱਖ ਨੌਜਵਾਨ ਨੂੰ ਚੁਕਿਆ

**ਜੰਮੂ/ਬਿਊਰੋ ਨਿਊਜ਼:**
ਜੰਮੂ ਦੇ ਨਾਨਕ ਨਗਰ ਇਲਾਕੇ ਵਿਚ ਸੈਮਸੰਗ ਸਮਾਰਟ ਕੇਅਰ ਸਰਵਿਸ ਸੈਂਟਰ ਸ਼ਾਸਤਰੀ ਨਗਰ 'ਤੇ ਕੰਮ ਕਰਦੇ ਇਕ ਨੌਜਵਾਨ ਜਗਜੀਤ ਸਿੰਘ ਜੱਗੀ ਵਾਸੀ ਨਾਨਕ ਨਗਰ ਸੈਕਟਰ ਨੰ:9 ਜੰਮੂ ਨੂੰ ਪੰਜਾਬ ਪੁਲਿਸ ਨੇ ਜ਼ਬਰਦਸਤੀ ਬਿਨਾਂ ਕਾਰਨ ਦੱਸੇ ਚੁੱਕ ਲਿਆ।ਗਾਂਧੀਨਗਰ ਥਾਣੇ ਦੇ ਐਸ. ਐਚ. ਓ. ਸੁਨੀਲ ਜਸਰੋਟੀਆ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਦੇ ਥਾਣਾ ਬਾਘਾ ਪੁਰਾਣਾ ਦੇ ਐਸ. ਐਚ. ਓ. ਅਤੇ ਸੀ. ਆਈ. ਏ. ਸਟਾਫ਼ ਮੋਗਾ ਦੇ ਇੰਚਾਰਜ ਦੀ ਅਗਵਾਈ ਹੇਠ ਪੰਜਾਬ ਪੁਲਿਸ ਸਬ ਡਵੀਜ਼ਨਲ ਜੁਡੀਸ਼ੀਅਲ ਮੈਜਿਸਟਰੇਟ ਬਾਘਾ ਪੁਰਣਾ ਵਲੋਂ ਜਾਰੀ ਗ੍ਰਿਫ਼ਤਾਰੀ ਵਾਰੰਟ ਤਹਿਤ ਨੌਜਵਾਨ ਨੂੰ ਪੇਸ਼ੀ ਲਈ ਲੈ ਕੇ ਗਈ ਹੈ। ਮੌਕੇ 'ਤੇ ਗਾਂਧੀਨਗਰ ਥਾਣੇ ਯੂ. ਡੀ. ਪੀ. ਪ੍ਰਧਾਨ ਐਮ. ਪੀ. ਸਿੰਘ ਯੂਨਾਈਟਿਡ ਸਿੱਖ ਕਾਸਲ ਦੇ ਮੁੱਖ ਸਕੱਤਰ ਮਹਿੰਦਰ ਸਿੰਘ ਖ਼ਾਲਸਾ, ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਦੇ ਮੁੱਖ ਸਕੱਤਰ ਅਵਤਾਰ ਸਿੰਘ ਖ਼ਾਲਸਾ, ਦਸਮੇਸ਼ ਯੂਥ ਆਰਗੇਨਾਈਜੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ, ਜ਼ਿਲ੍ਹਾ ਗੁ: ਪ੍ਰ: ਕਮੇਟੀ ਮੈਂਬਰ ਮਹਿੰਦਰ ਸਿੰਘ, ਆਵਾਮੀ ਇਤਿਹਾਦ ਪਾਰਟੀ ਦੇ ਜੰਮੂ ਪ੍ਰਧਾਨ ਅਮਰਜੀਤ ਸਿੰਘ ਬੱਬਲੂ, ਸਰਪੰਚ ਇੰਦਰਪਾਲ ਸਿੰਘ, ਚਰਨਜੀਤ ਸਿੰਘ ਤੇ ਹੋਰ ਸਿੱਖ ਨੌਜਵਾਨ ਇਕੱਠੇ ਹੋ ਗਏ ਤੇ ਪੰਜਾਬ ਪੁਲਿਸ ਦੇ ਅਫ਼ਸਰਾਂ ਕੋਲੋਂ ਜਗਜੀਤ ਸਿੰਘ ਜੱਗੀ ਨੂੰ ਲੈ ਕੇ ਜਾਣ ਦਾ ਕਾਰਨ ਪੁੱਛਿਆ। ਪੰਜਾਬ ਪੁਲਿਸ ਗੱਲਬਾਤ ਸੁਣਨ ਤੋਂ ਮੁੱਕਰ ਗਈ ਗ਼ ਸਿੱਖ ਆਗੂਆਂ ਤੇ ਨੌਜਵਾਨਾਂ ਨੇ ਗਾਂਧੀਨਗਰ ਮੁੱਖ ਸੜਕ 'ਤੇ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਰ ਕੇ ਗੱਡੀਆਂ ਦਾ ਭਾਰੀ ਜਾਮ ਲੱਗ ਗਿਆ। ਜੰਮੂ-ਕਸ਼ਮੀਰ ਪੁਲਿਸ ਨੇ

**ਬਾਕੀ ਸਫ਼ਾ 32 'ਤੇ**

## ਪੰਜਾਬ ਸਰਕਾਰ 'ਚੋਣਵੇਂ ਕਤਲਾਂ' ਸਬੰਧੀ 7 ਮੁਕੱਦਮੇ ਐਨ.ਆਈ.ਏ. ਨੂੰ ਸੌਂਪੇਗੀ



**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:**
ਪੰਜਾਬ ਵਿਚ ਚੋਣਵੇਂ ਕਤਲਾਂ ਨਾਲ ਸਬੰਧਿਤ ਮੁਕੱਦਮਿਆਂ, ਜਿਨ੍ਹਾਂ ਦੇ ਸਬੰਧ 'ਚ ਪੰਜਾਬ ਪੁਲਿਸ ਨੇ ਪਿਛਲੇ ਮਹੀਨੇ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਅਤੇ ਬਰਤਾਨੀਆ ਤੋਂ 9 ਸਾਲ ਬਾਅਦ ਵਾਪਸ ਆਏ ਜੰਮੂ ਨਿਵਾਸੀ ਤਲਜੀਤ ਸਿੰਘ ਉਰਫ ਜਿੰਮੀ ਸਿੰਘ ਸਣੇ 4 ਹੋਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ, ਨਾਲ ਸਬੰਧਤ ਹੁਣ ਇਹ ਸਾਰੇ ਮੁਕੱਦਮੇ ਕੌਮੀ ਜਾਂਚ ਏਜੰਸੀ (ਐਨ. ਆਈ. ਏ.) ਨੂੰ ਦੇਣ ਦੀ ਸਿਫ਼ਾਰਿਸ਼ ਕੀਤੀ ਹੈ। ਪੰਜਾਬ ਸਰਕਾਰ ਵਲੋਂ ਕੇਂਦਰੀ ਗ੍ਰਹਿ ਵਿਭਾਗ ਨੂੰ ਇਕ ਪੱਤਰ ਲਿਖ ਕੇ ਇਹ ਸਿਫ਼ਾਰਿਸ਼ ਕੀਤੀ ਗਈ। ਇਨ੍ਹਾਂ 8 ਮੁਕੱਦਮਿਆਂ ਵਿਚੋਂ ਆਰ.ਐਸ.ਐਸ. ਆਗੂ ਰਵਿੰਦਰ ਗੋਸਾਈਂ ਦੇ ਕਤਲ ਨਾਲ ਸਬੰਧਤ ਕੇਸ ਪਹਿਲਾਂ ਹੀ ਐਨ.ਆਈ.ਏ. ਨੂੰ ਰਾਜ ਸਰਕਾਰ ਵਲੋਂ ਦਿੱਤਾ ਜਾ ਚੁੱਕਾ ਹੈ, ਜਦੋਂਕਿ ਆਰ.ਐਸ.ਐਸ. ਦੇ ਸੀਨੀਅਰ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਨਾਲ ਸਬੰਧਤ ਕੇਸ ਪਹਿਲਾਂ ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ ਤੇ ਹੁਣ ਇਹ ਕੇਸ ਵੀ ਐਨ.ਆਈ. ਏ. ਨੂੰ ਸੌਂਪਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਪੰਜਾਬ ਦੇ ਪੁਲਿਸ ਮੁਖੀ ਸੁਰੇਸ਼ ਅਰੋੜਾ ਜੋ ਦਿੱਲੀ ਵਿਚ ਸਨ ਵਲੋਂ ਰਾਜ ਸਰਕਾਰ ਦੇ ਉਕਤ ਫ਼ੈਸਲੇ ਦੀ ਪੁਸ਼ਟੀ ਕੀਤੀ ਗਈ।

ਪੰਜਾਬ ਸਰਕਾਰ ਦੇ ਪੁਲਿਸ ਅਧਿਕਾਰੀਆਂ ਵਲੋਂ ਐਨ. ਆਈ.ਏ. ਦੀ ਇਕ ਟੀਮ ਜਿਸ ਦੀ ਅਗਵਾਈ ਡਾ: ਵਾਈ.ਸੀ. ਮੋਦੀ ਨੇ ਕੀਤੀ ਸੀ ਨਾਲ ਬੀਤੇ ਦਿਨ ਕੀਤੇ ਗਏ ਵਿਚਾਰ ਵਟਾਂਦਰੇ ਤੋਂ ਬਾਅਦ ਉਕਤ ਫ਼ੈਸਲਾ ਲਿਆ ਗਿਆ। ਰਾਜ ਸਰਕਾਰ ਦੇ ਇਕ ਬੁਲਾਰੇ ਨੇ ਦਾਅਵਾ ਕੀਤਾ ਸੀ ਕਿ ਇਨ੍ਹਾਂ ਕਤਲਾਂ ਦੀਆਂ ਕੜੀਆਂ ਇੰਗਲੈਂਡ, ਇਟਲੀ ਤੇ ਕੈਨੇਡਾ ਨਾਲ ਜੁੜੀਆਂ ਹੋਈਆਂ ਹਨ ਤੇ ਬਿਹਤਰ ਹੋਵੇਗਾ ਕਿ ਕੋਈ ਕੇਂਦਰੀ ਏਜੰਸੀ ਇਨ੍ਹਾਂ ਕੇਸਾਂ ਦੀ ਜਾਂਚ ਕਰੇ, ਜਿਸ ਦਾ ਇੰਟਰਪੋਲ ਅਤੇ ਯੂਰੋਪੋਲ ਵਰਗੀਆਂ ਵਿਦੇਸ਼ੀ ਜਾਂਚ ਏਜੰਸੀਆਂ ਨਾਲ ਵੀ ਬਿਹਤਰ ਤਾਲਮੇਲ ਹੋਵੇ। ਮੀਡੀਆ ਰਿਪੋਰਟਾਂ ਮੁਤਾਬਕ ਵਿਦੇਸ਼ਾਂ ਵਿਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਅਤੇ ਹੋਰਾਂ ਦੀ ਗ੍ਰਿਫਤਾਰੀਆਂ ਦੇ ਵਿਰੋਧ 'ਚ ਹੋ ਰਹੇ ਜ਼ੋਰਦਾਰ ਪ੍ਰਚਾਰ ਅਤੇ ਬਰਤਾਨਵੀ ਸਾਂਸਦ ਅਤੇ ਪ੍ਰਧਾਨ ਮੰਤਰੀ ਵਲੋਂ ਵੀ ਇਸ ਮੁੱਦੇ 'ਤੇ ਕੀਤੀਆਂ ਗਈਆਂ ਸਖਤ ਟਿੱਪਣੀਆਂ ਕਾਰਨ ਪੰਜਾਬ ਸਰਕਾਰ ਨੂੰ ਜਵਾਬ ਦੇਣੇ ਔਖੇ ਹੋ ਗਏ ਸਨ। ਇਸੇ ਕਾਰਨ ਇਨ੍ਹਾਂ ਮਾਮਲਿਆਂ ਨੂੰ ਐਨ.ਆਈ.ਏ. ਨੂੰ ਸੌਂਪਣ ਦਾ ਫ਼ੈਸਲਾ ਲਿਆ ਗਿਆ। ਐਨ.ਆਈ. ਏ. ਹਵਾਲੇ ਕੀਤੇ ਗਏ ਮੁਕੱਦਮਿਆਂ ਵਿਚ ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕੇਸ ਤੋਂ ਇਲਾਵਾ ਲੁਧਿਆਣਾ ਵਿਖੇ ਕਿਦਵਈ ਨਗਰ ਸਥਿਤ ਆਰ.ਐਸ.ਐਸ. ਦੀ ਸ਼ਾਖਾ 'ਤੇ ਗੋਲੀਬਾਰੀ ਤੇ ਅਮਿਤ ਅਰੋੜਾ 'ਤੇ ਚਲਾਈਆਂ ਗੋਲੀਆਂ ਦਾ ਕੇਸ ਵੀ ਸ਼ਾਮਿਲ ਹੈ। ਦਿਲਚਸਪ ਗੱਲ ਇਹ ਹੈ ਕਿ ਪੰਜਾਬ ਪੁਲਿਸ ਵਲੋਂ ਅਮਿਤ ਅਰੋੜਾ 'ਤੇ ਹੀ ਇਹ ਕੇਸ ਪਾਇਆ ਗਿਆ ਸੀ ਕਿ ਉਸ ਵਲੋਂ ਆਪਣੇ 'ਤੇ ਖ਼ੁਦ ਗੋਲੀਆਂ ਚਲਵਾਈਆਂ ਹਨ ਤਾਂ ਜੋ ਉਸ ਨੂੰ ਵਧੇਰੇ ਸੁਰੱਖਿਆ ਮਿਲ ਸਕੇ ਅਤੇ ਉਸ ਨੂੰ ਇਸ ਦੋਸ਼ ਹੇਠ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਵੀ ਭੇਜਿਆ ਗਿਆ ਸੀ। ਇਸੇ ਤਰ੍ਹਾਂ ਕਿਦਵਈ ਨਗਰ ਸਥਿਤ ਆਰ.ਐਸ. ਐਸ. ਸ਼ਾਖਾ 'ਤੇ ਜਨਵਰੀ 2016 ਵਿਚ ਹੋਈ ਗੋਲੀਬਾਰੀ ਨੂੰ ਵੀ ਪੰਜਾਬ ਪੁਲਿਸ ਵਲੋਂ ਇਹ ਕਹਿ ਕੇ ਨਕਾਰ ਦਿੱਤਾ ਗਿਆ ਸੀ ਕਿ ਉਥੇ ਗੋਲੀ ਚੱਲਣ ਦੀ ਕੋਈ ਘਟਨਾ ਨਹੀਂ ਵਾਪਰੀ। ਇਸੇ ਤਰ੍ਹਾਂ ਅਪ੍ਰੈਲ 2016 ਨੂੰ ਖੰਨਾ ਵਿਖੇ ਸ਼ਿਵ ਸੈਨਾ ਪ੍ਰਧਾਨ ਦੁਰਗਾ ਦਾਸ ਗੁਪਤਾ ਤੇ ਜਨਵਰੀ 2017 ਦੌਰਾਨ ਅਮਿਤ ਸ਼ਰਮਾ ਦੇ ਹੋਏ ਕਤਲ ਅਤੇ ਡੇਰਾ ਸਿਰਸਾ ਦੇ ਪੈਰੋਕਾਰ ਸਤਪਾਲ ਕੁਮਾਰ ਤੇ ਉਸ ਦੇ ਪੁੱਤਰ ਰਮੇਸ਼ ਕੁਮਾਰ ਦਾ ਫਰਵਰੀ 2017 'ਚ ਖੰਨਾ ਵਿਖੇ ਹੋਇਆ ਕਤਲ ਤੇ ਜੁਲਾਈ 2017 ਵਿਚ ਲੁਧਿਆਣਾ ਵਿਖੇ ਈਸਾਈ ਪਾਦਰੀ ਦੇ ਹੋਏ ਕਤਲਾਂ ਦੇ ਮਾਮਲੇ ਸ਼ਾਮਿਲ ਹਨ।

## ਵਿਸ਼ੇਸ਼ ਜਾਂਚ ਟੀਮ ਨੇ '84 ਕਤਲੇਆਮ ਕੇਸ 'ਚ ਸੱਜਣ ਦੀ ਪੇਸ਼ਗੀ ਜ਼ਮਾਨਤ ਦਾ ਕੀਤਾ ਵਿਰੋਧ

**ਨਵੀਂ ਦਿੱਲੀ/ਬਿਊਰੋ ਨਿਊਜ਼:** '84 ਦੇ ਸਿੱਖ ਵਿਰੋਧੀ ਦੰਗਿਆਂ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਦਿੱਲੀ ਹਾਈ ਕੋਰਟ 'ਚ ਕਿਹਾ ਹੈ ਕਿ 1984 ਦੇ ਸਿੱਖ ਦੰਗਿਆਂ ਦੇ ਕੇਸ 'ਚ ਕਾਂਗਰਸ ਆਗੂ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਵੱਲੋਂ ਪੇਸ਼ਗੀ ਜ਼ਮਾਨਤ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਸੱਜਣ ਕੁਮਾਰ ਖ਼ਿਲਾਫ਼ ਦੋਸ਼ਾਂ ਦੀ ਜਾਂਚ ਕਰ ਰਹੇ ਵਧੀਕ ਸੋਲੀਸਿਟਰ ਜਨਰਲ (ਏਐਸਜੀ) ਸੰਜੇ ਜੈਨ ਨੇ ਵੀਰਵਾਰ ਨੂੰ ਜਸਟਿਸ ਅਨੂ ਮਲਹੋਤਰਾ ਦੀ ਅਦਾਲਤ 'ਚ ਪੇਸ਼ ਹੋ ਕੇ ਦੱਸਿਆ ਕਿ ਕਾਂਗਰਸ ਆਗੂ ਦੇ ਹਿਰਾਸਤ 'ਚ ਨਾ ਹੋਣ ਕਾਰਨ ਗਵਾਹ ਸਾਹਮਣੇ ਨਹੀਂ ਆ ਰਹੇ। '84 ਦੇ ਸਿੱਖ ਦੰਗਿਆਂ ਦੌਰਾਨ ਤਿੰਨ ਸਿੱਖਾਂ ਦੇ ਕਤਲ ਕੇਸ 'ਚ ਹੇਠਲੀ ਅਦਾਲਤ ਨੇ ਪਿਛਲੇ ਸਾਲ 21 ਦਸੰਬਰ ਨੂੰ ਸੱਜਣ ਕੁਮਾਰ ਨੂੰ ਪੇਸ਼ਗੀ ਜ਼ਮਾਨਤ ਦੇ ਦਿੱਤੀ ਸੀ। ਏਐਸਜੀ ਨੇ ਹਾਈ ਕੋਰਟ ਨੂੰ ਕਿਹਾ ਕਿ ਹੇਠਲੀ ਅਦਾਲਤ ਨੇ ਸਾਬਕਾ ਸੰਸਦ ਮੈਂਬਰ ਨੂੰ ਰਾਹਤ ਦੇ ਕੇ ਵੱਡੀ ਗਲਤੀ ਕੀਤੀ ਹੈ। ਸ੍ਰੀ ਜੈਨ ਨੇ ਕਿਹਾ ਕਿ ਇਸ ਕੇਸ ਦੇ ਗਵਾਹ ਤੇ ਇੱਥੋਂ ਤੱਕ ਕਿ ਦੰਗਾ ਪੀੜਤ ਪਰਿਵਾਰਾਂ ਦੇ ਮੈਂਬਰ ਵੀ ਆਪਣੇ ਜੀਵਨ ਨੂੰ ਖਤਰਾ ਦੇਖਦੇ ਹੋਏ ਪੰਜਾਬ ਭੱਜ ਗਏ ਅਤੇ ਉਸ ਤੋਂ ਬਾਅਦ ਉਹ ਹੁਣ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਗਵਾਹਾਂ ਦੀ ਸੱਜਣ ਕੁਮਾਰ ਨਾਲ ਬਹਿਸ ਕਰਾਈ ਜਾਣੀ ਚਾਹੀਦੀ ਹੈ, ਪਰ ਜੇਕਰ ਸੱਜਣ ਕੁਮਾਰ ਹਿਰਾਸਤ ਤੋਂ ਬਾਹਰ ਰਿਹਾ ਤਾਂ ਹੋ ਸਕਦਾ ਹੈ ਕਿ ਗਵਾਹ ਫਿਰ ਸਾਹਮਣੇ ਨਾ ਆਉਣ। ਉਨ੍ਹਾਂ ਅਜਿਹੇ ਵਿਅਕਤੀਆਂ ਦੀ ਮਿਸਾਲ ਵੀ ਦਿੱਤੀ ਜਿਨ੍ਹਾਂ ਚੰਡੀਗੜ੍ਹ ਦੀ ਅਦਾਲਤ 'ਚ ਬਿਆਨ ਦਰਜ ਕਰਾਏ ਹਨ। ਉਨ੍ਹਾਂ ਨਾਲ ਹੀ ਇਸ ਗੱਲ ਨੂੰ ਖਾਰਜ ਕਰ ਦਿੱਤਾ ਕਿ ਇਹ ਕੇਸ ਸਿਆਸੀ ਮੰਤਵ ਲਈ ਮੁੜ ਖੋਲ੍ਹੇ ਗਏ ਹਨ।



## ਦਿੱਲੀ ਹਾਈ ਕੋਰਟ ਨੇ ਸਿੱਖ ਵਿਰੋਧੀ ਦੰਗਿਆ ਦੇ ਕੇਸ 'ਚ ਟਾਈਟਲਰ ਨੂੰ 10 ਹਜ਼ਾਰ ਰੁਪਏ ਜੁਰਮਾਨਾ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦਿੱਲੀ ਹਾਈ ਕੋਰਟ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ 10 ਹਜ਼ਾਰ ਰੁਪਏ ਦਾ ਜੁਰਮਾਨਾ ਠੋਕਦਿਆਂ ਪਾਸਪੋਰਟ ਅਧਿਕਾਰੀਆਂ ਵੱਲੋਂ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਖ਼ਿਲਾਫ਼ ਪਾਈ ਗਈ ਪਟੀਸ਼ਨ ਨੂੰ ਖਾਰਿਜ ਕਰ ਦਿੱਤਾ। ਜਸਟਿਸ ਵਿਭੂ ਬਖਰੂ ਨੇ ਟਾਈਟਲਰ ਨੂੰ ਹਾਈ ਕੋਰਟ 'ਚ ਰਕਮ ਜਮਾਂ ਕਰਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਵਿਸਥਾਰਤ ਹੁਕਮ ਬਾਅਦ 'ਚ ਪਾਸ ਕੀਤਾ ਜਾਵੇਗਾ। ਪਾਸਪੋਰਟ ਨਵਿਆਉਣ ਲਈ ਟਾਈਟਲਰ ਨੇ ਝੂਠੀ ਜਾਣਕਾਰੀ ਦਿੱਤੀ ਸੀ ਕਿ ਉਸ ਖ਼ਿਲਾਫ਼ ਕੋਈ ਅਪਰਾਧਿਕ ਕੇਸ ਬਕਾਇਆ ਨਹੀਂ ਪਿਆ ਹੈ ਜਿਸ 'ਤੇ ਪਾਸਪੋਰਟ ਅਧਿਕਾਰੀਆਂ ਨੇ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। ਸੀਬੀਆਈ ਵੱਲੋਂ ਹੇਠਲੀ ਅਦਾਲਤ 'ਚ ਪਾਸਪੋਰਟ ਬਾਰੇ ਜਾਣਕਾਰੀ ਦੇਣ 'ਤੇ ਟਾਈਟਲਰ ਨੇ ਹਾਈ ਕੋਰਟ ਦਾ ਕੁੰਡਾ ਖੜਕਾਇਆ ਸੀ। ਕੇਸ ਦੀ ਸੁਣਵਾਈ ਦੌਰਾਨ ਟਾਈਟਲਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਰਵਿੰਦ ਨਿਗਮ ਨੇ ਦਾਅਵਾ ਕੀਤਾ ਕਿ ਇਹ ਗਲਤੀ ਨਾਲ ਹੋਇਆ ਅਤੇ ਉਨ੍ਹਾਂ ਦੇ ਮੁਵੱਕਿਲ ਦਾ ਤੱਥ ਛੁਪਾਉਣ ਦਾ ਕੋਈ ਇਰਾਦਾ ਨਹੀਂ ਸੀ

# ਮਾਸਟਰ ਤਾਰਾ ਸਿੰਘ ਦੀ ਯਾਦ 'ਚ ਯੂਨੀਵਰਸਿਟੀ ਬਣਾਈ ਜਾਵੇਗੀ

### *ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅਕਾਲੀ ਨੇਤਾ ਦੀ 50ਵੀਂ ਬਰਸੀ ਮੌਕੇ ਕੀਤਾ ਅਹਿਮ ਐਲਾਨ*

**ਲੁਧਿਆਣਾ/ਸਿੱਖ ਸਿਆਸਤ ਬਿਊਰੋ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਮਾਸਟਰ ਤਾਰਾ ਸਿੰਘ ਦੇ ਨਾਮ 'ਤੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਉਹ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਮਾਸਟਰ ਤਾਰਾ ਸਿੰਘ ਦੀ 50ਵੀਂ ਬਰਸੀ ਸਬੰਧੀ ਸ਼ਨਿਚਰਵਾਰ ਨੂੰ ਲੁਧਿਆਣਾ ਦੇ ਮਾਡਲ ਟਾਊਨ ਸਥਿਤ ਗੁੱਜਰਖਾਨ ਕੈਂਪਸ ਵਿੱਚ ਕਰਵਾਏ ਗਏ ਸਮਾਗਮ ਮੌਕੇ ਸੰਬੋਧਨ ਕਰ ਰਹੇ ਸਨ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁੱਜਣਾ ਸੀ ਪਰ ਉਹ ਰੁਝੇਵਿਆਂ ਕਰਕੇ ਸ਼ਾਮਲ ਨਹੀਂ ਹੋਏ। ਸਿੱਧੂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਨੇ ਸਿੱਖੀ ਸੋਚ, ਸਿੱਖੀ ਸਿਧਾਂਤ, ਸਿੱਖੀ ਪ੍ਰੰਪਰਾ ਅਤੇ ਸਿੱਖੀ ਵਿਚਾਰਧਾਰਾ ਦੇ ਪਾਸਾਰ ਲਈ ਜੋ ਕੰਮ ਕੀਤੇ ਸਨ, ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪਵਿੱਤਰ ਜਮਾਤ ਦੱਸਦਿਆਂ ਦੋਸ਼ ਲਾਇਆ ਕਿ ਕੁਝ ਲੋਕਾਂ ਨੇ ਇਸ ਨੂੰ ਪਾਵੇ ਨਾਲ ਬੰਨ੍ਹ ਲਿਆ ਹੈ, ਜਿਸ ਨਾਲ ਲੋਕਾਂ ਦਾ ਵਿਸ਼ਵਾਸ ਇਸ ਜਮਾਤ ਤੋਂ ਖ਼ਤਮ ਹੋ ਗਿਆ ਹੈ। ਸਮਾਗਮ ਦੀ ਪ੍ਰਧਾਨਗੀ ਰਾਜ ਸਭਾ ਮੈਂਬਰ ਕੇ.ਟੀ.ਐਸ. ਤੁਲਸੀ ਨੇ ਕੀਤੀ ਪਰ ਉਨ੍ਹਾਂ ਮਾਸਟਰ ਤਾਰਾ ਸਿੰਘ ਦੇ ਜੀਵਨ ਬਾਰੇ ਕੋਈ ਗੱਲ ਕਰਨ ਦੀ ਥਾਂ ਪੰਜਾਬ ਸਰਕਾਰ ਦੇ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਸਮਿਆਂ 'ਤੇ ਕੀਤੇ ਐਲਾਨਾਂ ਦਾ ਵੇਰਵਾ ਪੇਸ਼ ਕਰਕੇ ਪ੍ਰਧਾਨਗੀ ਭਾਸ਼ਣ ਦਿੱਤਾ। ਇਸ ਤੋਂ ਪਹਿਲਾਂ ਪਰਮਜੀਤ ਸਿੰਘ ਸਰਨਾ ਨੇ ਆਪਣੇ ਭਾਸ਼ਣ 'ਚ ਮਾਸਟਰ ਤਾਰਾ ਸਿੰਘ ਦੀ ਸੋਚ, ਸਿਧਾਂਤ ਅਤੇ ਕਿਰਦਾਰ ਨੂੰ ਜਿਊਂਦਾ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਸਮਾਗਮ 'ਚ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਐਸ.ਪੀ. ਸਿੰਘ ਅਤੇ ਮਾਸਟਰ ਤਾਰਾ ਸਿੰਘ ਦੀ ਦੋਹਤੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਵੀ ਸ਼ਾਮਲ ਹੋਏ। ਇਸ ਮੌਕੇ ਮਾਸਟਰ ਤਾਰਾ ਸਿੰਘ ਬਾਰੇ ਤਿਆਰ ਕੀਤੀ ਸੀ.ਡੀ. ਬੀਬੀ ਕਿਰਨਜੋਤ ਕੌਰ ਨੂੰ ਭੇਟ ਕਰਕੇ ਜਾਰੀ ਕੀਤੀ ਗਈ।



50ਵੀਂ ਬਰਸੀ ਮੌਕੇ ਮਾਸਟਰ ਤਾਰਾ ਸਿੰਘ ਬਾਰੇ ਤਿਆਰ ਕੀਤੀ ਸੀ.ਡੀ. ਬੀਬੀ ਕਿਰਨਜੋਤ ਕੌਰ ਨੂੰ ਭੇਟ ਕਰਕੇ ਕਰਦੇ ਹੋਏ ਨਵਜੋਤ ਸਿੰਘ ਸਿੱਧੂ।

# ਖ਼ਾਲਿਸਤਾਨੀ ਸਮਰਥਕਾਂ ਨੇ ਇੱਕਜੁਟਤਾ ਵਿਖਾਉਂਦਿਆਂ ਦਲ ਖਾਲਸਾ ਦੇ ਮੋਢੀ ਮੈਂਬਰ ਮਨਮੋਹਨ ਸਿੰਘ ਦੀ ਪੰਥਕ ਘਾਲਣਾ ਨੂੰ ਯਾਦ ਕੀਤਾ

**ਹੁਸ਼ਿਆਰਪੁਰ/ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਦੇ ਮੋਢੀ ਮੈਂਬਰ ਮਨਮੋਹਨ ਸਿੰਘ ਖਾਲਸਾ ਨੂੰ ਪੰਥ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦੇ ਸੰਘਰਸ਼ਮਈ ਜੀਵਨ ਬਾਬਤ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਜ਼ਿਕਰਯੋਗ ਹੈ ਕਿ ਮਨਮੋਹਨ ਸਿੰਘ 20 ਨਵੰਬਰ ਨੂੰ ਯੂ.ਕੇ. ਦੇ ਇੱਕ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ ਸਨ। ਦਲ ਖ਼ਾਲਸਾ ਦੇ ਮੋਢੀ ਮੈਂਬਰ ਮਨਮੋਹਨ ਸਿੰਘ ਖ਼ਾਲਸਾ ਯੂ.ਕੇ. ਦੀ ਯਾਦ 'ਚ ਕਰਵਾਏ ਸਮਾਗਮ 'ਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਪਹੁੰਚੇ। ਜਥੇਬੰਦੀ ਵਲੋਂ ਇਸ ਮੌਕੇ ਇੱਕ ਮਤਾ ਪਾਸ ਕਰਕੇ ਕਿਹਾ ਗਿਆ ਕਿ ਭਾਈ ਮਨਮੋਹਨ ਸਿੰਘ ਖਾਲਿਸਤਾਨ ਦਾ ਸੁਪਨਾ ਆਪਣੀਆਂ ਅੱਖਾਂ ਵਿੱਚ ਲੈ ਕੇ ਸੰਸਾਰ ਤੋਂ ਚਲੇ ਗਏ ਹਨ। ਦਲ ਖਾਲਸਾ ਵਚਨਬੱਧ ਹੈ ਕਿ ਉਹ ਪੰਜਾਬ ਲਈ ਸਵੈ-ਨਿਰਣੇ ਦਾ ਹੱਕ ਲੈਣ ਲਈ ਲੜੇ ਜਾ ਰਹੇ ਸੰਘਰਸ਼ ਨੂੰ ਦ੍ਰਿੜਤਾ ਨਾਲ ਜਾਰੀ ਰੱਖੇਗਾ। ਇਸ ਮੌਕੇ ਜੇਲ੍ਹਾਂ ਵਿੱਚ ਨਜ਼ਰਬੰਦ ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਦੇ ਸੰਦੇਸ਼ ਉਹਨਾਂ ਦੇ ਵਕੀਲਾਂ ਸਿਮਰਜੀਤ ਸਿੰਘ ਅਤੇ ਅਮਰ ਸਿੰਘ ਚਾਹਲ ਨੇ ਪੜ੍ਹ ਕੇ ਸੁਣਾਏ।

ਐਤਵਾਰ 3 ਦਸੰਬਰ ਨੂੰ ਇੱਥੇ ਦਲ ਖਾਲਸਾ ਵਲੋਂ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਹੈਡ ਗ੍ਰੰਥੀ ਫਤਿਹਗੜ੍ਹ ਸਾਹਿਬ ਗਿਆਨੀ ਹਰਪਾਲ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਹਰਜਿੰਦਰ ਸਿੰਘ ਧਾਮੀ, ਖਾਲਸਾ ਪੰਚਾਇਤ ਮੁੱਖੀ ਰਾਜਿੰਦਰ ਸਿੰਘ, ਮਨਧੀਰ ਸਿੰਘ, ਜਗਜੀਤ ਸਿੰਘ ਗਾਬਾ ਨੇ ਮਨਮੋਹਨ ਸਿੰਘ ਵਲੋਂ ਸਿੱਖ ਸੰਘਰਸ਼ ਦੌਰਾਨ ਪਾਏ ਯੋਗਦਾਨ ਅਤੇ ਦਿਖਾਈ ਅਡੋਲਤਾ ਤੇ ਦ੍ਰਿੜਤਾ ਦੀ ਸਿਫਤ ਸਲਾਹ ਕਰਦਿਆਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਦਲ ਖ਼ਾਲਸਾ ਦੇ ਮੋਢੀ ਮੈਂਬਰ ਦੀ ਯਾਦ 'ਚ ਕਰਵਾਏ ਸਮਾਗਮ 'ਚ ਸ. ਹਰਚਰਨਜੀਤ ਸਿੰਘ ਧਾਮੀ ਤੇ ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮਨਮੋਹਨ ਸਿੰਘ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ ਸੀ ਅਤੇ ਉਹ ਖਾਲਿਸਤਾਨ ਤਹਿਰੀਕ ਦਾ ਸੱਚਾ ਸਿਪਾਹੀ ਸੀ। ਉਹਨਾਂ ਦੱਸਿਆ ਕਿ ਸ. ਮਨਮੋਹਨ ਸਿੰਘ ਦੇ ਪਰਿਵਾਰ ਨੇ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਦੀਆਂ ਅਸਥੀਆਂ ਨਨਕਾਣਾ ਸਾਹਿਬ ਲੈ ਕੇ ਜਾਣਗੇ ਅਤੇ ਰਾਵੀ ਦਰਿਆ ਵਿੱਚ ਜਲ ਪ੍ਰਵਾਹ ਕਰਨਗੇ।

ਹਰਚਰਨਜੀਤ ਸਿੰਘ ਧਾਮੀ ਨੇ ਦੱਸਿਆ ਕਿ 1 ਮਈ 1992 ਨੂੰ ਜਦੋਂ ਦਲ ਖਾਲਸਾ ਉਤੇ ਪਾਬੰਦੀ ਲਗਾਈ ਗਈ ਸੀ ਤਾਂ ਉਸ ਮੌਕੇ ਮਨਮੋਹਨ ਸਿੰਘ ਪੰਜਾਬ ਛੱਡ ਕੇ ਇੰਗਲੈਂਡ ਚਲੇ ਗਏ ਸਨ ਅਤੇ ਉਹ ਮੁੜ ਵਾਪਿਸ ਨਹੀਂ ਪਰਤੇ ਕਿਉਂਕਿ ਉਹਨਾਂ ਦਾ ਨਾਂ ਭਾਰਤ ਸਰਕਾਰ ਵਲੋਂ ਕਾਲੀ ਸੂਚੀ ਵਿੱਚ ਪਾਇਆ ਗਿਆ ਸੀ।

ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਮਨਮੋਹਨ ਸਿੰਘ ਹੁਣਾਂ ਨੇ ਸਿੱਖ ਅਤੇ ਮੁਸਲਮਾਨ ਕੌਮਾਂ ਦੇ ਰਿਸ਼ਤਿਆਂ ਵਿੱਚ ਨੇੜਤਾ ਲਿਆਉਣ ਲਈ ਵਰਲਡ ਮੁਸਲਿਮ-ਸਿੱਖ ਫੈਡਰੇਸ਼ਨ ਨਾਮੀ ਸੰਸਥਾ ਬਣਾਈ ਸੀ ਅਤੇ ਉਹ ਪਾਕਿਸਤਾਨ ਦੇ ਸਿਆਸੀ ਗਲਿਆਰਿਆਂ ਵਿੱਚ ਚੰਗਾ ਅਸਰ-ਰਸੂਖ ਰੱਖਦੇ ਸਨ।

ਸਮਾਗਮ ਵਿੱਚ ਹਾਜ਼ਰੀਆਂ ਭਰਨ ਵਾਲਿਆਂ ਵਿੱਚ ਸਤਿਨਾਮ ਸਿੰਘ ਪਾਊਂਟਾ ਸਾਹਿਬ, ਪ੍ਰੋ. ਮਹਿੰਦਰਪਾਲ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਅਖੰਡ ਕੀਰਤਨੀ ਜਥੇ ਤੋਂ ਆਰ ਪੀ ਸਿੰਘ, ਇੰਟਰਨੈਸ਼ਨਲ ਅਖੰਡ ਕੀਰਤਨੀ ਜਥੇ ਵੱਲੋਂ ਗਿਆਨੀ ਬਲਦੇਵ ਸਿੰਘ, ਜਸਵੀਰ ਸਿੰਘ ਖੰਡੂਰ, ਸਰਬਜੀਤ ਸਿੰਘ ਘੁਮਾਣ, ਅਮਰੀਕ ਸਿੰਘ ਈਸੜੂ, ਪਰਮਜੀਤ ਸਿੰਘ ਟਾਂਡਾ ਅਤੇ ਪਰਮਜੀਤ ਸਿੰਘ ਮੰਡ ਵੀ ਸ਼ਾਮਿਲ ਹੋਏ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਲੋਂ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਵਿਰੁੱਧ ਮਤਾ ਪਾਸ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਬੁੱਧਵਾਰ ਨੂੰ ਇੱਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਕੋਲੋਂ ਦਿੱਲੀ ਦੇ ਦਿਆਲ ਸਿੰਘ ਕਾਲਜ ਦੇ ਪੁਰਾਣੇ ਨਾਂ ਨੂੰ ਕਾਇਮ ਰੱਖਣ, ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਤੇ ਹੋਰ ਪੰਜਾਬੀ ਵਸੋਂ ਵਾਲੇ ਸੂਬਿਆਂ ਵਿੱਚ ਪੰਜਾਬੀ ਮਾਂ-ਬੋਲੀ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ, ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਿਆਂ ਨੂੰ ਜੀਐਸਟੀ ਤੋਂ ਛੋਟ ਦੇਣ ਦੀ ਮੰਗ ਕੀਤੀ ਗਈ ਹੈ।

ਨਵੇਂ ਬਣੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ 8 ਮਤੇ ਪੜ੍ਹੇ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰੇ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ। ਸਦਨ ਵੱਲੋਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਸਿੱਕਿਮ ਸਥਿਤ ਗੁਰਦੁਆਰਾ ਡਾਂਗਮਾਰ ਅਤੇ ਗੁਰਦੁਆਰਾ ਚੁੰਘਥਾਮ ਵਿਖੇ ਸਿੱਖ ਮਰਿਆਦਾ ਨੂੰ ਬਹਾਲ ਰੱਖਿਆ ਜਾਵੇ ਅਤੇ ਇਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਜਾਵੇ। ਉਨ੍ਹਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸਿੱਕਿਮ ਦੇ ਰਾਜਪਾਲ ਕੋਲੋਂ ਇਹ ਮੰਗ ਕਰਦਿਆਂ ਉਥੇ ਵਾਪਰੀਆਂ ਘਟਨਾਵਾਂ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਦੀ ਨਿਖੇਧੀ ਕੀਤੀ ਹੈ। ਇਜਲਾਸ ਵਿੱਚ ਆਖਿਆ ਗਿਆ ਕਿ ਗੁਰੂ ਘਰਾਂ ਦੀ ਬੇਅਦਬੀ ਲਈ ਸਿੱਕਿਮ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ ਤੇ ਨਿਆਂ ਪ੍ਰਣਾਲੀ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਇਕ ਮਤੇ ਰਾਹੀਂ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਕੋਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਲਈ ਸੰਗਤ ਨੂੰ ਵੱਧ ਤੋਂ ਵੱਧ ਵੀਜ਼ੇ ਦੇਣ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਖੁੱਲ੍ਹੇ ਲਾਂਘੇ ਵਾਸਤੇ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਰਾਏ ਬੁਲਾਰ ਅਹਿਮਦ ਭੱਟੀ ਦੇ ਨਾਂ 'ਤੇ ਲਾਇਬ੍ਰੇਰੀ, ਸਿੱਖ ਅਜਾਇਬ ਘਰ ਤੇ ਸਿੱਖ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਲਈ ਭਾਈ ਮਰਦਾਨਾ ਦੇ ਨਾਂ 'ਤੇ ਸੰਗੀਤ ਅਕੈਡਮੀ ਸਥਾਪਿਤ ਕਰਨ ਅਤੇ ਪਾਕਿਸਤਾਨ ਵਿੱਚ ਸਿੱਖੀ ਦੇ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ 'ਤੇ ਪ੍ਰਚਾਰ ਸਮੱਗਰੀ ਸ਼ਾਹਮੁਖੀ ਵਿੱਚ ਵੀ ਤਿਆਰ ਕਰਨ ਦਾ ਫ਼ੈਸਲਾ ਕੀਤਾ ਹੈ। ਇਕ ਮਤੇ ਰਾਹੀਂ ਧਰਮੀ ਫ਼ੌਜੀਆਂ ਨੂੰ ਅਪਰੈਲ 2018 ਤੋਂ ਅਗਲੇ 5 ਸਾਲਾਂ ਲਈ 50-50 ਹਜ਼ਾਰ ਰੁਪਏ ਦੀ ਸਾਲਾਨਾ ਮਦਦ ਜਾਰੀ ਰੱਖਣ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਆਰਜ਼ੀ ਜਾਂ ਠੇਕੇ 'ਤੇ ਰੱਖਣ ਦੀ ਥਾਂ ਪੱਕੇ ਰੱਖਣ ਲਈ ਸੇਵਾ ਨਿਯਮਾਂ ਵਿੱਚ ਸੋਧ ਕਰਨ ਦਾ ਫ਼ੈਸਲਾ ਕੀਤਾ ਹੈ।



ਨਵੇਂ ਪ੍ਰਧਾਨ ਭਾਈ ਲੌਂਗੋਵਾਲ ਨੂੰ ਸਿਰੋਪਾਓ ਪਾਉਂਦੇ ਹੋਏ ਜਥੇਦਾਰ ਗਿਆਨੀ ਗੁਰਬਚਨ ਸਿੰਘ, ਨਾਲ ਸਾਬਕਾ ਪ੍ਰਧਾਨ ਬਡੂੰਗਰ ਵੀ ਨਜ਼ਰ ਆ ਰਹੇ ਹਨ।

## ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਨਿਰਾ ਲਿਫ਼ਾਫ਼ੇਬਾਜ਼ੀ-ਮਾਨ ਦਲ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਅਹੁਦੇਦਾਰਾਂ ਦੀ ਬੁੱਧਵਾਰ ਨੂੰ ਹੋਈ ਚੋਣ ਨੂੰ ਅਕਾਲੀ ਦਲ (ਅੰਮ੍ਰਿਤਸਰ) ਨੇ ਮੂਲੋਂ ਰੱਦ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਪੰਥਕ ਫਰੰਟ ਦੇ ਆਗੂ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵਾਸਤੇ ਵੋਟਾਂ ਪੁਆ ਕੇ ਉਨ੍ਹਾਂ 'ਲਿਫਾਫਾ ਕਲਚਰ' ਬਦਲਣ ਦਾ ਸਫ਼ਲ ਉਪਰਾਲਾ ਕੀਤਾ ਹੈ। ਸ੍ਰੀ ਭੌਰ ਨੇ ਆਖਿਆ ਕਿ ਭਾਵੇਂ ਉਨ੍ਹਾਂ ਦੇ ਉਮੀਦਵਾਰ ਨੂੰ 15 ਵੋਟਾਂ ਪ੍ਰਾਪਤ ਹੋਈਆਂ ਹਨ, ਪਰ ਜਿਸ ਉਦੇਸ਼ ਨੂੰ ਲੈ ਕੇ ਪੰਥਕ ਫਰੰਟ ਬਣਾਇਆ ਹੈ, ਉਹ ਉਦੇਸ਼ ਨੂੰ ਪੂਰਾ ਕਰਨ ਵਿੱਚ ਸਫ਼ਲ ਰਹੇ ਹਨ। ਉਨ੍ਹਾਂ ਨੇ 22 ਮੈਂਬਰਾਂ ਨਾਲ ਪੰਥਕ ਫਰੰਟ ਕਾਇਮ ਕੀਤਾ ਸੀ, ਜਿਸ ਵਿੱਚੋਂ 5 ਮੈਂਬਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਧੜੇ ਵਿੱਚ ਸ਼ਾਮਲ ਕਰ ਲਏ ਹਨ ਅਤੇ ਪੰਜ ਮੈਂਬਰ ਇੱਥੇ ਪੁੱਜ ਨਹੀਂ ਸਕੇ। ਇਸ ਦੇ ਬਾਵਜੂਦ 15 ਮੈਂਬਰਾਂ ਨੇ ਪੰਥਕ ਫਰੰਟ ਦੇ ਉਮੀਦਵਾਰ ਨੂੰ ਵੋਟਾਂ ਪਾਈਆਂ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ ਨੇ ਇਕ ਬਿਆਨ ਰਾਹੀਂ ਅੱਜ ਹੋਈ ਚੋਣ ਨੂੰ ਮੂਲੋਂ ਰੱਦ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਇਸ ਜਨਰਲ ਹਾਊਸ ਦੀ ਮਿਆਦ ਖਤਮ ਹੋ ਚੁੱਕੀ ਹੈ ਤੇ ਅੱਜ ਦੀ ਚੋਣ ਗ਼ੈਰ-ਸੰਵਿਧਾਨਕ ਹੈ, ਜਿਸ ਨੂੰ ਪਾਰਟੀ ਨੇ ਰੱਦ ਕਰ ਦਿੱਤਾ ਹੈ। ਬਿਨਾਂ ਵੋਟ ਪਾਏ ਜਾਣ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਮੁਹਾਲੀ ਨੇ ਆਖਿਆ ਕਿ ਉਹ ਮੁੱਦਿਆਂ ਦੇ ਆਧਾਰ 'ਤੇ ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਬੰਧ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਖ਼ਿਲਾਫ਼ ਹਨ।


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਕੈਪਟਨ ਨੇ ਖਹਿਰਾ ਤੇ ਬੈਂਸ ਭਰਾਵਾਂ ਉੱਤੇ ਅਚਨਚੇਤ 'ਹੱਲਾ ਬੋਲਿਆ'

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਅੰਤਿਮ ਦਿਨ ਬੁੱਧਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ਼ ਪਾਰਟੀ' ਦੇ ਵਿਧਾਇਕਾਂ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ ਲਿਆਂਦੇ ਮਤੇ ਨੇ ਸੂਬੇ ਦਾ ਸਿਆਸੀ ਮਾਹੌਲ ਭਖਾ ਦਿੱਤਾ ਹੈ। ਸਰਕਾਰੀ ਧਿਰ ਨੇ ਰਿਸ਼ਵਤਖੋਰੀ ਦੀ ਆਡੀਓ' ਮਾਮਲੇ 'ਤੇ ਵਿਰੋਧੀ ਧਿਰ ਦੇ ਨੇਤਾ ਅਤੇ ਬੈਂਸ ਭਰਾਵਾਂ ਵਿਰੁੱਧ ਨਿਸ਼ਾਨਾ ਸਾਧਿਆ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਵਿਧਾਇਕ ਬੈਂਸ ਭਰਾਵਾਂ ਵੱਲੋਂ 35 ਲੱਖ ਰੁਪਏ ਦੀ ਕਥਿਤ ਆਡੀਓ ਟੇਪ ਜਨਤਕ ਕਰਨ ਦੇ ਮਾਮਲੇ 'ਤੇ ਲਿਆਂਦੇ ਮਤੇ ਕਾਰਨ ਸਦਨ 'ਚ ਨਿੰਦਾ ਮਤਾ ਪੇਸ਼ ਕੀਤਾ ਗਿਆ। ਮਤੇ ਰਾਹੀਂ ਸਦਨ ਨੇ ਬੈਂਸ ਭਰਾਵਾਂ ਵੱਲੋਂ ਜਾਰੀ ਆਡੀਓ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਨੋਟਿਸ ਲੈਣ ਦੀ ਅਪੀਲ ਕੀਤੀ।

ਸਦਨ ਵਿੱਚ ਅਚਨਚੇਤ ਵਾਪਰੇ ਇਸ ਘਟਨਕ੍ਰਮ ਕਾਰਨ ਆਪ' ਵਿਧਾਇਕਾਂ ਸਮੇਤ ਹਾਜ਼ਰ ਜ਼ਿਆਦਾਤਰ ਵਿਧਾਇਕਾਂ ਨੂੰ ਹੈਰਾਨੀ' ਹੋਈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਭਾਵੇਂ ਸਦਨ ਵਿੱਚੋਂ ਗੈਰਹਾਜ਼ਰ ਸਨ, ਪਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਵਿਧਾਇਕਾਂ ਨੇ ਕਾਂਗਰਸ ਵੱਲੋਂ ਵਿਰੋਧੀ ਧਿਰ ਦੇ ਨੇਤਾ ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਮਾਮਲੇ 'ਤੇ ਕੋਈ ਦਖ਼ਲ ਨਾ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਚੁੱਪ-ਚਾਪ ਆਪਣੀ ਸੀਟ 'ਤੇ ਬੈਠੇ ਰਹੇ। ਵਿਧਾਨਿਕ ਕੰਮ ਨਿਪਟਾਉਣ ਤੋਂ ਬਾਅਦ ਸਪੀਕਰ ਰਾਣਾ ਕੇ.ਪੀ. ਸਿੰਘ ਨੇ



ਪੰਜਾਬ ਵਿਧਾਨ ਸਭਾ ਵਿੱਚ ਨਿੰਦਾ ਮਤਾ ਪੇਸ਼ ਕਰਦੇ ਹੋਏ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ। ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੈਠੇ ਵਿਖਾਈ ਦੇ ਰਹੇ ਹਨ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਨੂੰ ਸਰਕਾਰੀ ਮਤਾ ਲਿਆਉਣ ਲਈ ਕਿਹਾ ਤਾਂ ਸ੍ਰੀ ਮਹਿੰਦਰਾ ਨੇ ਕਿਹਾ ਕਿ ਸਰਕਾਰੀ ਮਤਾ ਲਿਆਉਣ ਤੋਂ ਪਹਿਲਾਂ ਇੱਕ ਹੋਰ ਗੱਲ ਕਰਨੀ ਹੈ। ਇਸ ਤੋਂ ਤੁਰੰਤ ਬਾਅਦ ਉਨ੍ਹਾਂ ਮਤਾ ਪੇਸ਼ ਕਰਦਿਆਂ ਕਿਹਾ ਕਿ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਨੇ ਖਹਿਰਾ ਦੇ ਮਾਮਲੇ ਨਾਲ ਸਬੰਧਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਸਬੰਧੀ ਗੈਰ-ਜ਼ਿੰਮੇਵਾਰਨਾ ਢੰਗ ਨਾਲ ਇੱਕ ਜੱਜ ਨੂੰ ਕਥਿਤ ਤੌਰ 'ਤੇ 35 ਲੱਖ ਰੁਪਏ ਦੀ ਰਕਮ ਦੇਣ ਦਾ ਦਾਅਵਾ ਕਰਨ ਵਾਲੀ ਜੋ ਆਡੀਓ ਜਾਰੀ ਕੀਤੀ ਹੈ, ਸਦਨ ਉਸ ਦੀ ਨਿੰਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਦਨ, ਪੰਜਾਬ ਦੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਬੇਨਤੀ ਕਰਦਾ ਹੈ ਕਿ ਇਸ ਘਟਨਾ ਦਾ ਖ਼ੁਦ ਨੋਟਿਸ ਲੈ ਕੇ ਅਗਲੀ ਕਾਰਵਾਈ ਕੀਤੀ ਜਾਵੇ। ਸਦਨ ਵਿੱਚ ਮਤਾ ਆਉਣ ਕਾਰਨ ਇਸ ਮਾਮਲੇ 'ਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਰਮਿਆਨ ਟਕਰਾਅ ਦੀ ਸਥਿਤੀ ਵੀ ਪੈਦਾ ਹੋ ਗਈ। ਮਤਾ ਪੇਸ਼ ਕਰਦਿਆਂ ਹੀ ਆਪ' ਦੇ ਵਿਧਾਇਕ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਗਏ। ਸਦਨ ਵਿੱਚ ਮਤਾ ਪੇਸ਼ ਹੋਣ ਤੋਂ ਬਾਅਦ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਇਸ ਨੂੰ ਕੋਝੀ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੁਲੀਸ ਕਾਰਵਾਈ ਦੇ ਆਧਾਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦਕਿ ਪੁਲੀਸ 'ਤੇ ਤਾਂ ਸੀਨੀਅਰ ਅਫ਼ਸਰ ਹੀ ਭਰੋਸਾ ਨਹੀਂ ਕਰ ਰਹੇ। ਇਸ ਦੀ ਮਿਸਾਲ ਮੋਗੇ ਦੇ ਐਸ. ਐਸ.ਪੀ. ਵੱਲੋਂ ਗ੍ਰਹਿ ਵਿਭਾਗ ਨੂੰ ਮਾਮਲੇ ਦੀ ਜਾਂਚ ਨਿਰਪੱਖ ਏਜੰਸੀ ਤੋਂ ਕਰਾਉਣ ਲਈ ਚਿੱਠੀ ਲਿਖਣਾ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਪਹਿਲਾਂ ਹੀ ਇਸ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕਰ ਚੁੱਕੇ ਹਨ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਮੁਲਾਕਾਤ ਕਰ ਕੇ ਵੀ ਇਨਸਾਫ਼ ਤੇ ਜਾਂਚ ਦੀ ਮੰਗ ਕਰ ਚੁੱਕੇ ਹਨ। ਸੰਸਦੀ ਮਾਮਲਿਆਂ ਦੇ ਮੰਤਰੀ ਨੇ ਕਿਹਾ ਕਿ ਇਸ ਮਤੇ ਰਾਹੀਂ ਵੀ ਚੀਫ਼ ਜਸਟਿਸ ਨੂੰ ਜਾਂਚ ਦੀ ਬੇਨਤੀ ਹੀ ਕੀਤੀ ਗਈ ਹੈ। ਆਪ' ਵਿਧਾਇਕਾਂ ਅਤੇ ਬੈਂਸ ਭਰਾਵਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

## ਕੈਪਟਨ ਦੀ ਸਹੇਲੀ ਅਰੂਸਾ ਪਾਕਿਸਤਾਨੀ ਏਜੰਟ: ਖਹਿਰਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਵਿਧਾਨ ਸਭਾ ਦੀ ਪ੍ਰੈੱਸ ਗੈਲਰੀ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵੱਡਾ ਹਮਲਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਰਹਿੰਦੀ ਅਰੂਸਾ ਆਲਮ ਦੇਸ਼ ਲਈ ਖ਼ਤਰਾ ਹੈ। ਸ੍ਰੀ ਖਹਿਰਾ ਨੇ ਵਿਧਾਨ ਸਭਾ ਵਿਚ ਬੈਂਸ ਭਰਾਵਾਂ ਵੱਲੋਂ ਉਨ੍ਹਾਂ ਦੇ ਮਾਮਲੇ ਵਿੱਚ 35 ਲੱਖ ਰੁਪਏ ਦੇ ਲੈਣ-ਦੇਣ ਬਾਰੇ ਜਾਰੀ ਆਡੀਓ ਦੇ ਸਬੰਧ ਵਿੱਚ ਪਾਸ ਕੀਤੇ ਮਤੇ ਤੋਂ ਬਾਅਦ ਭੜਕਦਿਆਂ ਕੈਪਟਨ ਉਪਰ ਵੱਡੇ ਹਮਲੇ ਕੀਤੇ ਅਤੇ ਇੱਕ ਵਾਰ ਉਹ ਭਾਵਕ ਹੋ ਕੇ ਕਈ ਤਿੱਖੇ ਸ਼ਬਦ ਵੀ ਬੋਲ ਗਏ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਜਾਨ ਨੂੰ ਵੀ ਖ਼ਤਰਾ ਹੈ।



ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਪਾਕਿਸਤਾਨ ਦੀਆਂ ਏਜੰਸੀਆਂ ਨੇ ਖ਼ੁਦ ਅਰੂਸਾ ਨੂੰ ਕਥਿਤ ਤੌਰ 'ਤੇ ਕੈਪਟਨ ਦੇ ਸਰਕਾਰੀ ਮਕਾਨ ਵਿੱਚ ਪਲਾਂਟ ਕੀਤਾ ਹੈ। ਇਕ ਪਾਸੇ ਫੌਜੀ ਦੇਸ਼ ਦੀ ਰੱਖਿਆ ਲਈ ਕੁਰਬਾਨੀਆਂ ਦੇ ਰਹੇ ਹਨ ਅਤੇ ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਦੇ ਘਰ ਕਥਿਤ ਤੌਰ 'ਤੇ ਪਾਕਿਸਤਾਨ ਦੀ 'ਜਾਸੂਸ' ਰਹਿ ਰਹੀ ਹੈ। ਉਨ੍ਹਾਂ ਕਿਹਾ ਕਿ ਆਰੂਸਾ ਆਲਮ ਪਾਕਿਸਤਾਨ ਵਿੱਚ ਸੁਰੱਖਿਆ ਮਾਮਲਿਆਂ ਦੀ ਵਿਸ਼ਲੇਸ਼ਕ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਆਡੀਓ ਬਾਰੇ ਵਿਧਾਨ ਸਭਾ ਵਿੱਚ ਮਤਾ ਪਾਸ ਕਰ ਕੇ ਉਨ੍ਹਾਂ ਨੂੰ ਨਿਆਂਪਾਲਿਕਾ ਤੋਂ ਇਨਸਾਫ਼ ਮਿਲਣ ਵਿੱਚ ਰੁਕਾਵਟ ਪਾਉਣ ਦਾ ਯਤਨ ਕੀਤਾ ਹੈ ਤੇ ਸਿੱਧ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਮਾਮਲੇ ਵਿੱਚ 35 ਲੱਖ ਰੁਪਏ ਕਥਿਤ ਤੌਰ 'ਤੇ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਮੁਹੱਈਆ ਕਰਵਾਏ ਗਏ ਹਨ।

ਸ੍ਰੀ ਖਹਿਰਾ ਨੇ ਕਿਹਾ ਕਿ ਸਾਫ਼ ਹੋ ਗਿਆ ਹੈ ਕਿ ਸਰਕਾਰ ਨੇ ਹੀ ਉਨ੍ਹਾਂ ਨੂੰ ਨਸ਼ੇ ਦੇ ਮਾਮਲੇ ਵਿੱਚ ਫਸਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੰਤਰੀ ਬ੍ਰਹਮ ਮਹਿੰਦਰਾ ਤੋਂ ਉਨ੍ਹਾਂ ਨੂੰ ਅਜਿਹੀ ਆਸ ਨਹੀਂ ਸੀ। ਸ੍ਰੀ ਖਹਿਰਾ ਨੇ ਕਿਹਾ ਕਿ ਸਰਕਾਰ ਨੇ ਇਹ ਮਤਾ ਬੈਂਸ ਭਰਾਵਾਂ ਵਿਰੁੱਧ ਇਸ ਲਈ ਲਿਆਂਦਾ ਹੈ ਕਿਉਂਕਿ ਸਿਮਰਜੀਤ ਬੈਂਸ ਨੇ ਵਿਜੀਲੈਂਸ ਵੱਲੋਂ ਕੈਪਟਨ ਵਿਰੁੱਧ ਇੱਕ ਕੇਸ ਬੰਦ ਕਰਨ ਲਈ ਚਲਾਈ ਪ੍ਰਕਿਰਿਆ ਦਾ ਵਿਰੋਧ ਕੀਤਾ ਹੈ।

### ਸਾਡੇ ਵਿਰੁਧ ਮਤਾ ਸਾਜ਼ਿਸ਼:ਬੈਂਸ

ਵਿਧਾਇਕ ਸਿਮਰਜੀਤ ਬੈਂਸ ਨੇ ਦੋਸ਼ ਲਾਇਆ ਕਿ ਆਡੀਓ ਬਾਰੇ ਮਤਾ ਲਿਆਉਣ ਤੋਂ ਪਹਿਲਾਂ ਵਿਧਾਇਕਾਂ ਨੂੰ ਇਸ ਦੀਆਂ ਕਾਪੀਆਂ ਤੱਕ ਨਹੀਂ ਦਿੱਤੀਆਂ ਗਈਆਂ ਤੇ ਸਾਜ਼ਿਸ਼ ਤਹਿਤ ਉਨ੍ਹਾਂ ਵਿਰੁੱਧ ਮਤਾ ਪਾਸ ਕਰਵਾਇਆ ਹੈ।

## ਸੁਪਰੀਮ ਕੋਰਟ ਨੇ ਨਸ਼ਾ ਤਸਕਰੀ ਮਾਮਲੇ 'ਚ ਸੁਖਪਾਲ ਖਹਿਰਾ ਦੀ ਪੇਸ਼ੀ 'ਤੇ ਰੋਕ ਲਾਈ

**ਚੰਡੀਗੜ੍ਹ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਸ਼ੁੱਕਰਵਾਰ (1 ਦਸੰਬਰ, 2017) ਨੂੰ ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਖਹਿਰਾ ਦੀ ਫਾਜ਼ਿਲਕਾ ਅਦਾਲਤ ਵਲੋਂ ਪੇਸ਼ੀ 'ਤੇ ਰੋਕ ਲਾ ਦਿੱਤੀ ਹੈ। ਹਾਲ ਹੀ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਖਪਾਲ ਖਹਿਰਾ ਦੀ ਅਦਾਲਤ ਪੇਸ਼ੀ 'ਤੇ ਰੋਕ ਸਬੰਧੀ ਅਰਜ਼ੀ ਨਾ-ਮਨਜ਼ੂਰ ਕਰ ਦਿੱਤੀ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਸੁਖਪਾਲ ਸਿੰਘ ਖਹਿਰਾ ਦੀ ਅਰਜ਼ੀ ਰੱਦ ਹੋਣ ਤੋਂ ਬਾਅਦ ਫਾਜ਼ਿਲਕਾ ਅਦਾਲਤ ਨੇ ਵੀਰਵਾਰ ਨੂੰ ਸੁਖਪਾਲ ਖਹਿਰਾ ਨੂੰ ਨਵੇਂ ਸਿਰਿਓਂ ਸੰਮਨ ਜਾਰੀ ਕੀਤੇ ਸਨ।

ਹਾਲਾਂਕਿ ਹਾਈ ਕੋਰਟ ਨੇ ਉਨ੍ਹਾਂ ਦੇ ਖਿਲਾਫ ਗ਼ੈਰ-ਜ਼ਮਾਨਤੀ ਵਾਰੰਟ ਰੱਦ ਕਰ ਦਿੱਤੇ ਸੀ। ਇਸ ਦੌਰਾਨ ਸੁਖਪਾਲ ਖਹਿਰਾ ਨੇ ਹਾਈਕੋਰਟ 'ਚ 2015 ਦੀ ਆਪਣੀ ਅਰਜ਼ੀ ਨੂੰ ਦੁਬਾਰਾ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਆਪਣੇ 'ਤੇ ਲੱਗੇ ਦੋਸ਼ਾਂ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਸੀ।

ਫਾਜ਼ਿਲਕਾ ਅਦਾਲਤ ਨੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਅਤੇ ਹੋਰਾਂ ਖਿਲਾਫ 1 ਨਵੰਬਰ ਨੂੰ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸੀ। ਇਸ ਮੁਕੱਦਮੇ 'ਚ ਕਥਿਤ ਸਹਿਯੋਗੀ, ਗੁਰਦੇਵ ਸਿੰਘ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਗੁਰਦੇਵ ਸਿੰਘ ਨੂੰ 31 ਅਕਤੂਬਰ ਨੂੰ 9 ਹੋਰਾਂ ਨਾਲ ਨਸ਼ੇ ਦਾ ਕਾਰੋਬਾਰ ਕਰਨ ਦੇ ਦੋਸ਼ ਹੇਠਾਂ ਸਜ਼ਾ ਸੁਣਾਈ ਗਈ ਸੀ।

ਸੁਖਪਾਲ ਖਹਿਰਾ ਦੇ ਵਿਰੋਧੀਆਂ ਵਲੋਂ ਇਸ ਮਾਮਲੇ ਕਰਕੇ ਉਨ੍ਹਾਂ ਤੋਂ ਅਸਤੀਫੇ ਦੇ ਮੰਗ ਕੀਤੀ ਜਾ ਰਹੀ ਸੀ। ਸੁਖਪਾਲ ਖਹਿਰਾ ਨੇ ਅਸਤੀਫੇ ਤੋਂ ਇਨਕਾਰ ਕਰਦਿਆਂ ਇਸਨੂੰਮ ਸਿਆਸੀ ਬਦਲਾਖੋਰੀ ਦਾ ਨਾਂ ਦਿੱਤਾ ਹੈ।

## ਕੈਪਟਨ ਨੂੰ ਰਾਹੁਲ ਗਾਂਧੀ ਦੇ ਕੌਮੀ ਪ੍ਰਧਾਨ ਬਣਨ ਦਾ ਚਾਅ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਲਈ ਰਾਹੁਲ ਗਾਂਧੀ ਦੇ ਨਾਮ ਦੇ ਪ੍ਰਸਤਾਵ ਬਾਰੇ ਨਾਮਜ਼ਦਗੀ ਪੱਤਰ 'ਤੇ ਦਸਤਖ਼ਤ ਕਰਦਿਆਂ ਇਸ ਨੂੰ ਪਾਰਟੀ ਲਈ ਸ਼ੁੱਭ ਸੰਕੇਤ ਦੱਸਿਆ। ਇਸ ਪ੍ਰਸਤਾਵ 'ਤੇ ਰਾਹੁਲ ਗਾਂਧੀ ਨੂੰ ਵਧਾਈ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਪਾਰਟੀ ਦੇ ਸਿਖਰਲੇ ਅਹੁਦੇ ਲਈ ਕਾਂਗਰਸ ਦੇ ਉਪ-ਪ੍ਰਧਾਨ ਦੀ ਨਾਮਜ਼ਦਗੀ ਦੀ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੋ ਰਹੀ ਹੈ ਅਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਰਾਹੁਲ ਗਾਂਧੀ ਪਾਰਟੀ ਦੀ ਨਵੀਂ ਜ਼ਿੰਮੇਵਾਰੀ ਨੂੰ ਬਿਹਤਰ ਢੰਗ ਨਾਲ ਨਿਭਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਉਹ ਬਚਪਨ ਤੋਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਰਾਹੁਲ ਦਾ ਪਾਰਟੀ ਪ੍ਰਧਾਨ ਬਣਨ ਦਾ ਕਦਮ ਪਾਰਟੀ ਲਈ ਸ਼ੁੱਭ ਸੰਕੇਤ ਹੈ। ਉਨ੍ਹਾਂ ਕਿਹਾ ਕਿ

ਬਾਕੀ ਸਫ਼ਾ 32 'ਤੇ

## ਸੁਖਬੀਰ ਦੇ ਸ਼ਾਹੀ ਹੋਟਲ ਸੁਖਵਿਲਾਸ' ਨੂੰ ਜਾਂਦੀ ਸੜਕ ਦੀ ਵਿਧਾਨ ਸਭਾ 'ਚ ਗੂੰਜ

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਅਖੀਰਲੇ ਦਿਨ ਬੁੱਧਵਾਰ ਨੂੰ ਪ੍ਰਸ਼ਨ-ਕਾਲ ਦੌਰਾਨ ਸ਼ੁਰੂ ਵਿੱਚ ਹੀ ਸੱਤਾਧਾਰੀ ਕਾਂਗਰਸ ਅਤੇ ਵਿਰੋਧੀ ਧਿਰਾਂ ਆਮ ਆਦਮੀ ਪਾਰਟੀ (ਆਪ) ਤੇ ਅਕਾਲੀ ਦਲ-ਭਾਜਪਾ ਗੱਠਜੋੜ ਵਿਚਕਾਰ ਸ਼ਬਦੀ ਜੰਗ ਸ਼ੁਰੂ ਹੋ ਗਈ।

ਭਾਵੇਂ ਕੱਲ੍ਹ ਦੇ ਉਲਟ ਪ੍ਰਸ਼ਨ-ਕਾਲ ਦੌਰਾਨ ਲੋਕ ਦਬਾਅ ਕਾਰਨ ਦੋਵੇਂ ਵਿਰੋਧੀ ਧਿਰਾਂ ਨੇ ਖਾਸ ਕਰ ਕੇ ਰੌਲਾ ਪਾਉਣ ਦੀ ਥਾਂ ਸ਼ਾਂਤੀ ਬਣਾ ਕੇ ਰੱਖੀ ਪਰ ਵੱਖ-ਵੱਖ ਸਵਾਲਾਂ ਉਪਰ ਚੰਗੇ ਸਿਆਸੀ ਭੇੜ ਹੁੰਦੇ ਰਹੇ। ਆਪ' ਵਿਧਾਇਕ ਕੰਵਰ ਸੰਧੂ ਨੇ ਜਦੋਂ ਚੰਡੀਗੜ੍ਹ-ਸਿਸਵਾਂ-ਕੁਰਾਲੀ ਮਾਰਗ ਉਪਰ ਬੜੌਦੀ ਵਿਖੇ ਲੱਗੇ ਟੋਲ ਪਲਾਜ਼ੇ ਦਾ ਮੁੱਦਾ ਉਠਾਇਆ ਤਾਂ ਇਸ ਸੜਕ ਨੂੰ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹੋਟਲ ਸੁੱਖਵਿਲਾਸ ਨਾਲ ਜੋੜ ਕੇ ਆਪ' ਅਤੇ ਕਾਂਗਰਸ ਦੇ ਵਿਧਾਇਕਾਂ ਨੇ ਸਿਆਸੀ ਹਮਲੇ ਕੀਤੇ। ਸ੍ਰੀ ਸੰਧੂ ਨੇ ਕਿਹਾ ਕਿ ਇਹ ਸੜਕ ਨਾ ਤਾਂ ਰਾਜ ਮਾਰਗ ਹੈ ਅਤੇ ਨਾ ਹੀ ਕੌਮੀ ਮਾਰਗ ਪਰ ਇਸ ਦੇ ਬਾਵਜੂਦ ਇਥੇ ਟੋਲ ਪਲਾਜ਼ਾ ਲਗਾਇਆ ਗਿਆ ਹੈ। ਇਥੇ ਇੱਕ ਸੁੱਖਵਿਲਾਸ ਨਾਂ ਦਾ ਹੋਟਲ ਹੈ, ਜਿਸ ਦੇ ਨਾਲ ਇਹ ਸ਼ਾਨਦਾਰ ਸੜਕ ਬਣਾਈ ਗਈ ਹੈ। ਇਸ ਲਈ ਲੋਕਾਂ ਕੋਲੋਂ ਟੋਲ ਪਲਾਜ਼ੇ 'ਤੇ ਪੈਸੇ ਲਏ ਜਾਣ ਦੀ ਥਾਂ ਇਸ ਹੋਟਲ ਕੋਲੋਂ ਵਸੂਲੇ ਜਾਣ। ਕਾਂਗਰਸ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਪਹਿਲਾਂ ਪਤਾ ਲਾਇਆ ਜਾਵੇ ਕਿ ਇਹ ਸੜਕ ਲੋਕਾਂ ਲਈ ਬਣਾਈ ਗਈ ਹੈ ਜਾਂ ਹੋਟਲ ਲਈ ਉਸਾਰੀ ਗਈ ਹੈ ਕਿਉਂਕਿ ਇਹ ਸੜਕ ਕੇਵਲ ਹੋਟਲ ਤੱਕ ਸੀਮਤ ਹੈ। ਕਾਂਗਰਸੀ ਵਿਧਾਇਕ ਸੁਖਜਿੰਦਰ ਰੰਧਾਵਾ ਨੇ ਵੀ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਇਸ ਸਬੰਧੀ ਜੇ ਮੈਂਬਰ ਲਿਖ ਕੇ ਭੇਜਣਗੇ ਤਾਂ ਪੜਤਾਲ ਕਰਵਾਈ ਜਾਵੇਗੀ।

ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਢਿੱਲਵਾਂ ਨਗਰ ਪੰਚਾਇਤ ਦੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਮੁੱਦਾ ਉਠਾਉਂਦਿਆਂ ਦੱਸਿਆ ਕਿ ਇਸ ਦਾ ਕੰਮ ਸਾਲ 2008 ਵਿੱਚ ਸ਼ੁਰੂ ਹੋਇਆ ਸੀ ਤੇ ਇਸ ਉਪਰ 9.52 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਪਰ ਹਾਲੇ ਵੀ ਇਹ ਅੱਧਵਾਟੇ ਪਿਆ ਹੈ, ਜਿਸ ਦੀ ਪੜਤਾਲ ਕਰਵਾਈ ਜਾਵੇ। ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਸ ਦੀ ਵਿਭਾਗੀ ਪੜਤਾਲ ਕਰਵਾਉਣ ਅਤੇ ਕੈਪਟਨ ਅਮਰਿੰਦਰ



ਵਿਧਾਨ ਸਭਾ ਵਿੱਚ ਰੋਸ ਮੁਜ਼ਾਹਰਾ ਕਰਦੇ ਹੋਏ ਅਕਾਲੀ-ਭਾਜਪਾ ਆਗੂ।

ਸਿੰਘ ਨੇ ਲੋੜ ਪੈਣ 'ਤੇ ਵਿਜੀਲੈਂਸ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ।

ਅਕਾਲੀ ਦਲ ਦੇ ਵਿਧਾਇਕ ਐਨ.ਕੇ. ਸ਼ਰਮਾ ਵੱਲੋਂ ਅੱਗ ਬੁਝਾਊ ਗੱਡੀਆਂ ਅਲਾਟ ਕਰਨ ਦੇ ਮੁੱਦੇ ਉਪਰ ਉਠਾਏ ਸਵਾਲ ਦੌਰਾਨ ਨਵਜੋਤ ਸਿੱਧੂ ਅਤੇ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਵਿਚਕਾਰ ਚੰਗੀ ਬਹਿਸ ਹੋਈ। ਜਦੋਂ ਸ੍ਰੀ ਮਜੀਠੀਆ ਨੇ ਪਿਛਲੇ ਦਿਨੀਂ ਲੁਧਿਆਣਾ ਅਗਨੀ ਕਾਂਡ ਦੌਰਾਨ ਫਾਇਰ ਵਿਭਾਗ ਦੀ ਕਥਿਤ ਅਣਗਹਿਲੀ ਦਾ ਮੁੱਦਾ ਉਠਾਇਆ ਤਾਂ ਸ੍ਰੀ ਸਿੱਧੂ ਭੜਕ ਉਠੇ। ਉਨ੍ਹਾਂ ਕਿਹਾ ਕਿ ਸਾਲ 2007 ਤੋਂ 2013 ਤੱਕ ਭਾਰਤ ਸਰਕਾਰ ਨੇ ਅੱਗ ਬੁਝਾਊ ਕਾਰਜਾਂ ਲਈ 32 ਕਰੋੜ ਰੁਪਏ ਦਿੱਤੇ ਸਨ ਪਰ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੇ ਪੰਜੀ ਨਹੀਂ ਖਰਚੀ। ਭਾਰਤ ਸਰਕਾਰ ਨੇ ਬਾਅਦ ਵਿੱਚ 92 ਕਰੋੜ ਰੁਪਏ ਦੀ ਹੋਰ ਗਰਾਂਟ ਦਿੱਤੀ ਪਰ ਪਿਛਲੀ ਸਰਕਾਰ ਨੇ ਕੇਵਲ 17 ਕਰੋੜ ਰੁਪਏ ਹੀ ਖਰਚੇ ਜਦਕਿ 8 ਮਹੀਨਿਆਂ ਦੌਰਾਨ ਕੈਪਟਨ ਸਰਕਾਰ ਨੇ ਇਸ ਕੰਮ ਲਈ 45 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਵਿਧਾਇਕ ਦਿਨੇਸ਼ ਸਿੰਘ ਵੱਲੋਂ ਜ਼ਿਲ੍ਹਾ ਪਠਾਨਕੋਟ ਦੀ ਆਈਟੀਆਈ ਨਿਆੜੀ ਦੀ ਉਸਾਰੀ ਦੇ ਉਠਾਏ ਮੁੱਦੇ ਉਪਰ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਕੇਂਦਰ ਤੋਂ ਤਕਨੀਕੀ ਸਿੱਖਿਆ ਲਈ ਆਈ ਰਾਸ਼ੀ ਹੋਰਨਾਂ ਕੰਮਾਂ ਲਈ ਵਰਤਦੀ ਰਹੀ ਹੈ। ਆਪ' ਦੇ ਵਿਧਾਇਕ ਬਲਦੇਵ ਸਿੰਘ ਵੱਲੋਂ ਸ਼ਗਨ ਸਕੀਮ ਸਬੰਧੀ ਉਠਾਏ ਮੁੱਦੇ ਉਪਰ ਵੀ ਅਕਾਲੀ ਦਲ ਦੇ ਪਵਨ ਟੀਨੂ ਅਤੇ ਸਮਾਜ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਵਿਚਾਲੇ ਬਹਿਸ ਹੋਈ। ਆਪ' ਦੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ ਨੇ ਸ਼ਗਨ ਸਕੀਮ ਤਹਿਤ 51 ਹਜ਼ਾਰ ਰੁਪਏ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ। ਸ੍ਰੀ ਧਰਮਸੋਤ ਨੇ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਖ਼ਜ਼ਾਨਾ ਖਾਲੀ ਕੀਤੇ ਜਾਣ ਕਾਰਨ ਹਾਲੇ ਸ਼ਗਨ ਦੀ ਰਾਸ਼ੀ 21 ਹਜ਼ਾਰ ਰੁਪਏ ਕੀਤੀ ਗਈ ਹੈ ਤੇ ਸਮਾਂ ਆਉਣ 'ਤੇ 51 ਹਜ਼ਾਰ ਰੁਪਏ ਵੀ ਕਰ ਦਿੱਤੀ ਜਾਵੇਗੀ। ਵਿਧਾਇਕ ਗੁਰਕੀਰਤ ਸਿੰਘ ਕੋਟਲੀ ਵੱਲੋਂ ਉਠਾਏ ਗਏ ਪਰਾਲੀ ਦੇ ਮੁੱਦੇ ਬਾਰੇ ਖ਼ੁਦ ਕੈਪਟਨ ਨੇ ਹੀ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਦੱਖਣੀ ਭਾਰਤ ਦੇ ਇੱਕ ਗਰੁੱਪ ਨਾਲ ਗੱਲ ਹੋ ਗਈ ਹੈ ਅਤੇ ਉਸ ਗਰੁੱਪ ਵੱਲੋਂ ਪੰਜਾਬ 'ਚੋਂ ਪਰਾਲੀ ਚੁੱਕਣ ਦਾ ਵਾਅਦਾ ਕੀਤਾ ਗਿਆ ਹੈ। ਇਸ ਸਦਕਾ ਅਗਲੇ ਸੀਜ਼ਨ ਵਿੱਚ ਇਹ ਸਮੱਸਿਆ ਵੱਡੇ ਪੱਧਰ 'ਤੇ ਹੱਲ ਹੋਣ ਦੇ ਆਸਾਰ ਹਨ।

### 10 ਮਿੰਟ ਪਹਿਲਾਂ ਪੁੱਜ ਕੇ ਕੈਪਟਨ ਨੇ ਕੀਤਾ ਹੈਰਾਨ

ਵਿਧਾਨ ਸਭਾ ਦੇ ਸੈਸ਼ਨ ਦੌਰਾਨ ਕੈਪਟਨ ਨੇ ਆਮ ਦੇ ਉਲਟ ਸਮੇਂ ਤੋਂ ਪਹਿਲਾਂ ਪੁੱਜ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਉਹ ਜਿਥੇ ਮੰਗਲਵਾਰ ਨੂੰ ਵਿਧਾਨ ਸਭਾ ਵਿੱਚ ਪੰਜ ਮਿੰਟ ਪਹਿਲਾਂ ਪੁੱਜੇ, ਉਥੇ ਬੁੱਧਵਾਰ ਨੂੰ ਉਹ 10 ਮਿੰਟ ਪਹਿਲਾਂ ਹੀ ਵਿਧਾਨ ਸਭਾ ਵਿੱਚ ਆ ਗਏ।

# ਸੁਖਬੀਰ ਬਾਦਲ ਵਲੋਂ ਨਵੀਂ ਪਾਰੀ ਖੇਡਣ ਲਈ ਧਾਰਮਿਕ ਖੇਤਰ 'ਚ ਰੱਦੋਬਦਲ

**ਜਲੰਧਰ/ਮੇਜਰ ਸਿੰਘ:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਨਵੀਂ ਚੋਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖਾਂ ਅੰਦਰ ਪਾਰਟੀ ਦੀ ਸਾਖ ਨੂੰ ਬਹਾਲ ਕਰਨ ਲਈ ਨਵੀਂ ਪਾਰੀ ਖੇਡਣ ਦਾ ਦਾਅ ਵਰਤਿਆ ਹੈ। ਪੂਰੀ ਦੀ ਪੂਰੀ ਲੀਡਰਸ਼ਿਪ ਨੂੰ ਲਾਂਭੇ ਕਰਕੇ ਸ਼੍ਰੋਮਣੀ ਕਮੇਟੀ 'ਚ ਤਾਜ਼ਗੀ ਭਰਨ ਦੇ ਨਾਲ-ਨਾਲ ਟਕਸਾਲੀ ਅਕਾਲੀ ਆਗੂਆਂ ਨੂੰ ਪਹਿਲੀ ਪਸੰਦ ਬਣਾ ਕੇ ਇਹ ਸੰਕੇਤ ਦਿੱਤਾ ਹੈ ਕਿ ਪਾਰਟੀ ਅਗਲੇ ਦਿਨਾਂ ਵਿਚ ਸਿੱਖ ਮਸਲਿਆਂ ਉੱਪਰ ਵਧੇਰੇ ਧਿਆਨ ਕੇਂਦਰਤ ਕਰੇਗੀ। ਵਿਧਾਨ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਮਾਤ ਖਾ ਜਾਣ ਬਾਅਦ ਅਕਾਲੀ ਲੀਡਰਸ਼ਿਪ ਅੱਗੇ ਇਹ ਗੱਲ ਬੜੀ ਵੱਡੀ ਚੁਣੌਤੀ ਬਣ ਕੇ ਉੱਭਰੀ ਹੋਈ ਹੈ ਕਿ ਸਿੱਖ ਭਾਈਚਾਰੇ ਅੰਦਰ ਪਾਰਟੀ ਦੇ ਮੁੜ ਪੈਰ ਲਗਾਉਣ ਲਈ ਕੰਮ ਕਿਥੋਂ ਸ਼ੁਰੂ ਕੀਤਾ ਜਾਵੇ। ਪਾਰਟੀ ਲੀਡਰਸ਼ਿਪ ਭਾਵੇਂ ਸ਼ਰੇਆਮ ਨਹੀਂ ਪਰ ਇਹ ਗੱਲ ਤਾਂ ਪ੍ਰਵਾਨ ਹੀ ਕਰਕੇ ਚੱਲ ਰਹੀ ਹੈ ਕਿ ਪਿਛਲੇ ਦਸ ਸਾਲ ਹਕੂਮਤ 'ਚ ਰਹਿਣ ਦੌਰਾਨ ਉਹ ਸਿੱਖ ਸਮਾਜ ਦੀਆਂ ਇੱਛਾਵਾਂ ਉੱਪਰ ਪੂਰੇ ਨਹੀਂ ਉੱਤਰੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਡੇਰਾ ਸਿਰਸਾ ਮੁਖੀ ਦੇ ਮਾਮਲਿਆਂ ਨਾਲ ਨਜਿੱਠਣ ਸਮੇਂ ਚੁੱਕੇ ਕਦਮਾਂ ਨਾਲ ਅਕਾਲੀ ਲੀਡਰਸ਼ਿਪ ਸਿੱਖ ਸਮਾਜ ਦੇ ਵੱਡੇ ਹਿੱਸੇ ਦੇ ਗੁੱਸੇ ਦਾ ਵੀ ਸ਼ਿਕਾਰ ਹੋਈ। ਵਿਧਾਨ ਸਭਾ ਚੋਣਾਂ 'ਚ ਨਮੋਸ਼ੀ ਭਰੀ ਹਾਰ ਲਈ ਸਿੱਖ ਸਮਾਜ ਦੇ ਵੱਡੇ ਹਿੱਸਾ ਦਾ ਅਕਾਲੀ ਦਲ ਤੋਂ ਚਲੇ ਜਾਣ ਨੂੰ ਵੀ ਮੰਨਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਸਮੁੱਚੀ ਟੀਮ ਨੂੰ ਬਦਲਣ ਪਿੱਛੇ ਵੱਡਾ ਕਾਰਨ ਇਹੀ ਮੰਨਿਆ ਜਾ ਰਿਹਾ ਹੈ ਕਿ ਸਿੱਖ ਧਾਰਮਿਕ ਖੇਤਰ 'ਚ ਸਫ਼ਾਈ ਤੇ ਸਰਗਰਮੀ ਦੇ ਲੜ ਲੱਗ ਕੇ ਅਕਾਲੀ ਲੀਡਰਸ਼ਿਪ ਆਪਣਾ ਅਕਸ ਸੁਧਾਰਨ ਦੇ ਰਾਹ ਤੁਰੀ ਹੈ। ਕਰੀਬ ਦੋ ਦਹਾਕਿਆਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਵਿਚ ਦੂਜੀ ਕਤਾਰ ਦੀ ਲੀਡਰਸ਼ਿਪ ਦੀ ਪੁੱਛਗਿੱਛ ਤੇ ਪੁੱਗਤ ਨਜ਼ਰ ਆਈ ਹੈ ਗ਼ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗਾਂ ਕੀਤੀਆਂ ਤੇ ਫਿਰ ਸੀਨੀਅਰ ਅਕਾਲੀ ਆਗੂਆਂ ਨਾਲ ਵਿਚਾਰ-ਵਟਾਂਦਰੇ ਕੀਤੇ ਗਏ ਗ਼ ਬਣਾਏ ਗਏ ਅਹੁਦੇਦਾਰਾਂ ਦੀ ਸੂਚੀ ਉੱਪਰ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਨਜ਼ਰ ਆਉਂਦੀ ਹੈ ਕਿ ਦੂਜੀ ਕਤਾਰ ਦੇ ਆਗੂਆਂ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ 1996



ਤੋਂ ਬਾਅਦ ਲਗਾਤਾਰ ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਦੇ ਨਜ਼ਦੀਕੀ ਚਲੇ ਆ ਰਹੇ ਹਨ ਗ਼ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ ਮਾਝੇ ਦੇ ਜਰਨੈਲ ਰਹੇ, ਪਰ ਪਿਛਲੇ ਸਾਲਾਂ ਦੌਰਾਨ ਕੁਝ ਪਿੱਛੇ ਚਲੇ ਗਏ ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਦੇ ਪੁਰਾਣੇ ਨਜ਼ਦੀਕੀ ਸਾਥੀ ਹਨ। ਜੂਨੀਅਰ ਮੀਤ ਪ੍ਰਧਾਨ ਹਰਦੇਵ ਸਿੰਘ ਜੱਲਾ ਅਤੇ ਕਾਰਜਕਾਰਨੀ 'ਚ ਅਕਾਲੀ ਦਲ ਨਾਲ ਸਬੰਧਿਤ 10 ਮੈਂਬਰ ਟਕਸਾਲੀ ਅਕਾਲੀ ਪਿਛੋਕੜ ਵਾਲੇ ਹਨ ਤੇ ਅਹਿਮ ਗੱਲ ਇਹ ਕਿ ਇਨ੍ਹਾਂ ਵਿਚੋਂ ਕੋਈ ਪਿਛਲੇ ਸਾਲਾਂ ਦੌਰਾਨ ਉੱਠੇ ਵਿਵਾਦਾਂ ਵਿਚ ਘਿਰਿਆ ਹੋਇਆ ਨਹੀਂ। ਕਈ ਮੈਂਬਰ ਅਜਿਹੇ ਹਨ ਜਿਨ੍ਹਾਂ ਨੇ ਅਕਾਲੀ ਮੋਰਚਿਆਂ 'ਚ ਜੇਲ੍ਹਾਂ ਵੀ ਕੱਟੀਆਂ ਹਨ ਤੇ ਸਾਫ਼-ਸੁਥਰੀ ਦਿੱਖ ਵਾਲੇ ਹਨ। ਇਹ ਵੀ ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ 'ਚ ਨਵਾਂ ਤਜਰਬਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਨੇ ਆਪਣੇ ਬਲਬੂਤੇ ਉੱਪਰ ਹੀ ਕੀਤਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਹਿਮ ਭੂਮਿਕਾ ਨਹੀਂ ਰਹੀ।

## ਦਮਦਮੀ ਟਕਸਾਲ ਤੋਂ ਪਾਸਾ ਵੱਟਿਆ

ਸ਼੍ਰੋਮਣੀ ਕਮੇਟੀ ਦੀ ਪਿਛਲੀ ਟੀਮ ਵਿਚ ਦਮਦਮੀ ਟਕਸਾਲ ਦੇ ਪਿਛੋਕੜ ਵਾਲਿਆਂ ਦਾ ਭਰਵਾਂ ਦਬਦਬਾ ਸੀ ਤੇ ਪਿਛਲੇ ਸਾਲਾਂ ਦੌਰਾਨ ਅਕਾਲੀ ਦਲ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਪਈ ਕਰੰਗੜੀ ਕਾਰਨ ਕਮੇਟੀ ਦੇ ਕੰਮਕਾਜ 'ਚ ਵੀ ਟਕਸਾਲ ਦਾ ਦਖ਼ਲ ਵਧਣ ਦੀ ਆਮ ਚਰਚਾ ਸੀ। ਸ੍ਰੀ ਦਰਬਾਰ ਸਾਹਿਬ ਅੰਦਰ ਸ਼ਹੀਦੀ ਯਾਦਗਾਰ ਬਣਾਏ ਜਾਣ ਦੀ ਸੇਵਾ ਟਕਸਾਲ ਨੂੰ ਸੌਂਪੇ ਜਾਣ ਦਾ ਮੁੱਦਾ ਵੀ ਚਰਚਾ ਦਾ ਵਿਸ਼ਾ ਬਣਦਾ ਰਿਹਾ। ਫਿਰ ਉਸ ਤੋਂ ਬਾਅਦ ਹੋਰ ਵੀ ਬੜੇ ਮੌਕਿਆਂ ਉੱਪਰ ਕਈ ਤਰ੍ਹਾਂ ਦੇ ਸੁਆਲ ਉਠਦੇ ਰਹੇ। ਪਰ ਦੋਵਾਂ ਧਿਰਾਂ ਦੀ ਆਪਸੀ ਜ਼ਰੂਰਤ ਤੇ ਸਹੂਲਤ ਕਾਰਨ ਇਹ ਗਠਜੋੜ ਚਲਦਾ ਰਿਹਾ। ਪਰ ਪਤਾ ਲੱਗਾ ਹੈ ਕਿ ਉੱਘੇ ਕਾਲਮ ਨਵੀਸ ਤੇ ਪੱਤਰਕਾਰ ਕੁਲਦੀਪ ਨਈਅਰ ਤੋਂ ਸ਼੍ਰੋਮਣੀ ਕਮੇਟੀ ਵਲੋਂ ਸਨਮਾਨ ਵਾਪਸ ਲੈਣ ਦੇ ਫ਼ੈਸਲੇ ਨੇ ਅਕਾਲੀ ਲੀਡਰਸ਼ਿਪ ਨੂੰ ਵੱਡੀ ਨਮੋਸ਼ੀ 'ਚ ਪਾ ਦਿੱਤਾ। ਸ੍ਰੀ ਕੁਲਦੀਪ ਨਈਅਰ ਹਮੇਸ਼ਾ ਅਕਾਲੀ ਲੀਡਰਸ਼ਿਪ ਦੇ ਨਜ਼ਦੀਕੀ ਰਹੇ ਹਨ ਤੇ ਪੰਜਾਬ ਤੇ ਸਿੱਖਾਂ ਦੇ ਮਸਲਿਆਂ ਬਾਰੇ ਉਨ੍ਹਾਂ ਵੱਲੋਂ ਮਾਰੇ ਜਾਂਦੇ ਰਹੇ ਹਾਅ ਦੇ ਨਾਅਰੇ ਤੋਂ ਕੋਈ ਵੀ ਨਾਵਾਕਫ਼ ਨਹੀਂ।



ਦੱਸਿਆ ਜਾਂਦਾ ਹੈ ਕਿ ਟਕਸਾਲ ਨਾਲ ਸਬੰਧਿਤ ਕਾਰਜਕਾਰਨੀ ਦੇ ਮੈਂਬਰਾਂ ਤੇ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਦਬਾਅ ਕਾਰਨ ਇਹ ਫ਼ੈਸਲਾ ਲਿਆ ਗਿਆ ਸੀ। ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਲਈ ਇਹ ਫ਼ੈਸਲਾ ਬੇਹੱਦ ਚੁੱਭਣ ਵਾਲਾ ਸੀ ਤੇ ਦੇਸ਼ ਦੀ ਕੌਮੀ ਲੀਡਰਸ਼ਿਪ ਸਾਹਮਣੇ ਉਨ੍ਹਾਂ ਨੂੰ ਨਮੋਸ਼ੀ ਵੀ ਹੋ ਰਹੀ ਸੀ ਗ਼ ਦੱਸਿਆ ਜਾਂਦਾ ਹੈ ਕਿ ਅਜਿਹੇ ਮਸਲਿਆਂ ਕਾਰਨ ਹੀ ਟਕਸਾਲ ਦੀ ਸਮੁੱਚੀ ਟੀਮ ਹੀ ਕਮੇਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਤੋਂ ਬਾਹਰ ਕਰ ਦਿੱਤੀ ਗਈ ਹੈ। ਹੁਣ ਕਾਰਜਕਾਰਨੀ ਵਿਚ ਸਿਰਫ਼ ਇਕ ਮੈਂਬਰ ਹੀ ਟਕਸਾਲ ਨਾਲ ਹਮਦਰਦੀ ਰੱਖਣ ਵਾਲੇ ਦੱਸੇ ਜਾਂਦੇ ਹਨ। ਭਾਵੇਂ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਨਵੀਂ ਚੋਣ ਦਾ ਹਾਲ ਦੀ ਘੜੀ ਸੁਆਗਤ ਕੀਤਾ ਹੈ, ਪਰ ਰਾਜਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਂਦੇ ਦਿਨਾਂ 'ਚ ਨਵੇਂ ਵਾਪਰੇ ਇਸ ਘਟਨਾ ਕਰਮ ਦਾ ਅਕਾਲੀ ਦਲ ਤੇ ਟਕਸਾਲ ਦੇ ਰਿਸ਼ਤਿਆਂ ਉੱਪਰ ਵੀ ਡੂੰਘਾ ਅਸਰ ਪੈ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਮਾਮਲੇ ਵਿਚ ਤਾਂ ਭਾਵੇਂ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਬੜਾ ਵੱਡਾ ਕਦਮ ਚੁੱਕਿਆ ਗਿਆ ਹੈ। ਦੂਜੇ ਪਾਸੇ ਅਕਾਲੀ ਦਲ ਦੀ ਜਥੇਬੰਦਕ ਬਣਤਰ ਸਮੇਂ ਕਿਸੇ ਵੀ ਤਰ੍ਹਾਂ ਦੀ ਕੋਈ ਤਬਦੀਲੀ ਨਾ ਕੀਤੇ ਜਾਣ ਬਾਰੇ ਬੜੇ ਤਰ੍ਹਾਂ ਦੇ ਸੁਆਲ ਉੱਠ ਰਹੇ ਹਨ। ਧਾਰਮਿਕ ਖੇਤਰ 'ਚ ਚੁੱਕਿਆ ਕਦਮ ਅਕਾਲੀ ਲੀਡਰਸ਼ਿਪ ਲਈ ਕਿਹੋ ਜਿਹਾ ਰਾਜਸੀ ਫ਼ਲ ਦਿੰਦਾ ਹੈ, ਆਉਣ ਵਾਲੇ ਸਮੇਂ 'ਚ ਪਤਾ ਲੱਗੇਗਾ।

# ਨਵੀਂ ਪੂਰ ਦੇ ਧਾਰਮਿਕ ਆਗੂ ਅੱਗੇ ਲਿਆਉਣ ਵੱਲ ਉਚੇਚਾ ਧਿਆਨ

**ਅੰਮ੍ਰਿਤਸਰ/ਜਗਤਾਰ ਸਿੰਘ ਲਾਂਬਾ:**
ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਲੀਡਰਸ਼ਿਪ ਸਬੰਧੀ ਆਈ ਖੜੋਤ ਅਤੇ ਧਾਰਮਿਕ ਲੀਡਰਸ਼ਿਪ ਦੀ ਘਾਟ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਆਪਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਹਰ ਵਰ੍ਹੇ ਅੰਤ੍ਰਿੰਗ ਕਮੇਟੀ ਵਿੱਚ ਕੰਮ ਕਰਨ ਦਾ ਮੌਕਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸੇ ਤਹਿਤ ਬੁੱਧਵਾਰ ਨੂੰ ਹੋਏ ਜਨਰਲ ਚੋਣ ਇਜਲਾਸ ਦੌਰਾਨ ਅੰਤ੍ਰਿੰਗ ਕਮੇਟੀ ਵਿੱਚ ਸਾਰੇ ਨਵੇਂ ਮੈਂਬਰ ਸ਼ਾਮਲ ਕੀਤੇ ਗਏ ਹਨ।

ਜਨਰਲ ਇਜਲਾਸ ਦੌਰਾਨ ਪ੍ਰਧਾਨ ਤੋਂ ਲੈ ਕੇ ਅੰਤ੍ਰਿੰਗ ਕਮੇਟੀ ਤੱਕ ਸਾਰੀ ਟੀਮ ਨੂੰ ਬਦਲ ਦਿੱਤਾ ਗਿਆ ਹੈ। ਅਹੁਦੇਦਾਰਾਂ ਵਿੱਚ ਸਿਰਫ਼ ਦੋ ਪੁਰਾਣੇ ਮੈਂਬਰਾਂ ਨੂੰ ਦੁਬਾਰਾ ਮੌਕਾ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਗੁਰਬਚਨ ਸਿੰਘ ਕਰਮੂਵਾਲ ਸ਼ਾਮਲ ਹਨ। ਉਹ ਪਹਿਲਾਂ ਅੰਤ੍ਰਿੰਗ ਕਮੇਟੀ ਮੈਂਬਰ ਸਨ ਤੇ ਹੁਣ ਉਨ੍ਹਾਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਵਜੋਂ ਰਘੂਜੀਤ ਸਿੰਘ ਵਿਰਕ (ਕਰਨਾਲ) ਨੂੰ ਮੁੜ ਮੌਕਾ ਦਿੱਤਾ ਗਿਆ ਹੈ। ਉਹ 2010 ਵਾਲੇ ਅਹੁਦੇਦਾਰਾਂ ਵਿੱਚ ਬਤੌਰ ਸੀਨੀਅਰ ਮੀਤ ਪ੍ਰਧਾਨ ਰਹਿ ਚੁੱਕੇ ਹਨ। 2010 ਵਾਲੇ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਚਲਾਉਣ ਲਈ ਜ਼ਿੰਮੇਵਾਰੀ ਸੌਂਪੀ ਗਈ ਸੀ।

ਸ਼੍ਰੋਮਣੀ ਕਮੇਟੀ ਦੀ ਸਮੁੱਚੀ ਟੀਮ ਵਿੱਚ ਨਵੇਂ ਮੈਂਬਰਾਂ ਨੂੰ ਮੌਕਾ ਦੇਣ ਅਤੇ ਪੁਰਾਣਿਆਂ ਨੂੰ ਜ਼ਿੰਮੇਵਾਰੀ ਤੋਂ ਫ਼ਾਰਗ ਕਰਨ ਦੇ ਫ਼ੈਸਲੇ ਨਾਲ ਪੰਥਕ ਹਲਕਿਆਂ ਵਿੱਚ ਹੈਰਾਨੀ ਹੈ ਪਰ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਇਹ ਫ਼ੈਸਲਾ ਨਵੀਂ ਧਾਰਮਿਕ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰਾਂ ਵਿੱਚ ਵੀ ਵਧੇਰੇ ਰੁਝਾਨ ਸਿਆਸੀ ਪਾਰਟੀ ਵਿੱਚ ਕੰਮ ਕਰਨ ਦਾ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਹਾਕਮ ਧਿਰ ਨੂੰ ਧਾਰਮਿਕ ਲੀਡਰਸ਼ਿਪ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਘਾਟ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਹੁਣ ਚੰਗੇ ਕਿਰਦਾਰ ਵਾਲੇ ਮੈਂਬਰਾਂ ਨੂੰ ਅੰਤ੍ਰਿੰਗ ਕਮੇਟੀ ਵਿੱਚ ਸ਼ਾਮਲ ਕਰ ਕੇ ਮੌਕਾ ਦਿੱਤਾ ਜਾਵੇਗਾ ਤਾਂ ਜੋ ਉਹ ਸੰਸਥਾ ਦੇ ਕੰਮਕਾਜ ਤੋਂ ਜਾਣੂ ਹੋ ਸਕਣ।



ਸ਼੍ਰੋਮਣੀ ਕਮੇਟੀ ਵਿੱਚ ਲੰਮੇ ਸਮੇਂ ਤੋਂ ਕੁਝ ਮੈਂਬਰਾਂ ਵੱਲੋਂ ਹੀ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਵਜੋਂ ਕੰਮ ਕਰਨ ਕਾਰਨ ਬਣੀ ਖੜੋਤ ਨੂੰ ਵੀ ਤੋੜਿਆ ਗਿਆ ਹੈ। ਹਾਕਮ ਧਿਰ ਇਹ ਵੀ ਮਹਿਸੂਸ ਕਰਦੀ ਹੈ ਕਿ ਇਸ ਨਾਲ ਮੁਲਾਜ਼ਮਾਂ ਵਿੱਚ ਬਣੀ ਧੜੇਬੰਦੀ ਵੀ ਖ਼ਤਮ ਹੋਵੇਗੀ। ਨਵੀਂ ਟੀਮ ਆਉਣ ਨਾਲ ਨਵਾਂ ਜੋਸ਼ ਵੀ ਪੈਦਾ ਹੋਵੇਗਾ, ਜਿਸ ਦੀ ਸ਼੍ਰੋਮਣੀ ਅਕਾਲੀ ਦਲ 'ਚ ਇਸ ਵੇਲੇ ਬੇਹੱਦ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਹੋਈ ਹਾਰ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਰਾਹੀਂ ਸਰਗਰਮੀਆਂ ਤੇਜ਼ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਨਾਲ ਜੁੜਨ ਨਾਲ ਵੀ ਹਾਕਮ ਧਿਰ ਨੂੰ ਲਾਹਾ ਮਿਲਣ ਦੀ ਆਸ ਹੈ। ਇਸੇ ਲਈ ਸੰਤ ਲੌਂਗੋਵਾਲ ਦੇ ਕਰੀਬੀ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੰਸਥਾ ਦੇ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ। ਪਾਰਟੀ ਸੂਤਰਾਂ ਮੁਤਾਬਕ ਭਾਈ ਲੌਂਗੋਵਾਲ ਦੀ ਸ਼ਖ਼ਸੀਅਤ ਇੱਕ ਧਾਰਮਿਕ, ਇਮਾਨਦਾਰ ਅਤੇ ਪਾਰਟੀ ਪ੍ਰਤੀ ਵਫ਼ਾਦਾਰ ਆਗੂ ਦੀ ਹੈ। ਉਹ ਚੰਗੇ ਕੀਰਤਨੀਏ ਵੀ ਹਨ ਤੇ ਗੁਰਦੁਆਰੇ ਦੇ ਮੁਖੀ ਵੀ ਹਨ।

## ਬੰਡੂਗਰ ਦੀ ਸਿਹਤ ਬਣੀ ਬਦਲੀ ਦਾ ਕਾਰਨ

ਪਾਰਟੀ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਪ੍ਰੋ. ਬਡੂੰਗਰ ਦੀ ਸਿਹਤ ਪਿਛਲੇ ਸਮੇਂ ਦੌਰਾਨ ਠੀਕ ਨਹੀਂ ਰਹੀ ਅਤੇ ਭਵਿੱਖ ਵਿੱਚ ਇਸ ਕਾਰਨ ਸੰਸਥਾ ਅਤੇ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਇਸ ਲਈ ਨਵੇਂ ਵਿਅਕਤੀ ਨੂੰ ਪ੍ਰਧਾਨ ਵਜੋਂ ਮੌਕਾ ਦਿੱਤਾ ਗਿਆ ਹੈ। ਪ੍ਰਧਾਨ ਸਮੇਤ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਬਦਲ ਕੇ ਇਹ ਸੰਕੇਤ ਦੇਣ ਦਾ ਯਤਨ ਵੀ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਚੰਗੀ ਕਾਰਗੁਜ਼ਾਰੀ ਵਾਲੀਆਂ ਸ਼ਖ਼ਸੀਅਤਾਂ ਨੂੰ ਹੀ ਮੌਕਾ ਮਿਲੇਗਾ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਹਰ ਜ਼ਿਲ੍ਹੇ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਇੱਕ-ਇੱਕ ਕਰ ਕੇ ਮੀਟਿੰਗ ਕੀਤੀ ਸੀ, ਜਿਸ ਵਿੱਚ ਮੌਜੂਦਾ ਨਿਜ਼ਾਮ ਬਾਰੇ ਸ਼ਿਕਾਇਤਾਂ ਵੀ ਮਿਲੀਆਂ ਸਨ।



## ਅਕਾਲੀ ਦਲ ਦੇ 7 ਹੋਰ ਜ਼ਿਲ੍ਹਾ ਪ੍ਰਧਾਨ ਨਿਯੁਕਤ

*ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਲ ਦੇ ਜਥੇਬੰਦਕ ਢਾਂਚੇ ਵਿੱਚ ਵਾਧਾ ਕਰਦਿਆਂ ਪਾਰਟੀ ਦੇ ਸੱਤ ਹੋਰ ਜ਼ਿਲ੍ਹਾ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ। ਜਿਨ੍ਹਾਂ ਪਾਰਟੀ ਆਗੂਆਂ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ ਹੈ, ਉਨ੍ਹਾਂ ਵਿੱਚ ਐਨ.ਕੇ. ਸ਼ਰਮਾ ਨੂੰ ਮੁਹਾਲੀ, ਗੁਰਪਾਲ ਸਿੰਘ ਗਰੇਵਾਲ ਨੂੰ ਫ਼ਾਜ਼ਲਿਕਾ (ਦਿਹਾਤੀ), ਪਰਮਜੀਤ ਸਿੰਘ ਲੱਖੇਵਾਲ ਨੂੰ ਰੋਪੜ, ਕੁਲਵੰਤ ਸਿੰਘ ਮੰਨਣ ਨੂੰ ਜਲੰਧਰ (ਸ਼ਹਿਰੀ), ਜਥੇਦਾਰ ਜਗੀਰ ਸਿੰਘ ਵਡਾਲਾ ਨੂੰ ਕਪੂਰਥਲਾ, ਰੋਹਿਤ ਕੁਮਾਰ ਮੋਂਟੂ ਵੋਹਰਾ ਨੂੰ ਫ਼ਿਰੋਜ਼ਪੁਰ (ਸ਼ਹਿਰੀ) ਅਤੇ ਕੁਲਵੰਤ ਸਿੰਘ ਕੀਤੂ ਨੂੰ ਬਰਨਾਲਾ ਦਾ ਪ੍ਰਧਾਨ ਬਣਾਇਆ ਗਿਆ ਹੈ।*

## ਅਕਾਲੀ ਦਲ (ਬਾਦਲ) ਨੇ ਸਰਕਾਰ ਨੂੰ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਦੀ ਥਾਂ ਪਿਛਾਂਹ ਧੱਕਣ ਦੀ ਦੋਸ਼ੀ ਦਸਿਆ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ ਵਲੋਂ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਦੀ ਥਾਂ ਪਿਛਾਂਹ ਧੱਕਣ ਦਾ ਦੋਸ਼ ਲਾਉਂਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਵਿਦਿਆਰਥੀਆਂ ਦੇ ਅੰਕ ਵੇਰਵਾ ਸਰਟੀਫਿਕੇਟਾਂ (ਡੀ.ਐਮ.ਸੀਜ਼) 'ਤੇ ਨਿੱਜੀ ਵੇਰਵੇ ਪੰਜਾਬੀ ਤੋਂ ਪਹਿਲਾਂ ਅੰਗਰੇਜ਼ੀ ਵਿਚ ਲਿਖਣ ਦੇ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਪਾਰਟੀ ਦਾ ਕਹਿਣਾ ਹੈ ਕਿ ਕਾਂਗਰਸ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਲੈ ਕੇ ਰਤੀ ਭਰ ਵੀ ਗੰਭੀਰ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੇ ਹਿਤਾਂ ਨੂੰ ਨਜ਼ਰਅੰਦਾਜ਼ ਕਰਨਾ ਆਪਣਾ ਸੁਭਾਅ ਹੀ ਬਣਾ ਲਿਆ ਹੈ। ਇਸ ਦੀ ਤਾਜ਼ਾ ਝਲਕ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਲਏ ਗਏ ਇਕ ਪੰਜਾਬੀ-ਭਾਸ਼ਾ ਵਿਰੋਧੀ ਫ਼ੈਸਲੇ 'ਚੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪੰਜਾਬੀ ਦੀ ਇਸ ਤੋਂ ਵੱਡੀ ਬੇਕਦਰੀ ਕੀ ਹੋ ਸਕਦੀ ਹੈ ਕਿ ਸਕੂਲੀ ਵਿਦਿਆਰਥੀਆਂ ਦੇ ਸਰਟੀਫਿਕੇਟਾਂ 'ਤੇ ਵੀ ਪੰਜਾਬੀ ਨੂੰ ਅੰਗਰੇਜ਼ੀ ਦੇ ਪਿੱਛੇ ਧੱਕ ਦਿੱਤਾ ਜਾਵੇ। ਸਿੱਖਿਆ ਬੋਰਡ ਦੇ ਤਾਜ਼ਾ ਫ਼ੈਸਲੇ ਨੂੰ ਤੁਰੰਤ ਰੱਦ ਕਰਵਾਉਣ ਦੀ ਮੰਗ ਕਰਦਿਆਂ ਅਕਾਲੀ ਆਗੂ ਨੇ ਕਾਂਗਰਸ ਸਰਕਾਰ ਨੂੰ ਕਿਹਾ ਕਿ ਸਰਕਾਰ ਦੀ ਜ਼ਿੰਮੇਵਾਰੀ ਪੰਜਾਬੀ ਦਾ ਵਿਕਾਸ ਕਰਨ ਦੀ ਹੈ ਅਤੇ ਉਹ ਉਲਟਾ ਪੰਜਾਬੀ ਨੂੰ ਪਿੱਛੇ ਵੱਲ ਧੱਕ ਰਹੀ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਨੂੰ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਦੇ ਦੋਸ਼ਾਂ ਅਧੀਨ ਇਸੇ ਸਾਲ ਦਿੱਤੀ ਗਈ ਸੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਸੇ ਸਾਲ 2017 'ਚ ਵਿਧਾਨ ਸਭਾ ਚੋਣਾਂ ਮੌਕੇ ਡੇਰਾ ਸਿਰਸਾ ਤੋਂ ਮਦਦ ਲੈਣ ਲਈ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਪਾਏ ਜਾਣ 'ਤੇ ਸਜ਼ਾ ਸੁਣਾਈ ਗਈ ਸੀ। ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਡੇਰਾ ਸਿਰਸਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸਦੀ ਜਾਂਚ ਲਈ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਇਕ ਜਾਂਚ ਕਮੇਟੀ ਬਣਾਈ ਸੀ। ਤਿੰਨ ਮੈਂਬਰੀ ਜਾਂਚ ਕਮੇਟੀ ਨੇ 44 ਅਜਿਹੇ ਸਿਆਸਤਦਾਨਾਂ ਦੀ ਸੂਚੀ ਤਿਆਰ ਕਰਕੇ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਸੀ, ਜਿਨ੍ਹਾਂ ਨੇ ਡੇਰਾ ਸਿਰਸਾ ਤੋਂ ਹਮਾਇਤ ਮੰਗੀ ਸੀ। ਇਸ ਸੂਚੀ ਵਿਚ ਗੋਬਿੰਦ ਸਿੰਘ ਲੌਂਗੋਵਾਲ ਦਾ ਨਾਂ ਵੀ ਸੀ, ਜਿਸਨੇ ਕਿ ਸੁਨਾਮ ਹਲਕੇ ਤੋਂ ਵਿਧਾਨ ਸਭਾ ਚੋਣ ਲੜੀ ਸੀ, ਪਰ ਉਹ ਚੋਣ ਹਾਰ ਗਿਆ ਸੀ। ਲੌਂਗੋਵਾਲ ਨੂੰ ਡੇਰਾ ਸਿਰਸਾ ਤੋਂ ਹਮਾਇਤ ਲੈਣ ਦਾ ਦੋਸ਼ੀ ਪਾਏ ਜਾਣ 'ਤੇ ਅਕਾਲ ਤਖ਼ਤ ਵਲੋਂ ਤਨਖਾਹ' ਲਾਈ ਗਈ ਸੀ। ਜਿਸ ਵਿਚ ਉਸਨੂੰ ਜੋੜੇ ਝਾੜਨ, ਜੂਠੇ ਬਰਤਨ ਸਾਫ



ਗੋਬਿੰਦ ਸਿੰਘ ਲੌਂਗੋਵਾਲ ਉਨ੍ਹਾਂ ਇਸ ਸਾਲ ਅਪ੍ਰੈਲ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲੱਗੀ ਤਨਖ਼ਾਹ ਦੇ ਹਿੱਸੇ ਵਜੋਂ ਦਰਬਾਰ ਸਾਹਿਬ ਨੂੰ ਜਾਂਦੇ ਰਸਤੇ ਦੀ ਸਫਾਈ ਕਰਦੇ ਹੋਏ।

ਕਰਨ, ਦਰਬਾਰ ਸਾਹਿਬ ਪਰਕਰਮਾ 'ਚ ਫਰਸ਼ ਸਾਫ ਕਰਨ ਦੀ ਸਜ਼ਾ ਲਾਈ ਗਈ ਸੀ। ਸਜ਼ਾ ਉਪਰੰਤ ਉਸਨੂੰ ਅਖੰਡ ਪਾਠ ਕਰਾਉਣ ਦੀ ਵੀ ਹਦਾਇਤ ਅਕਾਲ ਤਖ਼ਤ ਸਾਹਿਬ ਵਲੋਂ ਦਿੱਤੀ ਗਈ ਸੀ। ਗੋਬਿੰਦ ਸਿੰਘ ਲੌਂਗੋਵਾਲ ਇਸੇ ਸਾਲ 17 ਅਪ੍ਰੈਲ ਨੂੰ ਹੋਰ ਸਿੱਖ ਸਿਆਸਤਦਾਨਾਂ ਨਾਲ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਸੀ। ਅੰਗ੍ਰੇਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਦੀ ਖ਼ਬਰ ਮੁਤਾਬਕ ਜਦੋਂ ਗੋਬਿੰਦ ਸਿੰਘ ਲੌਂਗੋਵਾਲ ਨੂੰ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਸਜ਼ਾ ਬਾਰੇ ਪੁੱਛਿਆ ਗਿਆ ਤਾਂ ਲੌਂਗੋਵਾਲ ਨੇ ਕਿਹਾ, "ਮੈਂ ਕਦੇ ਵੀ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਨਹੀਂ ਗਿਆ। ਮੈਨੂੰ ਕਦੇ ਵੀ ਅਕਾਲ ਤਖ਼ਤ 'ਤੇ ਨਹੀਂ ਸੱਦਿਆ ਗਿਆ ਪਰ ਮੈਂ ਲਿਖਤੀ ਜਵਾਬ ਦਿੱਤਾ ਸੀ ਕਿ ਮੈਂ ਕਦੇ ਵੀ ਵੋਟਾਂ ਲਈ ਡੇਰਾ ਸਿਰਸਾ ਨੂੰ ਅਪੀਲ ਨਹੀਂ ਕੀਤੀ। ਮੈਨੂੰ ਕਦੇ ਵੀ ਅਕਾਲ ਤਖ਼ਤ ਵਲੋਂ ਸਜ਼ਾ ਨਹੀਂ ਸੁਣਾਈ ਗਈ।"

ਹਾਲਾਂਕਿ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਪ੍ਰੈਸ ਬਿਆਨ 'ਚ ਜਿਨ੍ਹਾਂ ਸਿੱਖ ਸਿਆਸਤਦਾਨਾਂ ਦੇ ਨਾਂ ਸਨ, ਉਸ ਵਿਚ ਗੋਬਿੰਦ ਸਿੰਘ ਲੌਂਗੋਵਾਲ ਦਾ ਨਾਂ ਵੀ ਸੀ। ਅਕਾਲ ਤਖ਼ਤ ਸਾਹਿਬ ਵਲੋਂ ਲੌਂਗੋਵਾਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ।

## ਸ਼੍ਰੋਮਣੀ ਕਮੇਟੀ ਨਵੇਂ ਪ੍ਰਧਾਨ ਖ਼ਿਲਾਫ਼ ਲਾਏ ਜ਼ਮੀਨੀ ਸੌਦੇ 'ਚ ਹੇਰਾਫੇਰੀ ਦੇ ਦੋਸ਼



ਅੰਮ੍ਰਿਤਸਰ ਵਿੱਚ ਪ੍ਰੈਸ ਕਾਨਫਰੰਸ ਕਰਦੇ ਹੋਏ ਸਿੱਖ ਆਗੂ ਬਲਦੇਵ ਸਿੰਘ ਸਿਰਸਾ (ਵਿਚਕਾਰ)

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਉਤੇ ਲੋਕ ਭਲਾਈ ਇਨਸਾਫ਼ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਅਤੇ ਅਕਾਲੀ ਆਗੂ ਬਲਦੇਵ ਸਿੰਘ ਸਿਰਸਾ ਨੇ ਦੋਸ਼ ਲਾਇਆ ਕਿ ਵਾਦ ਵਿਵਾਦ ਵਿੱਚ ਫਸਿਆ ਪ੍ਰਧਾਨ ਅਯੋਗ ਹੈ ਅਤੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਇਆ ਜਾਵੇ।

ਇੱਥੇ ਪੱਤਰਕਾਰ ਸੰਮੇਲਨ ਦੌਰਾਨ ਸ੍ਰੀ ਸਿਰਸਾ ਨੇ ਦੋਸ਼ ਲਾਇਆ ਕਿ 2004 ਵਿੱਚ ਗੁਰਦੁਆਰਾ ਕੈਬੋਵਾਲ ਨੂੰ ਕਿਸੇ ਦਾਨੀ ਸੱਜਣ ਵੱਲੋਂ ਦਾਨ ਕੀਤੀ ਚਾਰ ਏਕੜ ਜ਼ਮੀਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਚੁੱਲੇ (ਲੋਹ ਲੰਗਰ) ਬਾਬਾ ਆਲਾ ਸਿੰਘ ਦੀ ਮਹਿੰਗੇ ਭਾਅ ਦੀ ਜ਼ਮੀਨ ਨਾਲ ਤਬਦੀਲ ਕਰਕੇ ਲਾਹਾ ਲੈਣ ਦਾ ਯਤਨ ਕੀਤਾ ਗਿਆ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਲੌਂਗੋਵਾਲ ਸ਼ਹਿਰ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰੇ ਦੀ ਜ਼ਮੀਨ ਦੀ ਕੀਮਤ ਕਰੋੜਾਂ ਰੁਪਏ ਵਿੱਚ ਹੈ ਜਦੋਂਕਿ ਗੁਰਦੁਆਰਾ ਕੈਬੋਵਾਲ ਨੂੰ ਦਾਨ ਕੀਤੀ ਜ਼ਮੀਨ ਦੀ ਕੀਮਤ ਸਿਰਫ ਲੱਖਾਂ ਰੁਪਏ ਵਿੱਚ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਭਾਨ ਸਿੰਘ ਭੌਰਾ ਨਾਂ ਦੇ ਵਿਅਕਤੀ ਨੇ ਇਸ ਬਾਰੇ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਅੱਗੇ ਪਟੀਸ਼ਨ ਨੰਬਰ 43 ਹੇਠ 30 ਨਵੰਬਰ, 2005 ਨੂੰ ਕੇਸ ਵੀ ਦਾਇਰ ਕੀਤਾ ਸੀ, ਜਿਸ ਦੇ ਆਧਾਰ 'ਤੇ ਜ਼ਮੀਨ ਦੇ ਤਬਾਦਲੇ 'ਤੇ ਰੋਕ ਲਗਾ ਦਿੱਤੀ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਮਾਮਲਾ ਅਜੇ ਵੀ ਕਮਿਸ਼ਨ ਦੇ ਵਿਚਾਰ ਅਧੀਨ ਹੈ। ਇਸ ਬਾਰੇ ਪੱਖ ਲੈਣ ਲਈ ਪ੍ਰਧਾਨ ਭਾਈ ਲੌਂਗੋਵਾਲ ਨਾਲ ਕਈ ਵਾਰ ਸੰਪਰਕ ਕਰਨ ਦਾ ਯਤਨ ਕੀਤਾ ਪਰ ਉਨ੍ਹਾਂ ਦਾ ਮੋਬਾਈਲ ਫੋਨ ਬੰਦ ਸੀ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਇਸ ਕੇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

ਸ੍ਰੀ ਸਿਰਸਾ ਨੇ ਕਿਹਾ ਕਿ ਸ੍ਰੀ ਲੌਂਗੋਵਾਲ ਨੂੰ ਸਿੱਖ ਸੰਸਥਾ ਦੇ ਇਸ ਅਹਿਮ ਅਹੁਦੇ ਤੋਂ ਹਟਾਉਣ ਲਈ ਉਹ ਹਮਖਿਆਲੀ ਜਥੇਬੰਦੀਆਂ ਨਾਲ ਵਿਚਾਰ ਕਰਨਗੇ। ਇਸ ਮੌਕੇ ਬਲਦੇਵ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ ਬਾਠ, ਜਸਵੰਤ ਸਿੰਘ ਪਠਾਨਕੋਟ ਤੇ ਹਰਜੀਤ ਸਿੰਘ ਹਾਜ਼ਰ ਸਨ।

## ਮੈਂ ਸਿਰਸਾ ਡੇਰੇ ਗਿਆ ਹੀ ਨਹੀਂ, ਪਰ ਤਨਖਾਹ ਭੁਗਤ ਚੁੱਕਾ ਹਾਂ, ਗਲਤੀ ਕੀ ਸੀ, ਇਹ ਤਾਂ ਜਥੇਦਾਰ ਹੀ ਦੱਸ ਸਕਦੇ ਨੇ: ਲੌਂਗੋਵਾਲ

**ਬਰਨਾਲਾ/ਬਿਊਰੋ ਨਿਊਜ਼:** ਡੇਰਾ ਸਿਰਸਾ ਵਿਖੇ ਵੋਟਾਂ ਮੰਗਣ ਕਦੇ ਨਹੀਂ ਗਿਆ, ਪਰ ਤਖ਼ਤ ਜਥੇਦਾਰਾਂ ਵਲੋਂ ਲਗਾਈ ਤਨਖ਼ਾਹ ਨੂੰ ਭੁਗਤ ਚੁੱਕਿਆ ਹਾਂ, ਕਿਉਂਕਿ ਉਨ੍ਹਾਂ ਅੱਗੇ ਹਰ ਸਿੱਖ ਝੁਕਦਾ ਹੈ, ਗ਼ਲਤੀ ਕਿੱਥੇ ਹੋਈ, ਇਹ ਤਾਂ ਜਥੇਦਾਰ ਹੀ ਦੱਸ ਸਕਦੇ ਹਨ।' ਇਹ ਗੱਲ ਐਸ.ਜੀ.ਪੀ.ਸੀ. ਦੇ ਨਵੇਂ ਬਣੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਥੇ ਇੱਕ ਸਮਾਗਮ 'ਚ ਸ਼ਾਮਿਲ ਹੋਣ ਉਪਰੰਤ ਮੀਡੀਆ ਰਾਬਤੇ ਦੌਰਾਨ ਇੱਕ ਸਵਾਲ ਦੇ ਜਵਾਬ ਵਿਚ ਕਹੀ। ਉਨ੍ਹਾਂ ਕਿਹਾ ਕਿ ਜਥੇਦਾਰਾਂ ਨੂੰ ਗਲਤ ਵੀ ਨਹੀਂ ਆਖ਼ ਸਕਦੇ। ਉਨ੍ਹਾਂ ਮੌਜੂਦਾ ਦੌਰ ਅੰਦਰ ਸਮੁੱਚੇ ਪੰਥ ਦੀ ਇਕਜੁੱਟਤਾ ਦੀ ਵੱਡੀ ਲੋੜ ਆਖ਼ਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਹੈ ਜਿਸ ਦੀ ਮਜ਼ਬੂਤੀ ਲਈ ਏਕਤਾ ਦੇ ਮਕਸਦ ਨਾਲ ਹਰ ਰੁੱਸੇ ਸਖ਼ਸ਼/ਧੜੇ ਕੋਲ ਗਲ ਵਿਚ ਪੱਲੂ ਪਾ ਕੇ ਜਾਵਾਂਗਾ। ਭਾਈ ਲੌਂਗੋਵਾਲ ਨੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਦਮਦਮੀ ਟਕਸਾਲ ਆਗੂ ਹਰਨਾਮ ਸਿੰਘ ਧੁੰਮਾਂ ਦਰਮਿਆਨ ਚੱਲ ਰਹੇ ਤਿੱਖੇ ਟਕਰਾਅ ਨੂੰ ਸਿੱਖ ਪੰਥ ਲਈ ਅਤਿ ਮੰਦਭਾਗਾ ਗਰਦਾਨਦਿਆਂ ਕਿਹਾ ਕਿ ਗੁਰੂ ਮਹਾਰਾਜ ਹੀ ਕਿਰਪਾ ਕਰਨ, ਪ੍ਰੰਤੂ ਬਤੌਰ ਐਸ.ਜੀ.ਪੀ.ਸੀ. ਪ੍ਰਧਾਨ ਉਹ ਇਸ ਮਸਲੇ ਦੇ ਹੱਲ ਲਈ ਸਿਰਤੋੜ ਯਤਨ ਕਰਨਗੇ। ਇਸ ਮੌਕੇ ਉਨ੍ਹਾਂ ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ, ਸਾਬਕਾ ਕੈਬਨਿਟ ਮੰਤਰੀ ਗੋਬਿੰਦ ਸਿੰਘ ਕਾਂਝਲਾ, ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਖ਼ਾਲਸਾ ਤੇ ਸੰਤ ਦਲਬਾਰ ਸਿੰਘ ਛੀਨੀਵਾਲ ਆਦਿ ਮੌਜੂਦ ਸਨ। ਮਾਨਸਾ (ਪੱਤਰ ਪ੍ਰੇਰਕ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਕਦੇ ਵੀ ਡੇਰਾ ਸੱਚਾ ਸੌਦਾ ਸਿਰਸਾ ਵਿਖੇ ਵੋਟਾਂ ਮੰਗਣ ਲਈ ਨਹੀਂ ਗਏ ਹਨ ਅਤੇ ਨਾ ਹੀ ਸੰਤ ਗੁਰਮੀਤ ਰਾਮ ਰਹੀਮ ਸਿੰਘ ਦੇ ਪੈਰੋਕਾਰਾਂ ਨਾਲ ਵੋਟਾਂ ਹਾਸਲ ਕਰਨ ਸੰਬੰਧੀ ਕਿਸੇ ਕਿਸਮ ਦੀ ਮੀਟਿੰਗ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਕੁਝ ਵਿਰੋਧੀ ਧਿਰਾਂ ਵੱਲੋਂ ਜੋ ਅਜਿਹੇ ਇਲਜ਼ਾਮ ਲਾਏ ਜਾ ਰਹੇ ਹਨ, ਉਹ ਕਿਸੇ ਸਿਆਸੀ ਮਨੋਰਥ ਨੂੰ ਲੈ ਕੇ ਹੀ ਲਾਏ ਜਾ ਰਹੇ ਹਨ। ਉਹ ਮਾਨਸਾ ਜ਼ਿਲ੍ਹੇ ਦੇ ਪਿੰਡ ਬੋੜਾਵਾਲ ਵਿਖੇ ਆਪਣੀ ਭੈਣ ਜਸਵਿੰਦਰ ਕੌਰ ਦੇ ਗ੍ਰਹਿ ਵਿਖੇ ਪਹੁੰਚਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਮੰਨਿਆ ਕਿ ਆਪਣੇ ਹਲਕੇ ਦੇ ਕਿਸੇ ਡੇਰਾ ਪੈਰੋਕਾਰ ਦੇ ਘਰ ਉਹ ਇਮਾਨਦਾਰੀ ਨਾਲ, ਕਿਸੇ ਵਰਕਰ ਦੇ ਕਹਿਣ ਉਤੇ ਚਲੇ ਵੀ ਗਏ ਹੋ ਸਕਦੇ ਹਨ ਪਰ ਇਹ ਜਾਣੇ-ਅਣਜਾਣੇ ਵਿਚ ਤਾਂ ਹੋ ਸਕਦਾ ਹੈ।

## ਸਿਰਸਾ ਡੇਰੇ ਨਾ ਜਾਣ ਦੇ ਅਪਣੇ ਬਿਆਨ 'ਚ ਬੁਰੀ ਤਰ੍ਹਾਂ ਘਿਰ ਰਿਹੈ ਸ਼੍ਰੋਮਣੀ ਕਮੇਟੀ ਦਾ ਨਵਾਂ ਪ੍ਰਧਾਨ ਲੌਂਗੋਵਾਲ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਡੇਰਾ ਸਿਰਸਾ ਪਾਸ ਵੋਟਾਂ ਮੰਗਣ ਜਾਣ ਦੇ ਮਾਮਲੇ 'ਤੇ ਯੂ-ਟਰਨ ਲੈਣ ਵਾਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕੀ ਉਸ ਜਾਂਚ ਕਮੇਟੀ ਨੂੰ ਵੀ ਝੂਠਾ ਕਰ ਸਕਣਗੇ ਜਿਸਦੀ ਜਾਂਚ ਦੇ ਆਧਾਰ 'ਤੇ ਗਿਆਨੀ ਗੁਰਬਚਨ ਸਿੰਘ ਅਤੇ ਹੋਰਾਂ ਨੇ ਉਸਨੂੰ ਸਪੱਸ਼ਟੀਕਰਨ ਲਈ ਸੱਦਿਆ ਅਤੇ ਤਨਖਾਹ ਲਗਾਈ? ਪ੍ਰਾਪਤੀ ਜਾਣਕਾਰੀ ਮੁਤਾਬਿਕ ਜਨਵਰੀ 2017 ਦੇ ਅਖੀਰਲੇ ਦਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਕੁਝ ਸਿੱਖ ਆਗੂਆਂ ਵਲੋਂ ਵੋਟਾਂ ਖਾਤਰ ਡੇਰਾ ਸਿਰਸਾ ਦੇ ਡੇਰਿਆਂ ਵਿੱਚ ਜਾਣ ਦੇ ਮਾਮਲੇ ਨੇ ਤੂਲ ਫੜਿਆ ਤਾਂ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇੱਕ ਤਿੰਨ ਮੈਂਬਰੀ ਕਮੇਟੀ ਬਣਾਈ ਜਿਸਨੇ ਇਹ ਜਾਂਚ ਕਰਨੀ ਸੀ ਕਿ ਅਖਬਾਰੀ ਤੇ ਬਿਜਲਈ ਮੀਡੀਆ ਰਾਹੀਂ ਨਸ਼ਰ ਹੋ ਗਈਆਂ ਖਬਰਾਂ ਦਾ ਸੱਚ ਕੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਬਣਾਈ ਜਾਂਚ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕੈਮਪੁਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਅਤੇ ਕਾਰਜਕਾਰਣੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਸ਼ਾਮਿਲ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਜਾਣਕਾਰਾਂ ਅਨੁਸਾਰ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਬਕਾਇਦਾ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਵਿੱਚ ਡੇਰੇ ਲਾਏ ਅਤੇ ਸਾਹਮਣੇ ਆਏ ਤੱਥਾਂ 'ਤੇ ਅਧਾਰਿਤ, ਕਥਿਤ ਤੌਰ 'ਤੇ ਦੋਸ਼ੀ ਪਾਏ ਗਏ ਬਾਦਲ ਦਲ ਨਾਲ ਸਬੰਧਤ ਆਗੂ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਦਾ ਮੌਕਾ ਦਿੱਤਾ। ਜਾਣਕਾਰਾਂ ਅਨੁਸਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਕੋਈ ਵੀ ਸਿਆਸੀ ਆਗੂ ਇਸ ਜਾਂਚ ਕਮੇਟੀ ਪਾਸ ਨਹੀਂ ਬੁਲਾਇਆ ਗਿਆ ਸੀ। ਜਾਂਚ ਕਮੇਟੀ ਨੇ ਆਪਣੀ ਰਿਪੋਰਟ 6 ਮਾਰਚ 2017 ਨੂੰ ਗਿਆਨੀ ਗੁਰਬਚਨ ਸਿੰਘ ਨੂੰ ਉਨ੍ਹਾਂ ਦੇ ਦਫਤਰ ਵਿੱਚ ਸੌਂਪੀ। ਇਹ ਵੀ ਸਪੱਸ਼ਟ ਹੈ ਕਿ ਉਸੇ ਦਿਨ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਵੀ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ। ਅਕਾਲ ਤਖਤ ਸਾਹਿਬ ਦੇ ਸਕਤਰੇਤ ਵਿਖੇ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੋਈ ਪੰਜ ਜਥੇਦਾਰਾਂ ਦੀ ਇਕਤਰਤਾ ਨੇ ਲਏ ਇੱਕ ਫੈਸਲੇ ਰਾਹੀਂ, ਵੋਟਾਂ ਖਾਤਰ ਡੇਰੇ ਜਾਣ ਵਾਲੇ ਸਿਆਸੀ ਆਗੂਆਂ ਨੂੰ ਸਪੱਸ਼ਟੀਕਰਨ ਦੇਣ ਲਈ 17 ਅਪ੍ਰੈਲ 2017 ਨੂੰ ਬੁਲਾਇਆ ਵੀ ਤੇ ਇਨ੍ਹਾਂ 39 ਆਗੂਆਂ 'ਚੋਂ ਸਿਰਫ ਇੱਕ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਸਪੱਸ਼ਟ ਕੀਤਾ ਕਿ ਉਹ ਡੇਰੇ ਨਹੀਂ ਗਿਆ, ਜਿਸਨੂੰ ਸਿਰਫ ਦੇਗ ਕਰਾਉਣ ਲਈ ਕਿਹਾ ਗਿਆ। ਬਾਕੀ ਆਗੂ ਸਕਤਰੇਤ ਅਕਾਲ ਤਖਤ ਸਾਹਿਬ ਵਿਖੇ ਜਥੇਦਾਰਾਂ ਪਾਸ ਪੇਸ਼ ਵੀ ਹੋਏ। ਇਥੇ ਹੀ ਬੱਸ ਨਹੀਂ ਡੇਰਾ ਸਿਰਸਾ ਪਾਸ ਜਾਣ ਦੇ ਦੋਸ਼ਾਂ ਦੀ ਜਾਂਚ ਲਈ ਮੁਤਵਾਜ਼ੀ ਜਥੇਦਾਰਾਂ ਵਲੋਂ ਵੀ ਇਕ ਕਮੇਟੀ ਬਣਾਈ ਗਈ ਸੀ ਜਿਸਨੇ ਉਪਰੋਕਤ ਸਿਆਸੀ ਆਗੂਆਂ ਖਿਲਾਫ ਜਾਂਚ ਕੀਤੀ। ਹੁਣ ਸਾਢੇ

ਬਾਕੀ ਸਫ਼ਾ 32 'ਤੇ

## ਲੌਂਗੋਵਾਲ ਨੇ ਜ਼ਮੀਨੀ ਵਿਵਾਦ ਸਬੰਧੀ ਦੋਸ਼ਾਂ ਨੂੰ ਨਕਾਰਿਆ

**ਸ਼ੇਰਪੁਰ/ਬਿਊਰੋ ਨਿਊਜ਼:** ਸ਼੍ਰੋਮਣੀ ਕਮੇਟੀ ਨਵੇਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਸਬੰਧੀ ਇਨ੍ਹੀਂ ਦਿਨੀਂ ਚਰਚਿਤ ਜ਼ਮੀਨੀ ਵਿਵਾਦ ਸਬੰਧੀ ਕਿਹਾ ਕਿ ਉਹ ਹਰ ਵਰ੍ਹੇ ਸੰਤ ਲੌਂਗੋਵਾਲ ਦੀ ਬਰਸੀ ਮਨਾਉਂਦੇ ਹਨ. ਉਨ੍ਹਾਂ ਨੇ ਜਗ੍ਹਾ ਦੀ ਘਾਟ ਦੇ ਮੱਦੇਨਜ਼ਰ ਢੱਡਰੀਆਂ ਦੀ ਜ਼ਮੀਨ ਦੇ ਤਬਾਦਲੇ ਦੀ ਗੱਲ ਤੋਰੀ ਸੀ ਜਿਸ ਸਬੰਧੀ ਉਸ ਸਮੇਂ ਐਸਜੀਪੀਸੀ ਵੱਲੋਂ ਬਕਾਇਦਾ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ. ਭਾਈ ਲੌਂਗੋਵਾਲ ਨੇ ਦੱਸਿਆ ਕਿ ਇੱਕ ਵਿਅਕਤੀ ਵੱਲੋਂ ਜੁਡੀਸ਼ੀਅਲ ਕਮਿਸ਼ਨ ਕੋਲ ਇਸ ਤਬਾਦਲੇ ਸਬੰਧੀ ਇਤਰਾਜ਼ ਲਾਉਂਦਿਆਂ ਕੇਸ ਪਾਇਆ ਸੀ ਜਿਸ ਮਗਰੋਂ ਉਨ੍ਹਾਂ ਐਸਜੀਪੀਸੀ ਦੇ ਤਤਕਾਲੀ ਪ੍ਰਧਾਨ ਨਾਲ ਮੁਲਾਕਾਤ ਕਰਕੇ ਕਿਸੇ ਵੀ ਵਾਦ-ਵਿਵਾਦ ਵਿੱਚ ਨਾ ਪੈਣ ਦੀ ਗੱਲ ਕਰਕੇ ਆਪਣੀ ਤਰਫ਼ੋਂ ਮਾਮਲੇ ਨੂੰ ਪੂਰੀ ਤਰ੍ਹਾਂ ਵਿਰਾਮ ਲਾ ਦਿੱਤਾ ਸੀ. ਉਨ੍ਹਾਂ ਦਾਅਵਾ ਕੀਤਾ ਇਸੇ ਕਾਰਨ ਹੀ ਜੁਡੀਸ਼ੀਅਲ ਕਮਿਸ਼ਨ ਕੋਲ ਇਹ ਕੇਸ ਫਾਈਲ ਵੀ ਹੋ ਗਿਆ ਸੀ ਪਰ ਹੁਣ ਕੁਝ ਵਿਰੋਧੀ ਉਨ੍ਹਾਂ ਦੇ ਅਕਸ ਨੂੰ ਲੋਕਾਂ 'ਚ ਖ਼ਰਾਬ ਕਰਨ ਲਈ ਆਏ ਦਿਨ ਨਵੇਂ-ਨਵੇਂ ਵਿਵਾਦ ਖੜ੍ਹੇ ਕਰਨ 'ਚ ਲੱਗੇ ਹੋਏ ਹਨ।

## ਸਿੱਖ ਕੋਆਰਡੀਨੇਸ਼ਨ ਕਮੇਟੀ ਅਮਰੀਕਾ ਵਲੋਂ ਗੋਬਿੰਦ ਸਿੰਘ ਲੌਂਗੋਵਾਲ ਦੇ ਅਮਰੀਕਾ ਦੌਰੇ ਦਾ ਵਿਰੋਧ ਕਰਨ ਦਾ ਫੈਸਲਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਅਮਰੀਕਾ ਵਿੱਚ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਅਮਰੀਕਾ ਦੌਰੇ 'ਤੇ ਵਿਰੋਧ ਕੀਤਾ ਜਾਵੇਗਾ ਅਤੇ ਉਸ ਨੂੰ ਸਟੇਜਾਂ ਤੋਂ ਬੋਲਣ ਤੋਂ ਰੋਕਿਆ ਜਾਵੇਗਾ। ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਕਮੇਟੀ ਮੈਂਬਰਾਂ ਦੀ ਮੀਟਿੰਗ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਨਵਨਿਯੁਕਤ ਪ੍ਰਧਾਨ ਵੋਟਾਂ ਦੀ ਖਾਤਰ ਡੇਰਾ ਸਿਰਸਾ ਦੇ ਮੁਖੀ ਨੂੰ ਮਿਲਿਆ ਸੀ, ਜਿਸ ਕਰਕੇ ਉਸ ਨੂੰ ਅਕਾਲ ਤਖ਼ਤ ਤੋਂ ਤਨਖਾਹ ਵੀ ਲਾਈ ਗਈ ਸੀ। ਉਨ੍ਹਾਂ ਆਖਿਆ ਕਿ ਇਹ ਹੋਰ ਵੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਨਰਲ ਇਜਲਾਸ ਦੌਰਾਨ ਸ੍ਰੀ ਲੌਂਗੋਵਾਲ ਦਾ ਨਾਂ ਪੇਸ਼ ਕਰਨ ਲਈ ਬੀਬੀ ਜਗੀਰ ਕੌਰ ਨੂੰ ਜ਼ਿੰਮੇਵਾਰੀ ਸੌਂਪੀ ਸੀ। ਉਨ੍ਹਾਂ ਆਖਿਆ ਕਿ ਬੀਬੀ ਜਗੀਰ ਕੌਰ ਨੂੰ ਪਹਿਲਾਂ ਹੀ ਆਪਣੀ ਧੀ ਦੇ ਕਤਲ ਦੇ ਮਾਮਲੇ ਵਿੱਚ ਅਦਾਲਤ ਵਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ। ਅਜਿਹੇ ਵਿਅਕਤੀ ਕੋਲੋਂ ਨਾਂ ਤਜਵੀਜ਼ ਕਰਾਉਣਾ ਸਿੱਖ ਕੌਮ ਲਈ ਸ਼ਰਮ ਦੀ ਗੱਲ ਹੈ। ਉਨ੍ਹਾਂ ਆਖਿਆ ਕਿ ਸਿੱਖ ਕੋਆਰਡੀਨੇਸ਼ਨ ਕਮੇਟੀ ਭਾਵੇਂ ਅਕਾਲ ਤਖ਼ਤ ਦੇ ਜਥੇਦਾਰ ਨੂੰ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
06 ਦਸੰਬਰ 2017 ਤੋਂ 12 ਦਸੰਬਰ 2017

# ਸਿੱਖ ਸੰਸਥਾਵਾਂ ਦਾ ਸਿਆਸੀਕਰਨ

## ਗੁਲਾਮਾਂ ਦੀ ਕਮੇਟੀ ਬਣਾ ਦਿੱਤੀ ਹੈ ਸਿੱਖ ਪਾਰਲੀਮੈਂਟ

ਸੰਸਥਾਵਾਂ ਕਿਸੇ ਕੌਮ, ਮੁਲਕ ਅਤੇ ਭਾਈਚਾਰੇ ਦਾ ਮੂਲ ਆਧਾਰ ਅਤੇ ਉਸਦੇ ਸਮੁੱਚੇ ਵਰਤਾਰੇ ਦਾ ਅਕਸ ਹੁੰਦੀਆਂ ਹਨ। ਬੇਸ਼ੱਕ ਪ੍ਰਸ਼ਾਸ਼ਨਕ ਸੰਸਥਾਵਾਂ ਸਟੇਟ ਸ਼ਕਤੀ ਦਾ ਧੁਰਾ ਹੋਣ ਕਾਰਨ ਵੱਧ ਸ਼ਕਤੀਸ਼ਾਲੀ ਅਤੇ ਹੋਰਨਾਂ ਦੇ ਮੁਕਾਬਲੇ ਵੱਧ ਮਹੱਤਵਪੂਰਨ ਹੁੰਦੀਆਂ ਹਨ। ਸੱਤਾ ਅਜ਼ਮਾਈ ਦੀ ਹੋੜ/ਜ਼ੋਰ ਵਿੱਚ ਯੁੱਧ ਸ਼ਕਤੀ ਦੀ ਜਰੂਰਤ ਵੱਧਣ ਕਾਰਨ ਸੈਨਿਕ ਸੰਸਥਾਵਾਂ ਨੇ ਕਤਾਰਬੰਦੀ ਵਿੱਚ ਦੂਜੀ ਸੁਰੱਖਿਅਤ ਕਰ ਲਈ ਹੈ। ਬਲਕਿ ਤਾਨਾਸ਼ਾਹੀ ਰਾਜ ਪ੍ਰਬੰਧਾਂ ਵਿੱਚ ਤਾਂ ਸੈਨਿਕ ਸੰਸਥਾਵਾਂ ਦੇ ਹੋਰਨਾਂ ਅਦਾਰਿਆਂ ਨੂੰ ਹਾਸ਼ੀਏ ਉੱਤੇ ਧੱਕ ਦੇਣਾ ਸ਼ਾਸ਼ਕਾਂ ਦੀ ਪਹਿਲੀ ਲੋੜ ਹੁੰਦੀ ਹੈ। ਪਰ ਧਾਰਮਿਕ, ਸਭਿਆਚਾਰ, ਵਿਦਿਅਕ ਅਤੇ ਸਹਿਯੋਗੀ ਸੰਸਥਾਂਵਾਂ ਦੀ ਅਹਿਮੀਅਤ ਨੂੰ ਘਟਾਇਆ ਤੇ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਜਿਹੜੇ ਵੀ ਮੁਲਕਾਂ ਦੇ ਸ਼ਾਸ਼ਕ ਸੌੜੇ ਨਿੱਜੀ ਹਿੱਤਾਂ ਲਈ ਲੋਕ ਨੁਮਾਇੰਦਗੀ ਵਾਲੇ ਢਾਂਚਿਆਂ ਨੂੰ ਢਾਹ ਲਾਉਂਦੇ ਹਨ, ਉਹ ਅਸਲ ਵਿੱਚ ਆਉਣ ਵਾਲੀਆਂ ਨਸਲਾਂ ਲਈ ਬੜੇ ਖ਼ਤਰਨਾਕ ਸਮਿਆਂ ਦੀ ਨੀਂਹ ਰੱਖਦੇ ਹਨ।

ਰਾਜਸੀ ਪਾਰਟੀਆਂ ਅਕਸਰ ਅਜਿਹੇ ਰਾਹ ਅਖ਼ਤਿਆਰ ਕਰਦੀਆਂ ਹਨ । ਵੈਸੇ ਵੀ ਰਾਜਨੀਤੀ ਸ਼ਾਸ਼ਤਰ ਅਜਿਹਾ ਕੁਝ ਕਰਨ ਲਈ ਸਿੱਧੇ ਤੇ ਅਸਿੱਧੇ ਰੂਪ 'ਚ ਸੇਧ/ਸਿੱਖਿਆ ਦਿੰਦਾ। ਸੱਤਾਧਾਰੀ ਅਪਣੇ ਲੋਕ ਵਿਰੋਧੀ ਕੁਕਰਮਾਂ ਨੂੰ ਸਹੀ ਦਰਸਾਉਣ ਲਈ ਧਰਮ ਦਾ ਸਹਾਰਾ ਲੈਂਦੇ ਹਨ। ਸਰਕਾਰਾਂ ਨੂੰ ਸਮਰਪਿਤ ਧਰਮਾਂ ਦੇ ਮੋਹਤਬਰ ਜਦੋਂ ਅਪਣੇ ਮਾਲਕਾਂ ਨੂੰ ਰਾਸ ਆਉਂਦੀ ਬੋਲੀ ਬੋਲਣ ਲਗਦੇ ਹਨ ਤਾਂ ਹਾਲਾਤ ਬੇਹੱਦ ਚਿੰਤਾਜਨਕ ਦੌਰ ਵਲ ਵਧਣ ਲਗਦੇ ਹਨ।

ਜੇ ਭਾਂਤ ਭਾਂਤ ਦੇ ਧਰਮਾਂ ਦੇ ਰਾਮ ਰੌਲੇ ਵਿੱਚ ਸੱਚੇ ਸੁੱਚੇ ਫਲਸਫੇ ਨੂੰ ਅਪਣਾਏ ਧਰਮ ਦੇ ਆਗੂ ਵੀ ਦੁਨਿਆਵੀਂ ਗਰਜ਼ਾਂ ਖ਼ਾਤਰ ਦਰਬਾਰੀ ਬਣ ਜਾਣ ਤਾਂ ਨਿਸਚੇ ਹੀ ਉਸ ਧਰਮ ਦੇ ਪੈਰੋਕਾਰਾਂ ਲਈ ਵੱਡਾ ਧਾਰਮਿਕ ਤੇ ਸਮਾਜਿਕ ਸੰਕਟ ਖੜ੍ਹਾ ਹੋ ਜਾਂਦਾ ਹੈ।

ਸਮੁੱਚੀ ਮਾਨਵਤਾ ਦੀ ਭਲਾਈ ਤੇ ਸਭਨਾਂ ਨੂੰ ਸੇਧ ਦੇਣ ਵਾਲੇ ਸਿੱਖ ਧਰਮ ਨੂੰ ਪਿਛਲੇ ਸਮਿਆਂ ਤੋਂ ਸਿਆਸੀ ਹਿੱਤਾਂ ਵਾਲੀਆਂ ਸਿੱਖ ਰਾਕਨੀਤਕ ਪਾਰਟੀਆਂ ਤੋਂ ਜਿਹੜਾ ਖ਼ਤਰਾ ਵਧਦਾ ਚਲਿਆ ਆ ਰਿਹਾ ਸੀ, ਉਸ ਅੱਤ ਦੀ ਸਿਖ਼ਰ ਹੁਣ ਸਪੱਸ਼ਟ ਰੂਪ 'ਚ ਹਾਵੀ ਹੋ ਰਹੀ ਹੈ।

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਨ ਨੇ ਪੀਰੀ-ਪੀਰੀ ਦੇ ਸੰਕਲਪ ਰਾਹੀਂ ਸਿੱਖਾਂ ਨੂੰ ਭਗਤੀ ਤੇ ਸ਼ਕਤੀ ਉੱਤੇ ਬਰਾਬਰ ਬਰਕਰਾਰ ਰਹਿਣ ਦਾ ਜਿਹੜਾ ਰਾਹ ਵਿਖਾਇਆ ਸੀ, ਉਸਤੋਂ ਭਟਕ ਕੇ ਸਿੱਖ ਧਾਰਮਿਕ ਤੇ ਸਿਆਸੀ ਤੌਰ ਉੱਤੇ ਅਪਣੀਆਂ ਜੜ੍ਹਾਂ ਵੱਢਣ ਦੇ ਰਾਹ ਤੁਰ ਪਏ ਹਨ।

ਸਰਬਉੱਚ ਧਾਰਮਿਕ ਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਅਕਾਲ ਤਖ਼ਤ ਸਾਹਿਬ ਦੀ ਪਰਿਕਰਮਾ ਦੁਆਲੇ ਸਿਆਸੀ ਠੱਗਾਂ ਦੇ ਟੋਲੇ ਵਲੋਂ ਵਿਛਾਏ ਜਾਲ ਸਿੱਖ ਪੰਥ ਨੂੰ ਜਕੜ ਕੇ ਗੁਰਬਾਣੀ ਦੇ ਸਿਧਾਂਤਾਂ ਤੋਂ ਦੂਰ ਧੱਕਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ।

ਸ਼ੁਕਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਾਲੇ ਦਰਬਾਰ ਸਾਹਿਬ ਤੱਕ ਵੱਧਣ ਦਾ ਇਨ੍ਹਾਂ ਸਿਆਸੀ ਸ਼ਿਕਾਰੀਆਂ ਦਾ ਹੌਂਸਲਾ ਨਹੀਂ ਪੈਂਦਾ। ਪਰ ਅਣਗਿਣਤ ਕੁਰਬਾਨੀਆਂ ਦੇ ਕੇ ਬਣਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸਨੂੰ ਸਿੱਖ ਪਾਰਲੀਮੈਂਟ ਅਖ਼ਵਾਏ ਜਾਣ ਦਾ ਮਾਣ ਹਾਸਲ ਹੈ, ਨੂੰ ਸਿਆਸਦਾਨਾਂ ਵਲੋਂ ਗੁਲਾਮਾਂ ਦੀ ਕਮੇਟੀ ਤੱਕ ਮਹਿਦੂਦ ਕਰ ਦੇਣਾ, ਸਿੱਖ ਪੰਥ ਨੂੰ ਦਰਪੇਸ਼ ਮੌਜੂਦਾ ਸੰਕਟਾਂ ਦਾ ਸਭ ਤੋਂ ਵੱਡਾ ਕਾਰਨ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਇਸ ਉੱਤੇ ਜਕੜ ਮਾਰੀ ਚਲਿਆ ਆ ਰਿਹਾ ਬਾਦਲ ਪਰਿਵਾਰ ਇਸ ਚਿੰਤਾਜਨਕ ਸਥਿੱਤੀ ਵਾਲੇ ਵਰਤਾਰੇ ਦੀ ਜੁੰਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦੇ। ਪਰ ਅਜਿਹੇ ਸਿਆਸੀ ਤੇ ਧਾਰਮਿਕ ਨੇਤਾ ਚੁਨਣ ਵਾਲੇ ਸਿੱਖ ਵੋਟਰ ਵੀ ਘੱਟ ਗੁਨਾਹਗਾਰ ਨਹੀਂ। ਇਸ ਲਈ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੇ ਨਾਂਅ ਬਾਦਲਾਂ ਦੇ ਚਿੰ ਨਿਕਲਣ ਜਾਂ ਪੰਜਾਬ ਦੀ ਸਿਆਸੀ ਵਾਗਡੋਰ ਲੋਕ ਰਾਜੀ ਢੰਗ ਨਾਲ ਵੋਟਰ ਬਕਸਿਆਂ ਚੋਂ ਨਿਕਲਣ ਆਖ਼ਰ ਫੈਸਲਾਕੁਨ ਭੂਮਿਕਾ ਤਾਂ ਸਿੱਖਾਂ ਦੀ ਹੀ ਹੁੰਦੀ ਹੈ। ਜਦੋਂ ਤੱਕ ਹਰ ਸਿੱਖ ਗੁਰੂ ਦੇ ਲੜ ਲੱਗ ਗੁਰਬਾਣੀ ਤੋਂ ਸੇਧ ਲੈ ਕੇ ਹੱਕ ਸੱਚ ਉੱਤੇ ਪਹਿਰਾ ਨਹੀਂ ਦੇਵੇਗਾ, ਸਿੱਖੀ ਦੇ ਉਜੜ ਰਹੇ ਬਾਗ ਦੇ ਪਟਵਾਰੀ ਅਵਤਾਰ ਸਿੰਘ ਮੱਕੜ, ਕ੍ਰਿਪਾਲ ਸਿੰਘ ਬੰਡੂਗਰ ਤੇ ਗੋਬਿੰਦ ਸਿੰਘ ਲੌਂਗੋਵਾਲ ਵਰਗੇ ਹੀ ਬਣਦੇ ਰਹਿਣਗੇ। ਅੱਗੋਂ ਗੁਲਾਮ ਗਾਲ੍ਹੜਾਂ ਨੇ ਅਪਣੇ ਵਰਗੇ ਹੀ ਜਥੇਦਾਰ ਪੰਥ ਸਿਰ ਥੋਪਣੇ ਹਨ। ਸਿੱਖਾਂ ਨੂੰ ਹੋਰ ਦੇਰੀ ਦੇ ਜਾਗਣਾ/ਜਗਾਉਣ ਪਵੇਗਾ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਲਈ ਔਖੇ ਪੈਂਡੇ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੱਗੇ ਇਕ ਹੋਰ ਵੱਡੀ ਚੁਣੌਤੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਤੇ ਭਾਜਪਾ ਵੱਲੋਂ ਆਈ ਹੈ। ਪੰਜਾਬ ਵਿਧਾਨ ਸਭਾ ਚੋਣਾਂ 2017 ਵਿੱਚ ਅਕਾਲੀ ਦਲ-ਭਾਜਪਾ ਗੱਠਜੋੜ ਦੀ ਹਾਰ ਹੋਣ ਬਾਅਦ ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਨੇ ਸਰਗਰਮ ਹੁੰਦਿਆਂ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਆਪਣੀਆਂ ਸ਼ਾਖਾਵਾਂ ਸਥਾਪਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਹੋਣ ਕਾਰਨ, ਇਸ ਦਾ ਹਮਾਇਤੀ ਹੋਣ ਨਾਤੇ ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ 'ਤੇ ਕਮਜ਼ੋਰ ਮਹਿਸੂਸ ਕਰ ਰਿਹਾ ਹੈ। ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਦਖ਼ਲ ਦਿੱਤਾ ਜਾ ਰਿਹਾ ਹੈ।**



**ਕੇ ਐਸ ਚਾਵਲਾ**, ਸੀਨੀਅਰ ਪੱਤਰਕਾਰ
(ਸੰਪਰਕ: 99886-44244),



ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਿਹੜੇ ਬਾਦਲਾਂ ਦੀ ਮਿਹਰਬਾਨੀ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਪ੍ਰਧਾਨ ਗਏ ਹਨ, ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਸਿੱਖ ਬੁੱਧੀਜੀਵੀ ਤੇ ਆਗੂ ਮਹਿਸੂਸ ਕਰਦੇ ਹਨ ਕਿ ਉਹ ਸਮੁੱਚੇ ਤੌਰ 'ਤੇ ਸ਼ਾਇਦ ਸਿੱਖਾਂ ਦੀਆਂ ਆਸਾਂ ਉਪਰ ਖ਼ਰੇ ਨਾ ਉਤਰ ਸਕਣ। ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਉਨ੍ਹਾਂ ਨੂੰ ਮੁਤਬੰਨਾ ਬਣਾਏ ਜਾਣ ਦੇ ਬਾਵਜੂਦ ਹੁਣ ਉਨ੍ਹਾਂ ਨੂੰ ਬਾਦਲਾਂ ਦਾ ਪਿਛਲੱਗ ਬਣਨਾ ਪਏਗਾ। ਸੰਤ ਹਰਚੰਦ ਸਿੰਘ ਲੌਂਗੋਵਾਲ, ਜਿਨ੍ਹਾਂ ਨੂੰ ਪੰਜਾਬ ਵਿੱਚ ਅਮਨ ਬਹਾਲੀ ਖ਼ਾਤਰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕਰਨ ਤੋਂ ਖ਼ਫਾ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਸਦਾ ਦੀ ਨੀਂਦ ਸੁਲਾ ਦਿੱਤਾ ਸੀ, ਦੇ ਗੋਬਿੰਦ ਸਿੰਘ ਲੌਂਗੋਵਾਲ ਡਰਾਈਵਰ ਵੀ ਰਹੇ ਅਤੇ ਤਬਲਚੀ ਵੀ।

ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਅੱਗੇ ਤੁਰਤ ਤੇ ਸਭ ਤੋਂ ਮੁਸ਼ਕਲ ਕਾਰਜ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਦੀ ਭਰੋਸੇਯੋਗਤਾ ਨੂੰ ਬਹਾਲ ਕਰਨਾ ਹੈ। ਅਕਾਲ ਤਖ਼ਤ ਦੀ ਭਰੋਸੇਯੋਗਤਾ ਨੂੰ ਬਾਦਲਾਂ, ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੱਡੇ ਪੱਧਰ 'ਤੇ ਦਖਲਅੰਦਾਜ਼ੀ ਕਰਦਿਆਂ ਉਸ ਸਮੇਂ ਭਾਰੀ ਢਾਹ ਲਾਈ ਸੀ ਜਦੋਂ ਅਕਾਲੀ ਦਲ-ਭਾਜਪਾ ਗੱਠਜੋੜ ਦੇ ਪੰਜਾਬ ਵਿੱਚ ਦਸ ਸਾਲਾ ਸ਼ਾਸਨ ਦੌਰਾਨ ਉਹ ਤਾਨਾਸ਼ਾਹ ਸ਼ਾਸਕ ਦੀ ਤਰ੍ਹਾਂ ਵਿਚਰੇ। ਸਿੱਖ ਤਖ਼ਤਾਂ ਦੇ ਜਥੇਦਾਰ ਆਮ ਕਰਕੇ, ਅਕਾਲ ਤਖ਼ਤ ਦੇ ਜਥੇਦਾਰ ਖਾਸ ਕਰਕੇ ਉਸ ਸਮੇਂ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਜਾ ਰਹੇ ਹੁਕਮਾਂ ਦਾ ਵਿਰੋਧ ਨਹੀਂ ਕਰ ਸਕੇ ਅਤੇ ਉਹ ਉਨ੍ਹਾਂ ਦੇ ਅਧੀਨ ਅਫਸਰਸ਼ਾਹਾਂ ਦੀ ਤਰ੍ਹਾਂ ਹਰੇਕ ਨਿਰਦੇਸ਼ ਨੂੰ ਮੰਨਦੇ ਰਹੇ। ਤਖ਼ਤਾਂ ਦੇ ਜਥੇਦਾਰ ਉਸ ਸਮੇਂ ਸੁਖਬੀਰ ਸਿੰਘ ਬਾਦਲ ਅੱਗੇ ਝੁਕ ਗਏ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਉਸ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਹਿਨ ਕੇ ਉਨ੍ਹਾਂ ਵਾਂਗ ਅੰਮ੍ਰਿਤ ਤਿਆਰ ਕਰਨ ਦੇ ਦੋਸ਼ ਤੋਂ ਮੁਆਫ਼ ਕਰ ਦਿੱਤਾ। ਬਾਅਦ ਵਿੱਚ ਜਦੋਂ ਗਰਮਖਿਆਲੀ ਸਿੱਖਾਂ ਦੇ ਰੋਹ ਦਾ ਬਾਦਲ ਸਾਹਮਣਾ ਨਾ ਕਰ ਸਕੇ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫ਼ੀ ਵਾਪਸ ਲੈ ਕੇ ਉਨ੍ਹਾਂ ਖ਼ਿਲਾਫ਼ ਪਹਿਲਾਂ ਜਾਰੀ ਹੁਕਮਨਾਮਾ ਬਹਾਲ ਕਰ ਦਿੱਤਾ। ਡੇਰਾ ਸਿਰਸਾ ਦਾ ਮੁਖੀ ਇਸ ਵੇਲੇ ਬਲਾਤਕਾਰ ਦੇ ਕੇਸ ਵਿੱਚ ਹਰਿਆਣਾ ਦੀ ਇਕ ਜੇਲ੍ਹ ਅੰਦਰ ਬੰਦ ਹੈ। ਸੀ.ਬੀ.ਆਈ. ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਠਹਿਰਾਉਂਦਿਆਂ ਦਸ-ਦਸ ਸਾਲ ਦੀਆਂ ਦੋ ਸਜ਼ਾਵਾਂ ਦਿੱਤੀਆਂ ਹੋਈਆਂ ਹਨ, ਜੋ ਇਕ ਤੋਂ ਬਾਅਦ ਦੂਜੀ ਸਜ਼ਾ ਵਜੋਂ ਕੁੱਲ ਵੀਹ ਸਾਲ ਲਈ ਹਨ। ਅਕਾਲ ਤਖ਼ਤ ਦਾ ਇਸ ਤੋਂ ਵੱਧ ਵੱਕਾਰ ਹੋਰ ਨਹੀਂ ਗਿਰਾਇਆ ਜਾ ਸਕਦਾ।

ਪੰਜਾਬ ਵਿੱਚ ਅਕਤੂਬਰ, 2015 ਦੌਰਾਨ ਉਸ ਸਮੇਂ ਹਾਲਾਤ ਬੇਹੱਦ ਖਰਾਬ ਹੋ ਗਏ ਸਨ ਜਦੋਂ ਫਰੀਦਕੋਟ ਜ਼ਿਲ੍ਹੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰਨ ਬਾਅਦ 20 ਨਵੰਬਰ, 2015 ਨੂੰ ਤਰਨ ਤਾਰਨ ਨੇੜੇ ਸਰਬੱਤ ਖਾਲਸਾ ਬੁਲਾਇਆ ਗਿਆ, ਜਿਸ ਵਿੱਚ ਪਾਸ ਕੀਤੇ ਇਕ ਮਤੇ ਤਹਿਤ ਸਿੱਖ ਤਖ਼ਤਾਂ ਦੇ ਸਾਰੇ ਪੰਜ ਜਥੇਦਾਰ ਬਰਖ਼ਾਸਤ ਕਰ ਦਿੱਤੇ ਗਏ ਅਤੇ ਮੁਤਵਾਜ਼ੀ ਜਥੇਦਾਰ ਨਿਯੁਕਤ ਕਰ ਦਿੱਤੇ। ਸਰਬੱਤ ਖਾਲਸਾ ਦੇ ਨਿਯੁਕਤ ਜਥੇਦਾਰਾਂ ਨੇ ਸਿੱਖ ਮੁੱਦੇ ਉਠਾਏ ਪ੍ਰੰਤੂ ਇਨ੍ਹਾਂ ਵੱਲੋਂ ਬਰਖਾਸਤ ਕੀਤੇ ਤਖ਼ਤਾਂ ਦੇ ਜਥੇਦਾਰ, ਜੋ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਹਨ, ਨੇ ਇਨ੍ਹਾਂ ਦੇ ਫੈਸਲਿਆਂ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਮੁਤਵਾਜ਼ੀ ਜਥੇਦਾਰ ਹੁਣ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਲਈ ਸਿਰਦਰਦੀ ਬਣੇ ਹੋਏ ਹਨ। ਕੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਿੱਖ ਪੰਥ ਦੀ ਇਸ ਵੱਡੀ ਸਿਰਦਰਦੀ ਦਾ ਢੁਕਵਾਂ ਹੱਲ ਕੱਢ ਸਕਣਗੇ? ਮੁਤਵਾਜ਼ੀ ਜਥੇਦਾਰਾਂ ਨੂੰ ਗਰਮਖਿਆਲੀਆਂ ਤੇ ਸਿੱਖਾਂ ਦੇ ਇਕ ਵੱਡੇ ਵਰਗ ਦੀ ਹਮਾਇਤ ਹਾਸਲ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੱਗੇ ਇਕ ਹੋਰ ਵੱਡੀ ਚੁਣੌਤੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਤੇ ਭਾਜਪਾ ਵੱਲੋਂ ਆਈ ਹੈ। ਪੰਜਾਬ ਵਿਧਾਨ ਸਭਾ ਚੋਣਾਂ 2017 ਵਿੱਚ ਅਕਾਲੀ ਦਲ-ਭਾਜਪਾ ਗੱਠਜੋੜ ਦੀ ਹਾਰ ਹੋਣ ਬਾਅਦ ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਨੇ ਸਰਗਰਮ ਹੁੰਦਿਆਂ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਆਪਣੀਆਂ ਸ਼ਾਖਾਵਾਂ ਸਥਾਪਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਹੋਣ ਕਾਰਨ, ਇਸ ਦਾ ਹਮਾਇਤੀ ਹੋਣ ਨਾਤੇ ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ 'ਤੇ ਕਮਜ਼ੋਰ ਮਹਿਸੂਸ ਕਰ ਰਿਹਾ ਹੈ। ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਦਖ਼ਲ ਦਿੱਤਾ ਜਾ ਰਿਹਾ ਹੈ। ਥੋੜ੍ਹਾ ਚਿਰ ਪਹਿਲਾਂ ਰਾਸ਼ਟਰੀ ਸਿੱਖ ਸੰਗਤ ਨੇ ਦਿੱਲੀ ਵਿੱਚ ਸੰਮੇਲਨ ਬੁਲਾਇਆ ਜਿਸ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਨਿਮੰਤ੍ਰਣ ਭੇਜਿਆ ਗਿਆ ਸੀ। ਪਰ ਉਨ੍ਹਾਂ ਨੇ ਇਸ ਵਿੱਚ ਸ਼ਮੂਲੀਅਤ ਨਹੀਂ ਕੀਤੀ ਅਤੇ ਇਨ੍ਹਾਂ ਦੇ ਸਮਾਗਮਾਂ ਦੇ ਬਾਈਕਾਟ ਲਈ ਪਹਿਲਾਂ ਹੀ ਜਾਰੀ ਹੁਕਮਨਾਮੇ ਉਪਰ ਸਿੱਖਾਂ ਨੂੰ ਅਮਲ ਕਰਨ ਦਾ ਸੱਦਾ ਦਿੱਤਾ ਸੀ। ਆਰ.ਐੱਸ.ਐੱਸ. ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਕੌਮੀ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਸੰਗਠਨ ਸਿੱਖਾਂ ਨੂੰ ਵਡੇਰੇ ਹਿੰਦ ਪਰਿਵਾਰ ਦਾ ਹੀ ਹਿੱਸਾ ਮੰਨਦੀ ਹੈ। ਇੱਥੋਂ ਤੱਕ ਕਿ ਆਰ.ਐਸ.ਐਸ. ਤੇ ਭਾਜਪਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸੀਟਾਂ ਦਾ ਹਿੱਸਾ ਮੰਗਣਾ ਸ਼ੁਰੂ ਕੀਤਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ, ਦੋਵਾਂ ਵਿੱਚ ਗੱਠਜੋੜ ਭਾਈਵਾਲੀ ਹੈ ਤੇ ਦੋਵੇਂ ਪੰਜਾਬ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੌਰਾਨ ਸੀਟਾਂ ਦੀ ਵੰਡ ਕਰਕੇ ਭਾਈਵਾਲੀ ਨਾਲ ਚੋਣਾਂ ਲੜਦੇ ਆ ਰਹੇ ਹਨ। ਆਰ.ਐਸ.ਐਸ. ਤੇ ਭਾਜਪਾ ਵੱਲੋਂ ਸਿੱਖ ਸੰਸਥਾਵਾਂ ਵਿੱਚ ਸੀਟਾਂ ਦੀ ਹਿੱਸੇਦਾਰੀ ਮੰਗਣ ਖ਼ਿਲਾਫ਼ ਸਿੱਖਾਂ ਵਿੱਚ ਰੋਹ ਉਪਜਦਾ ਰਿਹਾ ਹੈ। ਸਿੱਖ ਭਾਈਚਾਰਾ ਇਸ ਨੂੰ ਆਪਣੇ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਮੰਨਦਾ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਬਾਦਲਾਂ ਦੀ ਕਥਿਤ ਕਮਜ਼ੋਰ ਸਿਆਸਤ ਕਾਰਨ ਅਜਿਹੀ ਮੰਗ ਵਾਰ-ਵਾਰ ਜ਼ੋਰ ਫੜ ਰਹੀ ਹੈ।

ਸ਼੍ਰੋਮਣੀ ਕਮੇਟੀ ਦੀ ਰਿਕਾਰਡ ਵੀਹ ਸਾਲ ਅਗਵਾਈ ਕਰਨ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੇਹਾਂਤ ਬਾਅਦ ਇਸ ਦੀ ਲੀਡਰਸ਼ਿਪ ਪੂਰੀ ਤਰ੍ਹਾਂ ਕਮਜ਼ੋਰ ਪੈ ਚੁੱਕੀ ਹੈ। ਸੀਨੀਅਰ ਬਾਦਲ, ਜੋ ਉਨ੍ਹਾਂ ਦੇ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਬਣਦੇ ਰਹੇ, ਉਨ੍ਹਾਂ ਉਪਰ ਆਪਣਾ ਹਰੇਕ ਹੁਕਮ ਚਲਾ ਨਹੀਂ ਸਕੇ ਸਨ। ਜਥੇਦਾਰ ਟੌਹੜਾ ਦੇ ਅਕਾਲ ਚਲਾਣੇ ਬਾਅਦ, ਪ੍ਰਕਾਸ਼ ਸਿੰਘ ਬਾਦਲ ਨੂੰ ਮੌਕਾ ਮਿਲ ਗਿਆ ਕਿ ਉਹ ਉਨ੍ਹਾਂ ਦੇ ਵਫ਼ਾਦਾਰਾਂ ਨੂੰ ਸਿਆਸੀ ਤੌਰ 'ਤੇ ਖਤਮ ਕਰ ਸਕਣ ਅਤੇ ਉਹ ਇਸ ਮਿਸ਼ਨ ਵਿੱਚ ਕਾਮਯਾਬ ਵੀ ਰਹੇ। ਸਭ ਤੋਂ ਪਹਿਲਾਂ ਮਨਜੀਤ ਸਿੰਘ ਕਲਕੱਤਾ ਦੀ ਵਾਰੀ ਲੱਗੀ ਜਿਨ੍ਹਾਂ ਨੂੰ ਉੱਘੇ ਵਿਦਵਾਨ ਤੇ ਜਥੇਦਾਰ ਟੌਹੜਾ ਦੇ ਪੱਕੇ ਵਿਸ਼ਵਾਸਪਾਤਰ ਮੰਨਿਆ ਜਾਂਦਾ ਸੀ। ਉਨ੍ਹਾਂ ਵਿੱਚ ਕੀ ਨੁਕਸ ਸੀ? ਉਨ੍ਹਾਂ ਨੇ ਕਦੇ ਵੀ ਜਥੇਦਾਰ ਟੌਹੜਾ ਨੂੰ ਧੋਖਾ ਨਹੀਂ ਦਿੱਤਾ ਸੀ ਅਤੇ ਮੰਗ ਕੀਤੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਅੰਮ੍ਰਿਤਸਰ ਵਿੱਚ ਇਕ ਸਮਾਗਮ 'ਚ ਹਿੱਸਾ ਲੈਣ ਮੌਕੇ ਸ੍ਰੀ ਹਰਿਮੰਦਰ ਸਾਹਿਬ ਆਉਣ, ਉਨ੍ਹਾਂ ਨੂੰ ਵੀ ਸਿਰੋਪਾਓ ਦਿੱਤਾ ਜਾਵੇ। ਉਸ ਸਮੇਂ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਸੀ। 1999 ਦੌਰਾਨ ਜਦੋਂ ਜਥੇਦਾਰ ਟੌਹੜਾ ਤੇ

**ਬਾਕੀ ਸਫ਼ਾ 33 'ਤੇ**

# ਨਵੇਂ ਪ੍ਰਧਾਨ ਲਈ ਨਵੀਆਂ ਚੁਣੌਤੀਆਂ

**ਬਲਕਾਰ ਸਿੰਘ (ਪ੍ਰੋ.)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਨੂੰ ਸਦਾ ਹੀ ਸ਼ੇਰ ਦੀ ਸਵਾਰੀ ਮੰਨਿਆ ਜਾਂਦਾ ਰਿਹਾ ਹੈ ਕਿਉਂਕਿ ਜਿਨ੍ਹਾਂ ਨੂੰ ਇਹ ਕਦੇ ਵੀ ਨਹੀਂ ਮਿਲ ਸਕਣੀ, ਉਨ੍ਹਾਂ ਦੀ ਖਿਲਾਫ਼ਤ ਨਾਲ ਵੀ ਨਿਭਣਾ ਪੈਂਦਾ ਹੈ ਅਤੇ ਖਿਲਾਫ਼ਤ ਵਾਸਤੇ ਖਿਲਾਫ਼ਤ ਕਰਨ ਵਾਲਿਆਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਜਿਹੜੇ ਲੋਕ ਪ੍ਰਧਾਨਗੀ ਵਾਸਤੇ ਦੁਸ਼ਵਾਰੀਆਂ ਪੈਦਾ ਕਰੀ ਜਾ ਰਹੇ ਹਨ, ਉਹ ਸਿਆਸੀ ਮਸਲਿਆਂ ਨੂੰ ਵੀ ਧਾਰਮਿਕ ਮਸਲਿਆਂ ਵਿੱਚ ਸ਼ਾਮਲ ਕਰੀ ਜਾ ਰਹੇ ਹਨ। ਮਸਲਾ ਤਾਂ ਇਹ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖ ਸਿਆਸਤ ਦੇ ਹਵਾਲੇ ਨਾਲ ਕਿਵੇਂ ਸਮਝਿਆ ਜਾਵੇ। ਪ੍ਰਧਾਨ ਕੋਈ ਵੀ ਬਣਦਾ, ਸਿੱਖਾਂ ਦੀ ਗਰਮਖਿਆਲੀ (ਰੈਡੀਕਲ) ਸਿਆਸਤ ਵੱਲੋਂ ਇਸ ਦਾ ਵਿਰੋਧ ਹੋਣਾ ਹੀ ਸੀ। ਇਸ ਦੇ ਵਿਸਥਾਰ ਵਿੱਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਬਾਰੇ ਜਿਹੜੇ ਕੁਝ ਵੀ ਨਹੀਂ ਜਾਣਦੇ, ਉਨ੍ਹਾਂ ਨੇ ਮਰਹੂਮ ਸੰਤ ਹਰਚੰਦ ਸਿੰਘ ਦੇ ਹਵਾਲੇ ਨਾਲ ਜੋ ਮੂੰਹ ਆਇਆ ਬੋਲਣਾ ਸ਼ੁਰੂ ਦਿੱਤਾ ਹੈ। ਬੋਲਣ ਵਾਲਿਆਂ ਨੂੰ 'ਤਨਖਾਹੀਏ' ਦਾ ਅਜਿਹਾ ਬਹਾਨਾ ਮਿਲ ਗਿਆ ਹੈ, ਜਿਸ ਬਾਰੇ ਕੋਈ ਵੀ ਫ਼ੈਸਲਾ ਕਰ ਸਕਣਾ ਸੰਭਵ ਹੀ ਨਹੀਂ ਹੈ। ਤਨਖਾਹੀਏ ਵਾਲਾ ਮਾਮਲਾ ਇੰਨਾ ਪੇਚੀਦਾ ਹੋ ਸਕਦਾ ਹੈ ਕਿ ਇਸ ਵਿੱਚ ਜਥੇਦਾਰ ਅਕਾਲ ਤਖਤ ਨੂੰ ਉਲਝਾ ਲਏ ਜਾਣ ਦੀਆਂ ਸੰਭਾਵਨਾਵਾਂ ਵੀ ਪੈਦਾ ਹੋ ਸਕਦੀਆਂ ਹਨ ਕਿਉਂਕਿ ਪ੍ਰਧਾਨ ਚੁਣਨ ਵੇਲੇ ਪੰਜਾਬ ਦੇ ਤਿੰਨ ਤਖਤਾਂ ਦੇ ਜਥੇਦਾਰ ਅਸਿੱਧੇ ਤੌਰ 'ਤੇ ਫ਼ੈਸਲੇ ਵਿੱਚ ਸ਼ਾਮਲ ਹੁੰਦੇ ਹਨ।

ਇੱਕ ਪਾਸੇ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤ ਤੋਂ ਮੁਕਤ ਕਰਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪ੍ਰਧਾਨਗੀ ਨੂੰ ਲੈ ਕੇ ਧਰਮ ਦੀ ਸਿਆਸਤ ਸ਼ੁਰੂ ਹੋ ਗਈ ਹੈ। ਯਾਦ ਰਹੇ ਕਿ ਧਰਮ ਦੀ ਸਿਆਸਤ ਦਾ ਨੁਕਸਾਨ ਧਰਮ ਦੇ ਨੁਕਸਾਨ ਨਾਲ ਹੀ ਸ਼ੁਰੂ ਹੁੰਦਾ ਹੈ। ਕਿਸ ਨੂੰ ਨਹੀਂ ਪਤਾ ਸੀ ਕਿ ਹੋਣਾ ਤਾਂ ਉਹੀ ਹੈ ਜੋ ਸਿਆਸਤਦਾਨ ਕਰਨਗੇ। ਵੇਰਵਿਆਂ ਤੋਂ ਸਪੱਸ਼ਟ ਹੈ ਕਿ ਸਿੱਖ ਸਿਆਸਤ ਦੇ ਜਿਹੜੇ ਧੜੇ ਕੋਲ 169 ਵਿੱਚੋਂ 154 ਮੈਂਬਰ ਹਨ, ਉਸ ਧੜੇ ਨੂੰ ਉਨ੍ਹਾਂ ਦੀ ਮਰਜ਼ੀ ਦਾ ਪ੍ਰਧਾਨ ਚੁਣਨ ਤੋਂ ਕੌਣ ਰੋਕ ਸਕਦਾ ਸੀ। ਉਨ੍ਹਾਂ ਦੀ ਮਰਜ਼ੀ ਵਿੱਚ ਕੌਣ ਸ਼ਾਮਲ ਹੈ, ਉਸ ਬਾਰੇ ਉਹ ਕੀ ਕਰ ਸਕਦਾ ਸੀ ਜਿਸ ਦੀ ਚੋਣ ਵਿੱਚ ਕੋਈ ਭੂਮਿਕਾ ਹੀ ਨਹੀਂ ਸੀ। ਵੋਟਾਂ ਨਾਲ ਚੁਣੀ ਜਾਣ ਵਾਲੀ ਕਿਸੇ ਵੀ ਸੰਸਥਾ ਦੇ ਨਤੀਜਿਆਂ ਤੋਂ ਪਿੱਛੋਂ ਫ਼ੈਸਲਾ ਲੈਣ ਦਾ ਅਧਿਕਾਰ ਜਿੱਤੇ ਹੋਏ ਧੜੇ ਨੂੰ ਮਿਲ ਜਾਂਦਾ ਹੈ। ਇਹ ਅਧਿਕਾਰ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਕੋਲ ਹੈ। ਪਾਸੇ ਬੈਠੇ ਤਾਂ ਗੱਲਾਂ ਹੀ ਕਰ ਸਕਦੇ ਹਨ ਅਤੇ ਕੀਤੀਆਂ ਹੋਈਆਂ ਗੱਲਾਂ ਜੋ ਸਿਆਸੀ ਟਿੱਪਣੀਆਂ ਵਰਗੀਆਂ ਹੋਣਗੀਆਂ ਤਾਂ ਪੁੱਛਿਆ ਜਾ ਸਕਦਾ ਹੈ ਕਿ ਜਿੱਤੇ ਹੋਏ ਸਿਆਸੀ ਧੜੇ ਦੀ ਥਾਂ ਤੇ ਹਾਰੇ ਹੋਏ ਸਿਆਸੀ ਧੜਿਆਂ ਦੀ ਗੱਲ ਕਿਉਂ ਮੰਨੀ ਜਾਵੇ? ਮਿਸਾਲ ਦੇ ਤੌਰ 'ਤੇ ਬਾਦਲਕਿਆਂ



ਵਿਰੁੱਧ ਇਕੱਠ ਸਰਬੱਤ ਖਾਲਸੇ ਦੇ ਨਾਮ ਹੇਠ ਪਿੰਡ ਵੱਲਾ ਅੰਮ੍ਰਿਤਸਰ ਵਿਖੇ ਕੀਤਾ ਗਿਆ ਸੀ। ਉੱਥੇ ਹੋਏ ਇਕੱਠ ਦੀ ਗਿਣਤੀ, ਬਾਦਲਾਂ ਦੀ ਟਿਕਟ 'ਤੇ ਜਿੱਤੇ ਹੋਏ ਮੈਂਬਰਾਂ ਨੂੰ ਪਈਆਂ ਵੋਟਾਂ ਦੀ ਗਿਣਤੀ ਦੇ ਮੁਕਾਬਲੇ ਵਿੱਚ ਆਟੇ ਵਿੱਚ ਲੂਣ ਵਾਂਗ ਹੀ ਹੈ। ਬਦਲਾਓ ਦੇ ਮੁੱਦਈਆਂ ਨੂੰ ਸੋਚਣਾ ਤਾਂ ਇਹ ਚਾਹੀਦਾ ਹੈ ਕਿ ਜਿਸ ਤਰ੍ਹਾਂ ਬਾਦਲਾਂ ਦੀ ਵਿਰੋਧੀ ਧਿਰ ਟੁਕੜਿਆਂ ਵਿੱਚ ਵੰਡੀ ਹੋਈ ਹੈ, ਉਸ ਹਾਲਤ ਵਿੱਚ ਤਾਂ ਸ਼੍ਰੋਮਣੀ ਕਮੇਟੀ ਉੱਤੇ ਬਾਦਲਾਂ ਦੇ ਕਬਜ਼ੇ ਨੂੰ ਕਿਸੇ ਹਾਲਤ ਵਿੱਚ ਵੀ ਨਹੀਂ ਤੋੜਿਆ ਜਾ ਸਕਦਾ। ਅਜਿਹੇ ਹਾਲਾਤ ਵਿੱਚ ਸੋਚਣਾ ਤਾਂ ਇਹ ਚਾਹੀਦਾ ਹੈ ਕਿ ਚੁਣੇ ਗਏ ਪ੍ਰਧਾਨ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਕਿ ਇਹ ਪ੍ਰਧਾਨ, ਕਾਬਜ਼ ਧੜੇ ਦਾ ਪ੍ਰਧਾਨ ਦਿੱਸਣ ਦੀ ਥਾਂ ਸਾਰੇ ਸਿੱਖਾਂ ਦਾ ਪ੍ਰਧਾਨ ਦਿੱਸੇ। ਆਲੋਚਨਾ ਤਾਂ ਕੀਤੇ ਹੋਏ ਕੰਮਾਂ ਦੀ ਹੀ ਹੋ ਸਕਦੀ ਹੈ ਅਤੇ ਨਵੇਂ ਪ੍ਰਧਾਨ ਨੇ ਤਾਂ ਅਜੇ ਕੁਝ ਕੀਤਾ ਹੀ ਨਹੀਂ। ਨਵੇਂ ਪ੍ਰਧਾਨ ਨੂੰ ਦੱਸਿਆ ਜਾ ਸਕਦਾ ਹੈ ਕਿ ਅਹੁਦੇਦਾਰੀਆਂ ਇੱਜ਼ਤ ਬਣਾਉਂਦੀਆਂ ਵੀ ਹਨ ਅਤੇ ਅਹੁਦੇ ਪੜ੍ਹਤ ਗੁਆ ਵੀ ਦਿੰਦੇ ਹਨ। ਪਰ ਸਿਆਸਤਦਾਨ ਨੂੰ ਕੋਈ ਕਿਵੇਂ ਸਮਝਾਵੇ ਕਿ ਸਿੱਖੀ ਵਿੱਚ ਸਿਆਸਤ ਦੀ ਥਾਂ ਬਹੁਤ ਥੱਲੇ ਮੰਨੀ ਗਈ ਹੈ ਅਤੇ ਗੁਰਦੁਆਰਾ ਐਕਟ ਰਾਹੀਂ ਜੋ ਪ੍ਰਾਪਤੀਆਂ ਸਿਆਸੀ ਸੁਰ ਵਿੱਚ ਨਜ਼ਰ ਵੀ ਆ ਰਹੀਆਂ ਹਨ, ਉਹ ਪੰਥਕ ਸੁਰ ਵਿੱਚ ਤਾਂ ਕੀ, ਸਿੱਖ ਸੁਰ ਵਿੱਚ ਵੀ ਪ੍ਰਵਾਨ ਨਹੀਂ ਕੀਤੀਆਂ ਜਾ ਸਕਦੀਆਂ। ਜਿੰਨਾ ਚਿਰ ਸ਼੍ਰੋਮਣੀ ਕਮੇਟੀ ਨੂੰ ਸਿਆਸਤ ਤੋਂ ਮੁਕਤ ਨਹੀਂ ਕੀਤਾ ਜਾਂਦਾ, ਓਨਾ ਚਿਰ ਸਿੱਖ-ਸੰਸਥਾਵਾਂ ਦੇ ਪ੍ਰਬੰਧਕ, ਕਿਸੇ ਕਿਸਮ ਦੀ ਪੰਥਕ ਭੂਮਿਕਾ ਨਹੀਂ ਨਿਭਾ ਸਕਦੇ? ਸ਼੍ਰੋਮਣੀ ਕਮੇਟੀ ਦੇ ਵਰਤਮਾਨ ਹਾਊਸ ਵਿੱਚ ਇੱਕ ਵੀ ਮੈਂਬਰ ਅਜਿਹਾ ਨਹੀਂ ਜਿਹੜਾ ਕਹਿ ਸਕਦਾ ਹੋਵੇ ਕਿ ਉਸ ਦਾ ਕਿਸੇ ਤਰ੍ਹਾਂ ਦੀ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਅਜਿਹੇ ਹਾਲਾਤ ਵਿੱਚ ਸੋਚਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸਤ ਦਾ ਅਖਾੜਾ ਕੌਣ ਅਤੇ ਕਿਉਂ ਬਣਾ ਰਿਹਾ ਹੈ? ਸਿਰ ਜੋੜਕੇ ਸੋਚਾਂਗੇ ਤਾਂ ਸਮਝ ਸਕਾਂਗੇ ਕਿ ਇਸ ਵਿੱਚੋਂ ਬਾਹਰ ਕਿਵੇਂ ਨਿਕਲਣਾ ਹੈ।

ਵਰਤਮਾਨ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਮੂਲ ਰੂਪ ਵਿੱਚ ਧਾਰਮਿਕ ਵਿਅਕਤੀ ਹੈ। ਮੈਂ ਉਸ ਨੂੰ ਬਚਪਨ ਤੋਂ ਜਾਣਦਾ ਹਾਂ। ਧਾਰਮਿਕ ਸਹਿਜ ਵਿੱਚੋਂ ਸਿਆਸੀ ਮਾਅਰਕੇਬਾਜ਼ੀ ਮਨਫੀ ਰਹਿੰਦੀ ਹੈ। ਇਸ ਦਾ ਸਬੂਤ ਪ੍ਰਧਾਨ ਨੇ ਮੀਡੀਆ ਨੂੰ ਸਿਆਸਤਦਾਨਾਂ ਵਾਂਗ ਵਰਤਣ ਤੋਂ ਗੁਰੇਜ਼ ਕਰਕੇ ਦੇ ਦਿੱਤਾ ਹੈ। ਆਪ ਚੱਲ ਕੇ ਪਹਿਲੇ ਪ੍ਰਧਾਨ ਦੇ ਘਰ ਜਾਣ ਨਾਲ ਹੋਰ ਵੀ ਬਹੁਤ ਕੁਝ ਸਪੱਸ਼ਟ ਹੋ ਗਿਆ ਹੈ। ਭਾਈ ਲੌਂਗੋਵਾਲ ਦੀ ਹਲੀਮੀ ਹੀ ਉਸ ਦੀ ਪ੍ਰਾਪਤੀ ਹੈ। ਇਸ ਦੇ ਆਸਰੇ ਉਹ ਵਿਰੋਧੀਆਂ ਨਾਲ ਵੀ ਨਿਭਦਾ ਆ ਰਿਹਾ ਹੈ। ਵੈਸੇ ਤਾਂ ਸ਼੍ਰੋਮਣੀ ਕਮੇਟੀ ਇੱਕ ਖਿੱਤੇ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਸ ਦੇ ਅਹੁਦੇਦਾਰਾਂ ਨੂੰ ਦੁਨੀਆਂ ਭਰ ਦੇ ਸਿੱਖਾਂ ਦੀ ਉਸ ਤਰ੍ਹਾਂ ਲੋੜ ਨਹੀਂ ਹੈ, ਜਿਸ ਤਰ੍ਹਾਂ ਦੁਨੀਆਂ ਭਰ ਦੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਲੋੜ ਹੈ। ਇਸ ਪਾਸੇ ਸਾਂਝੀ ਸਿੱਖ ਸਮਝ ਬਣਾਉਣ ਵਾਸਤੇ ਉਨ੍ਹਾਂ ਸਿੱਖਾਂ ਦੀ ਵੱਧ ਜ਼ਿੰਮੇਵਾਰੀ ਹੈ, ਜਿਹੜੇ ਸੌੜੀ ਸਿਆਸਤ ਵਾਸਤੇ ਪ੍ਰਧਾਨ ਨੂੰ ਸਿਆਸੀ ਪੁਸ਼ਤਪਨਾਹੀ ਦੀ ਲੋੜ ਵੱਲ ਧੱਕੀ ਜਾ ਰਹੇ ਹਨ। ਜਿਹੜੇ ਭਾਈ ਲੌਂਗੋਵਾਲ ਬਾਰੇ ਬਹੁਤਾ ਨਹੀਂ ਜਾਣਦੇ ਉਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਕੋਈ ਉਸ ਤਕ ਪਹੁੰਚੇਗਾ, ਉਸ ਨੂੰ ਉਹ ਪ੍ਰਧਾਨਗੀ ਦੇ ਪਰਦੇ ਓਹਲੇ ਨਹੀਂ ਮਿਲੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਇੱਕ ਸਿਆਸੀ ਧੜੇ ਦੀ ਚੋਣ ਹੈ ਅਤੇ ਇਸ ਦੇ ਅਰਥ ਸਾਰਿਆਂ ਨੂੰ ਪਤਾ ਹਨ। ਇਸ ਦੇ ਬਾਵਜੂਦ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਸਿੱਖ-ਸਾਖ ਨੂੰ ਸਿੱਖੀ ਦੇ ਹੱਕ ਵਿੱਚ ਵਰਤਿਆ ਜਾ ਸਕਦਾ ਹੈ। ਬੇਸ਼ੱਕ ਉਹ ਉੱਚ ਵਿਦਿਆ ਹਾਸਲ ਕਰ ਗਿਆ ਹੈ, ਪਰ ਉਸ ਦਾ ਖਮੀਰੀ ਵਰਤਾਰਾ ਗੁਰਮਤਿ ਵਾਲਾ ਹੀ ਹੈ। ਚੰਗੇ ਸਰਕਾਰੀ ਅਹੁਦਿਆਂ 'ਤੇ ਵੀ ਉਹ ਸਿੱਖ ਵਾਂਗ ਹੀ ਵਿਚਰਦਾ ਰਿਹਾ ਹੈ। ਉਸ ਦੇ ਨੇੜਲੇ ਸ਼ਾਹਦੀ ਭਰਨਗੇ ਕਿ ਉਹ ਸੰਤੋਖੀ ਤਬੀਅਤ ਵਾਲਾ ਗੁਰਸਿੱਖ ਹੈ। ਉਹ ਜੋ ਕੁਝ ਵੀ ਹੈ, ਸੰਤ ਹਰਚੰਦ ਸਿੰਘ ਲੌਂਗੋਵਾਲ ਕਰਕੇ ਹੀ ਹੈ ਅਤੇ ਲੋੜ ਪੈਣ 'ਤੇ ਉਸ ਕੋਲੋਂ ਲੌਂਗੋਵਾਲੀਅਨ ਸੁਰ ਵਿੱਚ ਕੁਝ ਕਰ ਗੁਜ਼ਰਨ ਦੀ ਆਸ ਕੀਤੀ ਜਾ ਸਕਦੀ ਹੈ। ਉਹ ਪੰਥਕ ਹੈ, ਪਰ ਕੱਟੜ ਨਹੀਂ ਹੈ। ਉਹ ਸਿੱਖ ਪਹਿਲਾਂ ਹੈ ਅਤੇ ਸਿਆਸਤ ਉਸ ਦੀ ਮਜਬੂਰੀ ਹੈ। ਬਾਣੀ ਨਾਲ ਜੁੜੇ ਹੋਏ ਇਸ ਵਿਅਕਤੀ ਕੋਲ ਵਿਰੋਧ ਨੂੰ ਸਹਿ ਜਾਣ ਦੀ ਬਹੁਤ ਸ਼ਕਤੀ ਹੈ। ਇਹੀ ਗੁਣ ਹਨ ਜਿਨ੍ਹਾਂ ਕਰਕੇ ਬਾਦਲਕਿਆਂ ਦੀ ਚੋਣ ਨੂੰ ਵਰਤਮਾਨ ਸਥਿਤੀ ਵਿੱਚ ਸਿਆਸੀ ਮਾਅਰਕਾ ਵੀ ਕਿਹਾ ਜਾ ਸਕਦਾ ਹੈ।

ਬਦਕਿਸਮਤੀ ਇਹ ਹੈ ਕਿ ਸਿਆਸਤ ਵਿੱਚ ਸੌਖੇ ਨਿਸ਼ਾਨਿਆਂ ਨੂੰ ਫੁੰਡਣ ਦੀ ਮਾਅਰਕੇਬਾਜ਼ੀ ਦਾ ਬੋਲਬਾਲਾ ਹੋ ਗਿਆ ਹੈ ਅਤੇ ਸਿੱਖ ਸਿਆਸਤ ਵਿੱਚ ਆਪਣੇ ਵਿਰੋਧੀ ਨਾਲ ਸਿੱਧਿਆਂ ਖਹਿਣ ਦੀ ਥਾਂ ਉਨ੍ਹਾਂ ਦੇ ਸਮਰਥਕਾਂ ਨੂੰ ਢਾਹੁਣ ਦੀ ਤਸੱਲੀ ਨੂੰ ਹੀ ਸਿਆਸਤ ਸਮਝਿਆ ਜਾਣ ਲੱਗ ਪਿਆ ਹੈ। ਜੇ ਫ਼ੈਸਲਾ ਗ਼ਲਤ ਹੋਇਆ ਹੈ ਤਾਂ ਇਸ ਵਾਸਤੇ ਬਾਦਲਕਿਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। ਹੋ ਇਹ ਰਿਹਾ ਹੈ ਕਿ ਵਿਰੋਧ ਕਰਨ ਵਾਲੇ ਕਿਸੇ ਵੀ ਬਹਾਨੇ ਵਿਰੋਧ ਕਰੀ ਜਾ ਰਹੇ ਹਨ। ਇਸ ਨਾਲ ਨਵੇਂ ਬਣੇ ਪ੍ਰਧਾਨ ਨੂੰ ਉਸ ਪਾਸੇ ਧੱਕਿਆ ਜਾ ਰਿਹਾ ਹੈ, ਜਿੱਥੇ ਉਸ ਨੂੰ ਸਿਆਸੀ-ਧੜੇ ਤਕ ਮਹਿਦੂਦ ਹੋਣਾ ਪੈ ਸਕਦਾ ਹੈ। ਜੋ ਅਜਿਹਾ ਕਰ ਰਹੇ ਹਨ, ਉਹੀ ਇਸੇ ਬਹਾਨੇ ਨਾਲ ਪ੍ਰਧਾਨ ਨੂੰ ਕੁੱਟਣ ਦੀ ਸਿਆਸਤ ਪਹਿਲਾਂ ਵੀ ਕਰਦੇ ਰਹੇ ਹਨ। ਕਾਹਲਿਆਂ ਨੂੰ ਪੈਰ ਰੋਕ ਕੇ ਇਹ ਸੋਚਣਾ ਚਾਹੀਦਾ ਹੈ ਕਿ ਜੋ ਉਹ ਕਰ ਰਹੇ ਹਨ, ਇਸ ਨਾਲ ਕਿਹੋ ਜਿਹੇ ਨਤੀਜੇ ਨਿਕਲਣ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ।

ਇਹ ਠੀਕ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਰਗੇ ਅਹੁਦੇ 'ਤੇ ਰਹਿੰਦਿਆਂ ਕੋਈ ਵੀ ਜਾਣ ਬੁੱਝ ਕੇ ਗ਼ਲਤ ਨਹੀਂ ਕਰਨਾ ਚਾਹੇਗਾ। ਪਰ ਪ੍ਰਧਾਨਗੀ ਦੇ ਅਹੁਦੇ ਨੂੰ ਸਿਆਸਤ ਵਾਸਤੇ ਵਰਤੇ ਜਾਣ ਦੀ ਸਿਆਸਤ ਕਰਨ ਵਾਲੇ ਸਿਆਸਤਦਾਨਾਂ ਨੂੰ ਕੌਣ ਰੋਕ ਸਕਦਾ ਹੈ। ਵੇਖਣ ਨੂੰ ਇਹੀ ਲੱਗਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਉਹ ਇੱਕ ਸਿਆਸੀ ਪਰਿਵਾਰ ਹੀ ਕਰਵਾਈ ਜਾ ਰਿਹਾ ਹੈ। ਇਹ ਕੋਈ ਨਹੀਂ ਵੇਖਦਾ ਕਿ ਉਸ ਸਿਆਸੀ ਪਰਿਵਾਰ ਕੋਲੋਂ ਕੌਣ ਕੀ ਕਰਵਾਈ ਜਾ ਰਿਹਾ ਹੈ। ਬਾਦਲਕਿਆਂ ਦੀ ਸਿਆਸੀ ਮਜਬੂਰੀ ਪੰਥਕ ਸਾਖ ਬਹਾਲ ਕਰਨ ਦੀ ਹੈ ਅਤੇ ਇਹ ਮਜਬੂਰੀ ਸਭ ਦੇ ਸਾਹਮਣੇ ਆ ਗਈ ਹੈ। ਇਸ ਵਾਸਤੇ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵਰਤਣਾ ਪੈਣਾ ਹੈ।

ਕਾਹਲੀ ਵਿੱਚ ਭੱਜੇ ਜਾ ਰਹਿਆਂ ਨੂੰ ਕੌਣ ਸਮਝਾਵੇ ਕਿ ਮੋਟਾਪਾ ਜਿੰਨੀ ਛੇਤੀ ਆਉਂਦਾ ਹੈ ਓਨੀ ਛੇਤੀ ਜਾਂਦਾ ਨਹੀਂ ਹੈ। ਹੌਲੀ ਹੌਲੀ ਸਿੱਖ ਸੁਰ ਵਾਲੀਆਂ ਅਹੁਦੇਦਾਰੀਆਂ ਨੂੰ ਅਸੀਂ ਸਿਆਸੀ ਸੁਰ ਵਾਲੀਆਂ ਅਹੁਦੇਦਾਰੀਆਂ ਬਣਾਈ ਜਾ ਰਹੇ ਹਾਂ ਅਤੇ ਵਾਪਸ ਮੁੜਨ ਦੇ ਸਾਰੇ ਰਾਹ ਆਪ ਹੀ ਬੰਦ ਕਰੀ ਜਾ ਰਹੇ ਹਾਂ। ਇਸੇ ਨੂੰ ਧਰਮ ਦੀ ਸਿਆਸਤ ਕਿਹਾ ਜਾ ਰਿਹਾ ਹੈ। ਇਹ ਠੀਕ ਹੈ ਕਿ ਦੇਸ਼ ਦੇ ਕਾਨੂੰਨ ਮੁਤਾਬਿਕ ਬਣੇ ਹੋਏ ਗੁਰਦੁਆਰਾ ਐਕਟ ਤੋਂ ਸ਼ੁੱਧ ਪੰਥਕ ਭਾਵਨਾ ਵਿੱਚ ਚੱਲਣ ਦੀ ਆਸ ਨਹੀਂ ਕੀਤੀ ਜਾ ਸਕਦੀ। ਪਰ ਇਹ ਤਾਂ ਸੋਚਿਆ ਹੀ ਜਾ ਸਕਦਾ ਹੈ ਕਿ ਸਿਆਸੀ ਚੋਣ ਨਿਸ਼ਾਨ 'ਤੇ ਚੋਣਾਂ ਕਰਵਾਉਣ ਨਾਲ ਹਾਲਤ ਇਹ ਹੋ ਗਈ ਹੈ ਕਿ ਤਿੰਨ ਤਖ਼ਤਾਂ ਦੇ ਜਥੇਦਾਰ ਬਰਾਸਤਾ ਸ਼੍ਰੋਮਣੀ ਕਮੇਟੀ ਬਾਦਲਕਿਆਂ ਮੁਤਾਬਿਕ ਚੱਲ ਰਹੇ ਹਨ ਅਤੇ ਤਿੰਨ ਜਥੇਦਾਰ ਬਰਾਸਤਾ ਸਰਬੱਤ ਖਾਲਸਾ ਸਿਮਰਨਜੀਤ ਸਿੰਘ ਮਾਨ ਮੁਤਾਬਿਕ ਚੱਲ ਰਹੇ ਹਨ। ਨਵੇਂ ਪ੍ਰਧਾਨ ਸਾਹਮਣੇ ਚੁਣੌਤੀਆਂ ਬਹੁਤ ਹਨ। ਇਨ੍ਹਾਂ ਨਾਲ ਨਜਿੱਠਣ ਵਾਸਤੇ ਪ੍ਰਧਾਨ ਨੂੰ ਸੋਚਣਾ ਪੈਣਾ ਹੈ। ਇਸ ਵਾਸਤੇ ਸਿੱਖ-ਸੁਜੱਗਤਾ ਅਤੇ ਸਿੱਖ-ਵਚਨਬੱਧਤਾ ਨੂੰ ਨਾਲ ਲੈਣਾ ਪੈਣਾ ਹੈ। ਅਜਿਹਾ ਕੁਝ ਸੌੜੀ ਸਿਆਸਤ ਵਿੱਚੋਂ ਬਾਹਰ ਨਿਕਲ ਕੇ ਹੀ ਸੰਭਵ ਹੋ ਸਕਦਾ ਹੈ।

# ਪੰਜਾਬ ਦੀਆਂ ਵਿਗੜੀਆਂ ਤਰਜੀਹਾਂ ਦੀ ਕਹਾਣੀ

**ਨਿਰਮਲ ਸੰਧੂ**, ਸੀਨੀਅਰ ਪੱਤਰਕਾਰ
(ਸੰਪਰਕ: 98721-16633)

ਪੰਜਾਬ ਸਰਕਾਰ ਨੇ ਇੱਕ ਮਹੀਨੇ ਨਾਲੋਂ ਘੱਟ ਸਮੇਂ ਵਿੱਚ ਦੋ ਅਜਿਹੇ ਫ਼ੈਸਲੇ ਲਏ ਹਨ ਜਿਨ੍ਹਾਂ ਨੇ ਪੰਜਾਬੀਆਂ ਨੂੰ ਹੈਰਾਨ ਕੀਤਾ ਹੈ। ਇਨ੍ਹਾਂ ਦੋਵਾਂ ਫ਼ੈਸਲਿਆਂ ਦਾ ਸਖ਼ਤ ਵਿਰੋਧ ਕਰਨ ਦੀ ਲੋੜ ਹੈ। ਪਹਿਲਾ ਫ਼ੈਸਲਾ ਰਾਜ ਅੰਦਰ 800 ਪ੍ਰਾਇਮਰੀ ਸਕੂਲ ਬੰਦ ਕਰਨ ਬਾਰੇ ਹੈ। ਇਹ ਕੁਝ ਪੈਸੇ ਬਚਾਉਣ ਲਈ ਕੀਤਾ ਗਿਆ ਹੈ। ਦੂਜਾ ਫ਼ੈਸਲਾ ਸ਼ਰਾਬ ਦੇ ਵਪਾਰ ਵਿੱਚ ਦਾਖ਼ਲ ਹੋਣ ਦਾ ਹੈ। ਇਹ ਪੈਸੇ ਕਮਾਉਣ ਲਈ ਹੈ। ਇੱਕ ਸਰਕਾਰੀ ਬਿਆਨ ਵਿੱਚ 800 ਸਕੂਲਾਂ ਨੂੰ ਬੰਦ ਕਰਨਾ ਸਿੱਖਿਆ ਸੁਧਾਰ ਵਜੋਂ ਪੇਸ਼ ਕੀਤਾ ਗਿਆ ਹੈ। ਬਿਆਨ ਅਨੁਸਾਰ ਇਹ ਅਕਾਦਮਿਕ ਮਾਹੌਲ ਯਕੀਨੀ ਬਣਾਉਣ ਵਾਲੀ ਇੱਕ ਉੱਤਮ ਯੋਜਨਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ 800 ਪ੍ਰਾਇਮਰੀ ਸਕੂਲ ਬੰਦ ਹੋਣ ਨਾਲ ਬੱਚਿਆਂ ਦੀ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਕਾਨੂੰਨੀ ਅਧਿਕਾਰ ਪ੍ਰਭਾਵਿਤ ਨਹੀਂ ਹੋਵੇਗਾ। ਜੇ ਸਰਕਾਰ ਦੀ ਸੋਚ ਅਨੁਸਾਰ ਇਹ ਸੁਧਾਰ ਹਨ ਤਾਂ ਸਿੱਖਿਆ ਤੇ ਹੋਰ ਖੇਤਰ, ਜਿਨ੍ਹਾਂ ਵਿੱਚ ਉਸ ਨੇ ਸੁਧਾਰ ਕਰਨੇ ਤਜਵੀਜ਼ੇ ਹੋਏ ਹਨ, ਬਗ਼ੈਰ ਸੁਧਾਰਾਂ ਦੇ ਹੀ ਛੱਡ ਦੇਣੇ ਚਾਹੀਦੇ ਹਨ।

ਸਿੱਖਿਆ ਸੰਸਥਾਵਾਂ ਦੀ ਦਸ਼ਾ ਸੁਧਾਰਨ ਲਈ ਇਨ੍ਹਾਂ ਨੂੰ ਹੋਰ ਫੰਡ ਮੁਹੱਈਆ ਕਰਾਉਣ ਦੀ ਬਜਾਏ, ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਬੰਦ ਕਰਨ ਦਾ ਆਸਾਨ ਰਸਤਾ ਇਸ ਆਧਾਰ ਉੱਪਰ ਚੁਣ ਲਿਆ ਕਿ ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀ ਬਹੁਤ ਘੱਟ ਹਨ। ਰਾਜ ਸਰਕਾਰ ਆਪਣੇ ਨਾਗਰਿਕਾਂ ਪ੍ਰਤੀ ਮੁੱਢਲੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਰਹੀ ਹੈ। ਸਕੂਲ ਬੰਦ ਕਰਨ ਦੇ ਫ਼ੈਸਲੇ ਲੈਣ ਵਾਲਿਆਂ ਨੂੰ ਚਿੰਤਨ ਕਰਨਾ ਚਾਹੀਦਾ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਕਿਉਂ ਨਹੀਂ ਭੇਜਦੇ। ਪ੍ਰਸ਼ਾਸਕੀ ਲਾਪ੍ਰਵਾਹੀ ਅਤੇ ਵਰ੍ਹਿਆਂ ਤੋਂ ਫੰਡ ਦੇਣ ਤੋਂ ਕੀਤੀ ਜਾ ਰਹੀ ਨਾਂਹ-ਨੁੱਕਰ ਦਾ ਨਤੀਜਾ ਹੈ ਕਿ ਸਰਕਾਰੀ ਸਿੱਖਿਆ ਸੰਸਥਾਵਾਂ ਲਗਾਤਾਰ ਨਿਘਾਰ ਵੱਲ ਜਾ ਰਹੀਆਂ ਹਨ। ਪਿਛਲੇ ਪੰਦਰਾਂ ਸਾਲਾਂ ਤੋਂ ਸਰਕਾਰੀ ਕਾਲਜਾਂ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਨਿਯੁਕਤ ਪੱਕੇ ਅਧਿਆਪਕ ਨਹੀਂ ਦਿੱਤੇ ਜਾ ਰਹੇ। ਸਾਲ 2002 ਦੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀਪੀਐੱਸਸੀ) ਘੁਟਾਲੇ (ਨੌਕਰੀਆਂ ਲਈ ਰਿਸ਼ਵਤ) ਸਾਹਮਣੇ ਆਉਣ ਬਾਅਦ, ਇਸ ਕਮਿਸ਼ਨ ਦੁਆਰਾ ਕੀਤੀ ਜਾਂਦੀ ਭਰਤੀ ਪ੍ਰਕਿਰਿਆ ਰੋਕ ਦਿੱਤੀ ਗਈ। ਇਹ ਘੁਟਾਲਾ ਉਦੋਂ ਸਾਹਮਣੇ ਆਇਆ ਸੀ ਜਦੋਂ ਉਸ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਸੀ ਕਿ ਭ੍ਰਿਸ਼ਟਾਚਾਰ ਕਿਸੇ ਵੀ ਕੀਮਤ ਉੱਪਰ ਬਰਦਾਸ਼ਤ ਨਹੀਂ ਕੀਤਾ ਜਾਏਗਾ। ਪੱਕੀ ਭਰਤੀ ਰੁਕਣ ਕਾਰਨ ਬਹੁਤ ਘੱਟ ਤਨਖਾਹਾਂ 'ਤੇ ਆਰਜ਼ੀ ਸਟਾਫ਼ ਭਰਤੀ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਸਿੱਖਿਆ ਦੇ ਮਿਆਰ ਵਿੱਚ ਨਿਘਾਰ ਆਇਆ ਹੈ।



ਵੀਰਾਨ ਹੋਈਆਂ ਸਿੱਖਿਆ ਸੰਸਥਾਵਾਂ ਦੇ ਨਿਰਾਸ਼ਾਜਨਕ ਮਾਹੌਲ ਕਾਰਨ ਰੱਜੇ-ਪੁੱਜੇ, ਅਤੇ ਘੱਟ ਰੱਜੇ-ਪੁੱਜੇ ਮਾਪਿਆਂ ਨੂੰ ਅਜਿਹੇ ਕਾਲਜਾਂ ਦਾ ਜਿਹੜਾ ਵੀ ਬਦਲ ਨਜ਼ਰ ਆਇਆ, ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਉਸ ਪਾਸੇ ਰੁਖ਼ ਕਰ ਲਿਆ। ਨਤੀਜੇ ਵਜੋਂ ਪ੍ਰਾਈਵੇਟ ਸਿੱਖਿਆ ਖੇਤਰ ਦਾ ਕਾਰੋਬਾਰ ਖ਼ੂਬ ਪ੍ਰਫੁਲਿਤ ਹੋਇਆ। ਸਰਕਾਰੀ ਸਰੋਤ ਸੀਮਤ ਹੋਣ ਅਤੇ ਮੰਗ ਵਧਣ ਕਾਰਨ, ਸਿੱਖਿਆ ਤੇ ਸਿਹਤ ਖੇਤਰਾਂ ਵਿੱਚ ਪ੍ਰਾਈਵੇਟ ਖੇਤਰ ਦੀ ਭਾਈਵਾਲੀ ਨੂੰ ਟਾਲਿਆ ਨਹੀਂ ਜਾ ਸਕਦਾ ਪ੍ਰੰਤੂ ਗੁਣਵੱਤਾ ਯਕੀਨੀ ਬਣਾਉਣ ਅਤੇ ਭ੍ਰਿਸ਼ਟ ਸਰਗਰਮੀਆਂ ਰੋਕਣ ਲਈ ਇੱਕ ਪ੍ਰਭਾਵੀ ਰੈਗੂਲੇਟਰੀ ਵਿਧੀ-ਵਿਧਾਨ ਦੀ ਲੋੜ ਹੈ। ਸਰਕਾਰ ਕਿਸੇ ਤਰ੍ਹਾਂ ਵੀ ਇਨ੍ਹਾਂ ਦੋਵਾਂ ਖੇਤਰਾਂ ਵਿੱਚੋਂ ਆਪਣੇ ਪੈਰ ਪੂਰੀ ਤਰ੍ਹਾਂ ਪਿਛਾਂਹ ਨਹੀਂ ਖਿੱਚ ਸਕਦੀ ਕਿਉਂਕਿ ਗ਼ਰੀਬ ਪਰਿਵਾਰ ਪ੍ਰਾਈਵੇਟ ਸੈਕਟਰ ਦੇ ਵੱਡੇ ਖ਼ਰਚੇ ਨਹੀਂ ਉਠਾ ਸਕਦੇ।

ਫੰਡਾਂ ਦੀ ਘਾਟ ਨੇ ਸਿੱਖਿਆ ਦੀ ਗੁਣਵੱਤਾ ਨੂੰ ਸੱਟ ਮਾਰੀ ਹੈ। ਇਸ ਘਾਟ ਨਾਲ ਗ਼ਰੀਬਾਂ ਨੂੰ ਨੁਕਸਾਨ ਪਹੁੰਚਿਆ ਹੈ ਕਿਉਂਕਿ ਉਨ੍ਹਾਂ ਨੂੰ ਗ਼ਰੀਬੀ ਦੀ ਹਾਲਤ ਵਿੱਚੋਂ ਬਾਹਰ ਨਿਕਲਣ ਲਈ ਗੁਣਵੱਤਾ ਸਿੱਖਿਆ ਦੀ ਲੋੜ ਹੈ। ਗ਼ੈਰਮਿਆਰੀ ਸਿੱਖਿਆ ਨੇ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਵਿੱਚ ਸਫ਼ਲ ਨਹੀਂ ਹੋਣ ਦਿੱਤਾ। ਰਾਜ ਅੰਦਰ ਸਥਾਪਤ ਕੁਝ ਉੱਘੀਆਂ ਸਿੱਖਿਆ ਸੰਸਥਾਵਾਂ ਦਾ ਸਥਾਨਕ ਵਿਦਿਆਰਥੀ ਬਹੁਤਾ ਲਾਹਾ ਨਹੀਂ ਲੈ ਸਕੇ ਕਿਉਂਕਿ ਉਹ ਦਾਖ਼ਲੇ ਲਈ ਕੌਮੀ ਪੱਧਰ 'ਤੇ ਮੁਕਾਬਲਾ ਨਹੀਂ ਕਰ ਸਕਦੇ ਸਨ। ਪੀਜੀਆਈ ਚੰਡੀਗੜ੍ਹ, ਆਈਆਈਟੀ

ਬਾਕੀ ਸਫ਼ਾ 32 'ਤੇ

ਪਾਠਕਾਂ ਦੀ ਸੱਥ

# ਸੰਤ ਰਾਮ ਉਦਾਸੀ ਕਾਵਿ ਵਿੱਚ ਮਿਲਾਵਟ ਦੇ ਰੁਝਾਨ

**ਜਗੀਰ ਸਿੰਘ ਜਗਤਾਰ**
(ਸੰਪਰਕ: 94179-71600)

ਲੋਕ ਕਵੀ ਸੰਤ ਰਾਮ ਉਦਾਸੀ ਬਰਨਾਲਾ ਦੇ ਨਜ਼ਦੀਕੀ ਪਿੰਡ ਰਾਏਸਰ ਦਾ ਜੰਮਪਲ ਅਤੇ ਬਰਨਾਲਾ ਦੀ ਸਾਹਿਤਕ ਲਹਿਰ ਦਾ ਇੱਕ ਰੁਕਨ ਸੀ। ਜਦੋਂ 12 ਫਰਵਰੀ 1978 ਨੂੰ ਬਰਨਾਲਾ ਦੀ ਸਾਹਿਤਕ ਲਹਿਰ ਦੀ 25ਵੀਂ ਵਰ੍ਹੇਗੰਢ ਮਨਾਈ ਗਈ ਸੀ ਤਾਂ ਉਸ ਸਮੇਂ ਉਦਾਸੀ ਲਿਖਾਰੀ ਸਭਾ, ਬਰਨਾਲਾ ਦੀ ਕਾਰਜਕਾਰਨੀ ਦੇ ਅੱਠ ਮੈਂਬਰਾਂ ਵਿੱਚ ਸ਼ਾਮਿਲ ਸੀ। ਉਸ ਮੌਕੇ ਪ੍ਰੀਤਮ ਬਰਾੜ (ਪੱਤੋ) ਪ੍ਰਧਾਨ ਅਤੇ ਡਾ. ਜੋਗਿੰਦਰ ਸਿੰਘ ਨਿਰਾਲਾ ਸਕੱਤਰ ਸੀ। ਉਸ ਸਮੇਂ ਤਕ ਉਦਾਸੀ ਦੇ ਦੋ ਕਾਵਿ-ਸੰਗ੍ਰਹਿ 'ਲਹੂ ਭਿੱਜੇ ਬੋਲ' (1973) ਅਤੇ 'ਸੈਨਤਾਂ' (1976) ਛਪੇ ਸਨ।

ਸੰਤ ਰਾਮ ਉਦਾਸੀ ਨਾਲ ਜਿੱਥੇ ਸਾਹਿਤਕ ਸਾਂਝ ਸੀ, ਉੱਥੇ ਪਰਿਵਾਰਕ ਮੇਲ ਜੋਲ ਵੀ ਸੀ। ਬਰਨਾਲਾ ਵਿੱਚ ਸਾਹਿਤਕ ਸਰਗਰਮੀਆਂ ਦਾ ਕੇਂਦਰ ਪ੍ਰੀਤਮ ਸਿੰਘ ਰਾਹੀ ਦੇ ਬਾਬਾ (ਦਾਦਾ) ਵੈਦ ਗੁਰਮੁਖ ਸਿੰਘ ਦਾ ਦਵਾਖਾਨਾ ਸੀ ਜਿੱਥੇ ਰਾਹੀ ਵੀ ਵੈਦ ਵਜੋਂ ਕੰਮ ਕਰਦਾ ਸੀ। ਇਸ ਪਰਿਵਾਰ ਦਾ ਪਿਛੋਕੜ ਨਾਮਧਾਰੀ ਸੀ ਅਤੇ ਉਨ੍ਹਾਂ ਦਿਨਾਂ ਵਿੱਚ ਭੈਣੀ ਸਾਹਿਬ (ਲੁਧਿਆਣਾ) ਤੋਂ ਜੀਵਨ ਨਗਰ (ਸਿਰਸਾ) ਜਾਂਦੇ ਆਉਂਦੇ ਨਾਮਧਾਰੀ ਰਾਤ ਬਰਨਾਲਾ ਵਿੱਚ ਵੈਦ ਜੀ ਦੇ ਘਰ ਠਹਿਰਦੇ ਸਨ। ਇਸੇ ਤਰ੍ਹਾਂ ਉਦਾਸੀ ਦਾ ਪਰਿਵਾਰਕ ਪਿਛੋਕੜ ਵੀ ਨਾਮਧਾਰੀ ਸੀ। ਇਸ ਧਾਰਮਿਕ ਸਾਂਝ ਕਾਰਨ ਉਦਾਸੀ ਪਰਿਵਾਰ ਦਾ ਪ੍ਰੀਤਮ ਸਿੰਘ ਰਾਹੀ ਦੇ ਪਰਿਵਾਰ ਨਾਲ ਮੇਲਜੋਲ ਸੀ। ਨਾਮਧਾਰੀ ਬਜ਼ੁਰਗ ਲੇਖਕ ਸੰਤ ਇੰਦਰ ਸਿੰਘ ਚੱਕਰਵਰਤੀ, ਜੋ ਭਾਸ਼ਾ ਵਿਭਾਗ ਪੰਜਾਬ ਦੇ ਕਰਮਚਾਰੀ ਵੀ ਸਨ, ਬਰਨਾਲਾ ਆਉਂਦੇ ਰਹਿੰਦੇ ਸਨ ਅਤੇ ਇੱਥੋਂ ਦੀਆਂ ਸਾਹਿਤਕ ਸਰਗਰਮੀਆਂ ਦੀ ਸਰਪ੍ਰਸਤੀ ਵੀ ਕਰਦੇ ਸਨ।



ਜਦੋਂ ਉਦਾਸੀ ਦਾ ਦੇਹਾਂਤ ਹੋਇਆ ਅਤੇ ਉਸ ਦੀ ਸਰਕਾਰੀ ਨੌਕਰੀ ਦੇ ਬਦਲ ਵਿੱਚ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਾ ਸਵਾਲ ਉੱਠਿਆ ਤਾਂ ਉਸ ਦੀ ਪਤਨੀ ਨਸੀਬ ਕੌਰ ਦਾ ਕਹਿਣਾ ਸੀ ਕਿ ਬੱਚਿਆਂ ਵਿੱਚੋਂ ਕਿਸੇ ਇੱਕ ਨੂੰ ਮਿਲ ਜਾਵੇ। ਮੈਂ ਅਤੇ ਕਾਂਗਰਸੀ ਆਗੂ ਪੰਡਿਤ ਸੋਮ ਦੱਤ ਇਹ ਚਾਹੁੰਦੇ ਸਾਂ ਕਿ ਇਹ ਨੌਕਰੀ ਨਸੀਬ ਕੌਰ ਨੂੰ ਮਿਲੇ ਜਿਸ ਨੇ ਹੁਣ ਪਰਿਵਾਰ ਸੰਭਾਲਣਾ ਹੈ। ਬੱਚਿਆਂ (ਤਿੰਨ ਧੀਆਂ, ਦੋ ਪੁੱਤਰ) ਨੂੰ ਤਾਂ ਪੜ੍ਹਾਈ ਅਤੇ ਦਲਿਤ ਰਾਖਵਾਂਕਰਨ ਦੀ ਸਹੂਲਤ ਸਦਕਾ ਨੌਕਰੀ ਮਿਲ ਹੀ ਜਾਣੀ ਹੈ। ਨਸੀਬ ਕੌਰ ਕਿਉਂਕਿ ਅਨਪੜ੍ਹ ਹੈ, ਉਸ ਨੂੰ ਚੌਥਾ ਦਰਜਾ ਦੀ ਨੌਕਰੀ ਹੀ ਮਿਲਣੀ ਸੀ। ਉਸ ਦਾ ਸ਼ਿਕਵਾ ਸੀ 'ਮੈਂ ਸਕੂਲ ਦੇ ਮਾਸਟਰਾਂ ਨੂੰ ਪਾਣੀ ਪਿਉਂਦੀ ਅਤੇ ਜੂਠੇ ਭਾਂਡੇ ਚੱਕਦੀ ਫਿਰੂੰ?' ਉਸ ਸਮੇਂ ਲੜਕੀਆਂ ਵੀ ਮਾਂ ਦੀ ਸੁਰ 'ਚ ਹੀ ਬੋਲਦੀਆਂ ਸਨ। ਅਸੀਂ ਪ੍ਰੇਰ ਕੇ ਅਰਜ਼ੀ ਉੱਤੇ ਅੰਗੂਠਾ ਲਵਾ ਹੀ ਲਿਆ ਅਤੇ ਪਿੰਡ ਦੇ ਸਕੂਲ ਵਿੱਚ ਹੀ ਡਿਊਟੀ ਉੱਤੇ ਹਾਜ਼ਰ ਕਰਵਾ ਦਿੱਤੀ। ਹਫ਼ਤੇ ਕੁ ਪਿੱਛੋਂ ਪਤਾ ਲੱਗਿਆ ਕਿ ਨਸੀਬ ਕੌਰ ਤਾਂ ਸਕੂਲ 'ਚ ਡਿਊਟੀ 'ਤੇ ਨਹੀਂ ਜਾ ਰਹੀ। ਉਸ ਸਮੇਂ ਸਕੂਲ ਵਿੱਚ ਜੋ ਸੱਜਣ ਹੈੱਡਮਾਸਟਰ ਸੀ, ਉਸ ਦੀ ਉਦਾਸੀ ਅਤੇ ਪਰਿਵਾਰ ਨਾਲ ਬਣਦੀ ਨਹੀਂ ਸੀ। ਉਹ ਵੀ ਚਾਹੁੰਦਾ ਸੀ ਕਿ ਡਿਊਟੀ ਤੋਂ ਗ਼ੈਰਹਾਜ਼ਰ ਵਿਖਾ ਕੇ ਨੌਕਰੀ ਖ਼ਤਮ ਕਰਵਾ ਦਿੱਤੀ ਜਾਵੇ। ਪੰਡਿਤ ਸੋਮ ਦੱਤ ਤੇ ਮੈਂ ਫਿਰ ਪਿੰਡ ਗਏ ਅਤੇ ਨਸੀਬ ਕੌਰ ਨੂੰ ਸਮਝਾ ਕੇ ਮੁੜ ਡਿਊਟੀ ਉੱਤੇ ਹਾਜ਼ਰ ਕਰਵਾ ਆਏ। ਨਾਲ ਹੀ ਹੈੱਡਮਾਸਟਰ ਨੂੰ ਡਾਂਟਿਆ ਕਿ ਜੇ ਇਸ ਬੀਬੀ ਦੀ ਨੌਕਰੀ ਨੂੰ ਕੋਈ ਹਾਨੀ ਪਹੁੰਚੀ ਤਾਂ ਫਿਰ ਤੂੰ ਜ਼ਿੰਮੇਵਾਰ ਹੋਵੇਂਗਾ।

ਇਹ ਸਾਰਾ ਵੇਰਵਾ ਦੇਣ ਦਾ ਭਾਵ ਹੈ ਕਿ ਬਰਨਾਲਾ ਦੀ ਸਾਹਿਤਕ ਲਹਿਰ ਵਿੱਚ ਸਰਗਰਮ ਮੋਢੀਆਂ ਦੀ ਉਦਾਸੀ ਅਤੇ ਪਰਿਵਾਰ ਨਾਲ ਸਾਂਝ ਸੀ। ਉਹ ਇੱਕ ਦੂਜੇ ਦੇ ਪਰਿਵਾਰ ਦੀਆਂ ਚੰਗਿਆਈਆਂ ਤੇ ਕਮਜ਼ੋਰੀਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਸ ਨਾਤੇ ਕਹਿ ਸਕਦੇ ਹਾਂ ਕਿ ਉਦਾਸੀ ਦੀ ਪਤਨੀ ਨਸੀਬ ਕੌਰ ਇੱਕ ਸਾਧਾਰਨ ਪੇਂਡੂ ਔਰਤ ਹੈ ਅਤੇ ਉਸ ਨੂੰ ਵਿਚਾਰਧਾਰਾ ਬਾਰੇ ਕੁਝ ਪਤਾ ਨਹੀਂ। ਇਸ ਲਈ ਜਦੋਂ ਅਜਮੇਰ ਸਿੱਧੂ ਵੱਲੋਂ ਨਸੀਬ ਕੌਰ ਨਾਲ ਕੀਤੀ ਮੁਲਾਕਾਤ ਛਪੀ ਤਾਂ ਪੜ੍ਹ ਕੇ ਕਾਫ਼ੀ ਹੈਰਾਨੀ ਹੋਈ। ਬੀਬੀ ਨਸੀਬ ਕੌਰ ਨੂੰ ਜੇ ਹੁਣ ਵੀ ਉਹ ਸੁਆਲ ਕੀਤੇ ਜਾਣ ਤਾਂ ਉਹ ਜਵਾਬ ਨਹੀਂ ਦੇ ਸਕਦੀ ਜੋ ਇੰਟਰਵਿਊ 'ਚ ਦਰਸਾਏ ਗਏ ਹਨ। ਜਿੱਥੋਂ ਤਕ ਉਦਾਸੀ ਦੀਆਂ ਲਿਖਤਾਂ ਦਾ ਸਬੰਧ ਹੈ, ਜੋ ਉਸ ਦੀ ਪਹਿਲੀ ਬਰਸੀ ਤਕ ਅਣਛਪੀਆਂ ਕਵਿਤਾਵਾਂ ਸਨ, ਉਹ ਦੋ ਕਿਤਾਬਾਂ 'ਕੰਮੀਆਂ ਦਾ ਵਿਹੜਾ' ਅਤੇ 'ਦਿੱਲੀਏ ਦਿਆਲਾ ਵੇਖ' ਵਿੱਚ ਸ਼ਾਮਿਲ ਕਰ ਦਿੱਤੀਆਂ ਸਨ। ਬਾਹਰ ਰਹਿ ਗਈਆਂ ਕਵਿਤਾਵਾਂ ਦੀ ਗਿਣਤੀ ਬਹੁਤੀ ਹੋਣ ਦੀ ਸੰਭਾਵਨਾ ਘੱਟ ਸੀ ਕਿਉਂਕਿ ਇਨ੍ਹਾਂ ਦੋਵਾਂ ਪੁਸਤਕਾਂ ਦੇ ਖਰੜੇ ਤਿਆਰ ਕਰਨ ਸਮੇਂ ਉਸ ਦੇ ਸਾਰੇ ਨੇੜਲੇ ਸਾਥੀ ਸੰਗੀ ਬਣਾਈ ਕਮੇਟੀ (ਟਰੱਸਟ) 'ਚ ਸ਼ਾਮਿਲ ਸਨ। ਇਨ੍ਹਾਂ ਵਿੱਚ ਜਰਨੈਲ ਸਿੰਘ ਅਚਰਵਾਲ ਤੇ ਪ੍ਰੀਤਮ ਸਿੰਘ ਰਾਹੀ ਦੀ ਸਰਗਰਮ ਭੂਮਿਕਾ ਸੀ ਜਿਨ੍ਹਾਂ ਦੀਆਂ ਇੱਕ ਦੋ ਕਵਿਤਾਵਾਂ ਨੂੰ ਬਾਅਦ ਵਿੱਚ ਕੁਝ ਸੰਪਾਦਕਾਂ ਨੇ ਉਦਾਸੀ ਦੀਆਂ ਕਹਿ ਕੇ ਛਾਪੀਆਂ ਹਨ ਜਦੋਂਕਿ ਸਬੰਧਿਤ ਲੇਖਕਾਂ ਦੀਆਂ ਆਪਣੀਆਂ ਪੁਸਤਕਾਂ ਵਿੱਚ ਉਹ ਪਹਿਲਾਂ ਹੀ ਛਪੀਆਂ ਹੋਈਆਂ ਹਨ। 'ਦਿੱਲੀਏ ਦਿਆਲਾ ਵੇਖ' ਦੀ ਭੂਮਿਕਾ 'ਸੂਹੇ ਪਲਾਂ ਦੀ ਦਾਸਤਾਨ' ਸਿਰਲੇਖ ਹੇਠ ਜਸਵੰਤ ਸਿੰਘ ਸੇਖੋਂ ਅਤੇ ਜਰਨੈਲ ਸਿੰਘ ਅਚਰਵਾਲ ਨੇ ਲਿਖੀ ਹੈ। 'ਕੰਮੀਆਂ ਦਾ ਵਿਹੜਾ' ਸੰਗ੍ਰਹਿ ਦੀ ਭੂਮਿਕਾ 'ਮਘਦਾ ਸੂਰਜ' ਦੇ ਨਾਂਅ ਹੇਠ ਬਿੱਕਰ ਸਿੰਘ ਸਿੱਧੂ ਦੀ ਹੈ। ਦੋਵਾਂ ਪੁਸਤਕਾਂ ਦੇ ਮੁਢਲੇ ਸ਼ਬਦ ਮੇਰੇ ਹਨ। ਇਹ ਦੋਵੇਂ ਸੰਗ੍ਰਹਿ ਛਾਪਣ ਸਮੇਂ ਇਹ ਯਤਨ ਕੀਤਾ ਗਿਆ ਸੀ ਕਿ ਵਧੇਰੇ ਉਹ ਕਵਿਤਾਵਾਂ ਅਤੇ ਗੀਤ ਲਏ ਜਾਣ ਜੋ ਉਦਾਸੀ ਦੀਆਂ ਪਹਿਲਾਂ ਛਪੀਆਂ ਪੁਸਤਕਾਂ ਵਿੱਚ ਨਹੀਂ ਹਨ। ਹਾਂ, ਉਸ ਦੀਆਂ ਕੁਝ ਕੁ ਪ੍ਰਸਿੱਧ ਕਵਿਤਾਵਾਂ, ਜੋ ਪਹਿਲਾਂ ਵਾਲੀਆਂ ਕਿਤਾਬਾਂ ਵਿੱਚ ਹਨ, ਵੀ ਸ਼ਾਮਲ ਕੀਤੀਆਂ ਗਈਆਂ ਸਨ। ਸਪਸ਼ਟ ਹੁੰਦਾ ਹੈ ਕਿ ਹਥਲੀਆਂ ਦੋਵੇਂ ਕਿਤਾਬਾਂ ਛਾਪਣ ਸਮੇਂ ਇਹ ਯਤਨ ਸੀ ਕਿ ਉਸ ਦੀਆਂ ਅਣਛਪੀਆਂ ਕਵਿਤਾਵਾਂ ਇਨ੍ਹਾਂ ਵਿੱਚ ਆ ਜਾਣ। ਇਸ ਤਰ੍ਹਾਂ ਉਦਾਸੀ ਦੀਆਂ ਛਪਣ ਤੋਂ ਰਹੀਆਂ ਹੋਰ ਕਵਿਤਾਵਾਂ ਹੋਣ ਦੀ ਵਧੇਰੇ ਸੰਭਾਵਨਾ ਨਹੀਂ ਰਹਿ ਜਾਂਦੀ। ਸੋ, ਸੰਤ ਰਾਮ ਉਦਾਸੀ ਲਿਖਤ ਕਾਵਿ-ਸਾਹਿਤ ਵਿੱਚ ਮਿਲਾਵਟ ਸਬੰਧੀ ਜੋ ਨੁਕਤੇ ਰਾਜਵਿੰਦਰ ਸਿੰਘ ਰਾਹੀ ਨੇ ਆਪਣੇ ਲੇਖ 'ਸੰਤ ਰਾਮ ਉਦਾਸੀ ਕਾਵਿ 'ਚ ਰਲਾਵਟ ਦਾ ਮਸਲਾ' ਵਿੱਚ ਉਠਾਏ ਹਨ, ਉਹ ਬਹੁਤ ਹੱਦ ਤਕ ਠੀਕ ਹਨ।

# ਭੂਤਵਾੜਾ ਬਾਰੇ ਜੋ ਮੈਂ ਸੁਣਿਆ ਤੇ ਜਾਣਿਆ

**ਡਾ. ਦੇਵਿੰਦਰ ਸੈਫ਼ੀ**
(ਸੰਪਰਕ: 94178-26954)







ਕੈਪਸ਼ਨ : ਡਾ. ਗੁਰਭਗਤ ਸਿੰਘ, ਡਾ. ਸੁਤਿੰਦਰ ਸਿੰਘ ਨੂਰ

ਪਟਿਆਲਾ ਦੇ ਭੂਤਵਾੜੇ ਬਾਰੇ ਮੈਂ ਸਭ ਤੋਂ ਪਹਿਲਾਂ ਆਪਣੇ ਦਰਸ਼ਨ ਸ਼ਾਸਤਰ ਦੇ ਪ੍ਰਾਧਿਆਪਕ ਪ੍ਰੋ. ਪ੍ਰੇਮ ਪਾਲੀ ਤੋਂ ਸੁਣਿਆ ਸੀ। ਬਾਅਦ ਵਿੱਚ ਉਨ੍ਹਾਂ ਨਾਲ ਸਹਿਕਰਮੀ ਵਜੋਂ ਕੰਮ ਕਰਨ ਦਾ ਵੀ ਸਬੱਬ ਬਣਿਆ। ਉਹ ਜਦੋਂ ਭੂਤਵਾੜੇ ਦੀਆਂ ਗੱਲਾਂ ਕਰਦੇ ਸਨ ਤਾਂ ਅਜੀਬ ਤਰ੍ਹਾਂ ਦੀ ਚਕਾਚੌਂਧ ਛਾ ਜਾਂਦੀ ਸੀ। ਕੁਝ ਗੱਲਾਂ ਡਾ. ਸੁਤਿੰਦਰ ਸਿੰਘ ਨੂਰ ਹੋਰਾਂ ਤੋਂ ਵੀ ਸੁਣੀਆਂ ਜੋ ਬਾਅਦ ਵਿੱਚ ਉਨ੍ਹਾਂ ਨੇ ਆਪਣੀ ਸਵੈਜੀਵਨੀ 'ਜਦੋਂ ਸ਼ਬਦ ਜਾਗਿਆ' ਵਿੱਚ ਵੀ ਲਿਖ ਦਿੱਤੀਆਂ। ਲਾਲੀ ਬਾਬੇ, ਹਰਿੰਦਰ ਸਿੰਘ ਮਹਿਬੂਬ, ਨਵਤੇਜ ਭਾਰਤੀ, ਗੁਰਭਗਤ ਸਿੰਘ, ਕੁਲਵੰਤ ਗਰੇਵਾਲ ਆਦਿ ਦਾਨਿਸ਼ਵਰਾਂ ਦੁਆਰਾ ਪ੍ਰੋ. ਪ੍ਰੀਤਮ ਸਿੰਘ ਦੀ ਕੋਠੀ ਸਾਹਵੇਂ ਪ੍ਰੀਤਨਗਰ, ਲੋਅਰ ਮਾਲ ਵਿਖੇ ਦੋ ਕਮਰਿਆਂ ਤੇ ਵੱਡੇ ਵਿਹੜੇ ਵਾਲੇ ਘਰ ਵਿੱਚ ਲੰਮੇਰੀਆਂ ਗਿਆਨ ਬਹਿਸਾਂ ਛੇੜ ਕੇ, ਕਾਵਿ-ਬੋਲਾਂ ਦਾ ਵਟਾਂਦਰਾ ਕਰਕੇ, ਸੰਗੀਤ ਦੀਆਂ ਧੁਨਾਂ ਗੁੰਜਾਅ ਕੇ, ਧਮਾਲਾਂ ਪਾ ਕੇ ਇਸ ਨੂੰ ਗੁਆਂਢੀਆਂ ਤੋਂ ਭੂਤਵਾੜੇ ਦਾ ਲਕਬ ਪ੍ਰਦਾਨ ਕਰਵਾ ਦੇਣਾ ਤੇ ਫਿਰ ਇਸ ਲਕਬ ਨੂੰ ਧੁਰ ਤਕ ਸਵੀਕਾਰ ਲੈਣਾ, ਇਹ ਸਭ ਚੇਤਨਾਤਮਕ ਉਚਾਈ ਦੀ ਮੁਢਲੀ ਨਕਸ਼ੋਨਿਗਾਰੀ ਸੀ। ਇਸ ਚੇਤਨਾ-ਚੁੰਬਕ ਨੇ ਹਰ ਤਰ੍ਹਾਂ ਦੀ ਪ੍ਰਖ਼ਰ ਬੁੱਧੀ ਨੂੰ ਆਪਣੇ ਵੱਲ ਖਿੱਚਿਆ। ਭੂਤਵਾੜੇ ਦਾ ਪਰਿਵਾਰ ਵਧਦਾ ਗਿਆ। ਪ੍ਰੇਮ ਪਾਲੀ, ਸੁਰਜੀਤ ਲੀ, ਅਮਰਜੀਤ ਸਾਥੀ, ਹਰਭਜਨ ਸੋਹੀ, ਜੋਗਿੰਦਰ ਹੀਰ ਅਤੇ ਹੋਰ ਪ੍ਰਤਿਭਾਸ਼ਾਲੀ ਸ਼ਖ਼ਸ ਵੱਖ ਵੱਖ ਰਸਮੀ ਪੜ੍ਹਾਈ-ਖੇਤਰਾਂ ਦੇ ਮਕਸਦ ਪੂਰਦੇ ਹੋਏ ਇੱਥੇ ਆ ਕੇ ਟਿਕਦੇ ਰਹੇ। ਭਾਵੇਂ ਕਿ ਭੂਤਵਾੜੇ ਦੀ ਦਹਿਲੀਜ਼ ਅੰਦਰ ਪੱਬ ਧਰਦਿਆਂ ਹੀ ਇਨ੍ਹਾਂ ਦੇ ਰਸਮੀ ਪੜ੍ਹਾਈ ਦੇ ਇਹ ਮਕਸਦ ਦੁਜੈਲੇ ਪੱਧਰ 'ਤੇ ਆ ਜਾਂਦੇ ਸਨ। ਅਗਲੇ ਦਿਨ ਇਮਤਿਹਾਨ ਹੋਣ 'ਤੇ ਵੀ ਸਾਰੇ 'ਭੂਤ ਮਹਾਂਪੁਰਸ਼ਾਂ' ਵੱਲੋਂ ਅੰਬਾਲਾ ਕੈਂਟ ਲੱਗੀ ਸੱਤਿਆਜੀਤ ਰੇਅ ਦੀ ਫ਼ਿਲਮ ਵੇਖਣ ਪਟਿਆਲੇ ਤੋਂ ਸਾਈਕਲਾਂ 'ਤੇ ਚਾਲੇ ਪਾ ਦੇਣੇ ਜਾਂ ਇਮਤਿਹਾਨਾਂ ਵਿੱਚੋਂ ਬਹੁਤੇ ਨੰਬਰ ਨਾ ਲੈਣੇ, ਇਸੇ ਬਿਰਤੀ ਦੀ ਸ਼ਾਹਦੀ ਭਰਦਾ ਬਿਰਤਾਂਤ ਹੈ।

ਭੂਤ ਮਹਾਂਪੁਰਸ਼ਾਂ ਦੁਆਰਾ ਸਸਤੇ ਸਮਝ ਕੇ ਰੋਜ਼ ਆਲੂ ਹੀ ਧਰੀ ਜਾਣੇ। ਜਦ ਬਿੱਲ ਆਉਂਦਾ ਹੈ ਤਾਂ ਉਨ੍ਹਾਂ ਦਿਨਾਂ ਵਿੱਚ ਆਲੂ ਹੀ ਸਭ ਤੋਂ ਮਹਿੰਗੇ ਨਿਕਲਣੇ। ਇੱਥੋਂ ਦੋ ਤਰ੍ਹਾਂ ਦੀ ਉਚਾਈ ਦਾ ਪਤਾ ਲੱਗਦਾ ਹੈ: ਪਹਿਲੀ ਜੀਭ-ਰਸ ਤੋਂ ਉਪਰ ਉੱਠ ਕੇ ਜਿਉਣਾ ਤੇ ਦੂਜੀ ਬਾਜ਼ਾਰ ਦੇ ਘੇਰੇ ਤੋਂ ਪਰ੍ਹੇ ਹੋ ਕੇ ਜਿਉਣਾ। ਕੁਲਵੰਤ ਗਰੇਵਾਲ ਦੁਆਰਾ ਘਰ ਵਾਸਤੇ ਘਿਉ ਖ਼ਰੀਦਣ ਲਈ ਲਿਆਂਦੇ ਪੈਸਿਆਂ ਦਾ ਗੁਰੂ ਨਾਨਕ ਸਾਹਿਬ ਦੀ ਪੈੜ 'ਤੇ ਚਲਦਿਆਂ ਸਭ ਭੂਤਾਂ ਨੂੰ ਲੰਗਰ ਛਕਾਇਆ ਜਾਣਾ। ਹਰਬੰਸ ਬਰਾੜ ਨੂੰ ਕੰਜੂਸੀ ਤੋਂ ਬਾਹਰ ਕੱਢਣ ਲਈ ਸਾਰੇ ਭੂਤਾਂ ਦੁਆਰਾ ਉਸਦੇ ਚੁਬਾਰੇ ਵਿੱਚ ਜਾ ਕੇ ਛਾਪਾ ਮਾਰਨਾ ਤੇ ਉਸ ਦਾ ਲੁਕੋ ਕੇ ਰੱਖਿਆ ਦੇਸੀ ਘਿਉ ਲਿਆ ਕੇ ਸਾਰੇ ਦਾ ਪ੍ਰਸ਼ਾਦ ਬਣਾ ਲੈਣਾ ਤੇ ਫਿਰ ਪੁਰਾਣੇ ਪਏ ਅਚਾਨਕ ਲੱਭੇ ਬੀ.ਕੰਪਲੈਕਸ ਦੇ ਕੈਪਸੂਲ ਉਸ ਪ੍ਰਸ਼ਾਦ ਵਿੱਚ ਪਾ ਲੈਣੇ, ਪ੍ਰਸ਼ਾਦ ਦਾ ਸਵਾਦ ਕੌੜਾ ਹੋ ਜਾਣਾ, ਉਹ ਕੁੱਤੇ ਤੋਂ ਟੈਸਟ ਕਰਵਾਉਣਾ ਤੇ ਸਾਰੇ ਭੂਤਾਂ ਦੁਆਰਾ ਪਲਾਂ-ਛਿਣਾਂ ਵਿੱਚ ਹੀ ਚਟਮ ਕਰ ਜਾਣਾ- ਖਾਣ-ਪੀਣ ਦੇ ਮਸਲੇ ਵਿੱਚ ਬੇਪਰਵਾਹੀ ਭਰੀ ਬਰਾਬਰੀ ਅਤੇ ਜੀਭ-ਸੁਆਦ ਤੋਂ ਉਪਰਲੀ ਸਤਹਿ 'ਤੇ ਵਿਚਰਨ ਦੀ ਬਿਰਤਾਂਤਕ ਮਿਸਾਲ ਹੈ।

ਭੂਤ ਮਹਾਂਪੁਰਸ਼ਾਂ ਦੀ ਪਹਿਰਾਵੇ ਪੱਖੋਂ ਬੇਪਰਵਾਹੀ ਬਾਰੇ ਜਾਣਿਆ ਕਿ ਕੱਪੜਿਆਂ ਉਪਰ ਕਿਸੇ ਦੀ ਕੋਈ ਮੇਰ ਨਹੀਂ ਸੀ। ਜਿਸ ਨੂੰ ਜਿਹੋ ਜਿਹੀ ਲੋੜ ਹੁੰਦੀ ਉਹੋ ਜਿਹਾ ਹੀ ਪਾ ਕੇ ਚਲਾ ਜਾਂਦਾ ਤੇ ਦੂਜੇ ਸਾਰੇ ਉਸ ਦੀ ਲੋੜ ਨੂੰ ਸਮਝਦਿਆਂ ਆਪਣੀਆਂ ਉਸ ਦਿਨ ਦੀਆਂ ਲੋੜਾਂ ਨੂੰ ਸਿਕੋੜ ਲੈਂਦੇ ਸਨ। ਰਾਤਾਂ ਨੂੰ ਬਹਿਸਾਂ ਕਰਦਿਆਂ, ਕਵਿਤਾਵਾਂ ਸੁਣਾਉਂਦਿਆਂ, ਲਾਲੀ ਬਾਬੇ ਤੋਂ ਗਿਆਨ-ਪਾਠ ਸ਼੍ਰਵਣ ਕਰਦਿਆਂ, ਸਾਹਿਤ-ਸੰਵਾਦ ਰਚਾਉਂਦਿਆਂ, ਧਮਾਲਾਂ ਪਾਉਂਦਿਆਂ ਜਦੋਂ ਨੀਂਦ ਘੇਰਾ ਪਾਉਂਦੀ ਤਾਂ ਅਖ਼ਬਾਰ ਵਿਛਾ ਕੇ ਹੀ ਗੂੜ੍ਹੀ ਨੀਂਦ ਸੌਂ ਜਾਣਾ। ਜਦ ਕੋਈ ਨਾਮਵਰ ਲੇਖਕ ਮਹਿਮਾਨ ਬਣ ਕੇ ਆਇਆ ਹੁੰਦਾ ਤਾਂ ਉਸ ਨੂੰ ਦੋ ਅਖ਼ਬਾਰ ਦੇ ਕੇ ਮਹਿਮਾਨ-ਨਿਵਾਜ਼ੀ ਕਰ ਦੇਣੀ, ਰਹਿਤਲ-ਉਚਾਈ ਤੇ ਬੇਪਰਵਾਹੀ ਦੀ ਇੱਕ ਹੋਰ ਰੰਗਲੀ ਸ਼ਾਖਾ ਹੈ।

ਭੂਤਵਾੜੇ ਦੀਆਂ ਦੋ ਬਹੁਤ ਵਡੇਰੀਆਂ ਵਿਸ਼ੇਸ਼ਤਾਵਾਂ ਬਾਰੇ ਸੁਣਿਆ। ਪਹਿਲੀ, ਹਰ ਵਿਚਾਰਧਾਰਾ ਦੀ ਸਮਾਨਾਂਤਰ ਸਵੀਕ੍ਰਿਤੀ ਅਤੇ ਦੂਜੀ ਤਰਬੀਅਤ ਦੀ ਪੂਰਨ ਆਜ਼ਾਦੀ। ਵੱਖ ਵੱਖ ਵਿਚਾਰਧਾਰਾਵਾਂ ਅਤੇ ਸੰਕਲਪਾਂ ਦੀ ਗਹਿਰਾਈ ਤਕ ਅੱਪੜਦਿਆਂ ਹਰ ਭੂਤਸ਼੍ਰੀ ਨੂੰ ਗਿਆਨ ਦੀ ਡੂੰਘਾਈ ਤੇ ਉਚਾਈ ਤਕ ਜਾਣ ਦੀ ਖੁੱਲ੍ਹ ਸੀ। ਕੋਈ ਭੂਤ ਕਦੇ ਵੀ ਖ਼ੁਦ ਦੀ ਹਉਂ ਨੂੰ ਕੇਂਦਰ ਵਿੱਚ ਨਹੀਂ ਰਹਿਣ ਦਿੰਦਾ ਸੀ ਸਗੋਂ ਗਿਆਨ-ਕਾਰਜ ਹੀ ਕੇਂਦਰ ਵਿੱਚ ਸੀ। ਕੇਂਦਰੀ ਆਸ਼ਾ ਗਿਆਨ-ਪ੍ਰਾਪਤੀ ਹੋਣ ਸਦਕਾ ਜਦ ਦਿਲ ਕਰਦਾ ਇਹ ਭੂਤ ਗਈ ਰਾਤ ਤੀਕ ਲਾਇਬਰੇਰੀ ਵਿੱਚੋਂ ਗਿਆਨ-ਮੋਤੀ ਚੁਗਦੇ ਰਹਿੰਦੇ ਸਨ। ਪਰ ਦੂਜੇ ਪਾਸੇ ਤਰਬੀਅਤੀ ਆਜ਼ਾਦੀ ਅਜਿਹੀ ਸੀ ਕਿ ਸ਼ਿਮਲੇ ਤੋਂ ਕੁਝ ਦੂਰੀ 'ਤੇ ਸਤਲੁਜ ਦਰਿਆ ਦੇ ਕੰਢੇ ਵਸੇ ਕਸਬੇ ਰਾਮਪੁਰ ਬੁਸ਼ਹਿਰ ਦੀ ਸੈਰ 'ਤੇ ਜਾਣ ਵਾਸਤੇ ਆਪਣੀਆਂ ਮਹਾਂਪ੍ਰੇਮਿਕਾਵਾਂ (ਕਿਤਾਬਾਂ) ਦੀ ਮੁਹੱਬਤੀ ਕੈਦ ਤੋਂ ਵੀ ਮੁਕਤ ਹੋ ਗਏ। ਕਿਉਂਕਿ ਇਸ ਸੈਰ ਲਈ ਖਰਚਾ ਚਾਹੀਦਾ ਸੀ ਤੇ ਖਰਚਾ ਹਾਸਿਲ ਕਰਨ ਲਈ ਸਾਰੀਆਂ ਕਿਤਾਬਾਂ ਵੇਚ ਦਿੱਤੀਆਂ। ਆਜ਼ਾਦ ਤਰਬੀਅਤ ਦਾ ਹੀ ਜਲਵਾ ਸੀ ਕਿ ਪ੍ਰੋ. ਪ੍ਰੇਮ ਪਾਲੀ ਵਰਗੇ ਗ੍ਰੈਜੂਏਟ ਭੂਤ ਸਿੱਧੇ ਲੈਫ਼ਟੀਨੈਂਟ ਸਿਲੈਕਟ ਹੋ ਕੇ ਵੀ ਨੌਕਰੀ ਤੋਂ ਜਵਾਬ ਦੇ ਆਏ। ਇਹ ਸਭ ਉਹ ਚੇਤਨਾ-ਮੁਕਾਮ ਹਨ ਜੋ ਡਾਢੀ ਤਪੱਸਿਆ ਜਾਂ ਸਾਧਨਾ ਤੋਂ ਬਾਅਦ ਕਿਸੇ ਅਲਬੇਲੇ ਫ਼ਕੀਰ ਨੂੰ ਪ੍ਰਾਪਤ ਹੁੰਦੇ ਹਨ।

ਭੂਤਵਾੜੇ ਦੀ ਉੱਚ ਬੌਧਿਕ ਗੌਰਵਤਾ ਅਤੇ ਹਾਸੇ-ਮਜ਼ਾਕ ਬਾਰੇ ਗੱਲਾਂ ਵੀ ਪ੍ਰੋ. ਪ੍ਰੇਮ ਪਾਲੀ ਤੋਂ ਸੁਣੀਆਂ। ਬੌਧਿਕ ਗੌਰਵਤਾ ਦਰਸਾਉਂਦੀ ਘਟਨਾ ਪੰਜਾਬੀ ਖੋਜ ਦੇ ਮਿਆਰ ਨੂੰ ਚੁਣੌਤੀ ਦੇਣ ਬਾਰੇ ਹੈ ਜੋ ਗੁਰਭਗਤ ਸਿੰਘ ਨਾਲ ਸਬੰਧਿਤ ਹੈ। ਉਸ ਦਾ ਗੁਰੂ ਨਾਨਕ ਬਾਣੀ 'ਤੇ ਲਿਖਿਆ ਥੀਸਸ ਰਿਜੈਕਟ ਕਰ ਦਿੱਤਾ ਗਿਆ ਸੀ। ਗੁਰਭਗਤ ਸਿੰਘ ਵਿੱਚ ਉਸ ਵੇਲੇ ਦੀ ਪੜ੍ਹਾਈ-ਲਿਖਾਈ ਤੇ ਬੇਪਰਵਾਹੀ ਨੇ ਏਨਾ ਸਵੈਮਾਣ ਭਰ ਦਿੱਤਾ ਸੀ ਕਿ ਉਸ ਥੀਸਸ ਵਿੱਚ ਕਿਸੇ ਮਾਹਿਰ ਦੀ ਸਲਾਹ ਮੁਤਾਬਿਕ ਸੋਧ ਕਰਨ ਦੀ ਬਜਾਇ ਉਸ ਨੇ ਇਹ ਕਿਹਾ ਕਿ ਮੇਰੀ ਖੋਜ ਦੇ ਹਾਣ ਦੀ ਸਮਝ ਵਾਲੇ ਪ੍ਰੋਫ਼ੈਸਰ ਇੱਥੇ ਨਹੀਂ ਹਨ। ਫਿਰ ਉਸ ਨੇ ਅੰਗਰੇਜ਼ੀ ਦੀ ਐੱਮ. ਏ. ਕਰਕੇ ਗੁਰੂ ਨਾਨਕ ਬਾਣੀ ਅਤੇ ਵਾਲਟ ਵਿੱਟਮੈਨ ਦੇ ਕਾਵਿ ਦਾ ਤੁਲਨਾਤਮਕ ਅਧਿਐਨ ਕਰਕੇ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਅੱਜ ਖੋਜ ਕਰਤਾਵਾਂ ਵੱਲੋਂ ਪੀਐੱਚ.ਡੀ. ਨਿਗਰਾਨਾਂ ਦੀਆਂ ਜਾਇਜ਼ ਨਾਜਾਇਜ਼ ਇੱਛਾਵਾਂ ਪੂਰਦਿਆਂ ਉਮਰ ਦੇ ਕਈ ਸੁਨਹਿਰੀ ਸਾਲ ਆਪਣੀ ਮੌਲਿਕ ਪ੍ਰਤਿਭਾ ਅਤੇ ਗੌਰਵਤਾ ਨਸ਼ਟ ਕਰਨ 'ਤੇ ਲਾ ਦੇਣੇ ਤੇ ਫਿਰ ਵੀ ਸਾਹਿਤ ਸਮਾਜ ਸਭਿਆਚਾਰ ਦੇ ਅਹਿਮ ਖਿੱਤਿਆਂ ਵਿੱਚ ਕੋਈ ਵੀ ਫਲਦਾਇਕ ਰੰਗਤ ਦੇਣ ਵਾਲਾ ਕਾਰਜ ਸਾਹਮਣੇ ਲਿਆਉਣ ਤੋਂ ਬਗੈਰ ਹੀ ਏਡੀਆਂ ਉਚੇਰੀਆਂ ਡਿਗਰੀਆਂ ਦਾ ਆਦਾਨ-ਪ੍ਰਦਾਨ ਹੋਈ ਜਾਣਾ, ਇਸ ਸਾਰੀ ਸਥਿਤੀ ਸਾਹਵੇਂ ਭੂਤਵਾੜੇ ਦੇ ਇਸ ਮੁਢਲੇ ਮੈਂਬਰ ਦੀ ਇਹ ਗੌਰਵਸ਼ਾਲੀ ਘਟਨਾ ਹਜ਼ਾਰਾਂ ਸ਼ੰਕੇ ਬਿਖੇਰਦੀ ਹੈ। ਦੂਜੀ ਘਟਨਾ ਹਾਸੇ ਦਾ ਮਿਆਰ ਦੱਸਦੀ ਹੈ। ਸੁਲੇਮਾਨ ਨੇ ਕਿਹਾ ਸੀ ਕਿ ਜੇਕਰ ਕਿਸੇ ਵਿਅਕਤੀ ਦਾ ਆਚਰਨ ਪਰਖਣਾ ਹੋਵੇ ਤਾਂ ਇਹ ਜਾਣਨ ਦਾ ਯਤਨ ਕਰੋ ਕਿ ਉਹ ਕਿਨ੍ਹਾਂ ਗੱਲਾਂ 'ਤੇ ਹੱਸਦਾ ਹੈ। ਲਾਲੀ ਬਾਬੇ ਨੇ ਇਹ ਹਾਸਾ ਭੂਤਵਾੜੇ ਵਿੱਚ ਉਦੋਂ ਬਿਖੇਰਿਆ ਜਦੋਂ ਗੁਰਭਗਤ ਸਿੰਘ ਅਤੇ ਸੁਤਿੰਦਰ ਸਿੰਘ ਨੂਰ ਕਿਤਾਬਾਂ ਵਿੱਚ ਘਿਰੇ, ਜਾਂਘੀਏ ਬੰਨ੍ਹ ਕੇ ਗਿਆਨ ਦੇ ਮੈਦਾਨ ਵਿੱਚ ਘੁਲਣ ਦੀ ਤਿਆਰੀ ਰਹੇ ਸਨ ਤਾਂ ਇਨ੍ਹਾਂ ਇੱਕੋ ਜਿਹੇ ਗੋਲ ਮਟੋਲ ਜਿਹੇ, ਕੱਪੜੇ ਉਤਾਰੀ ਬੈਠੇ ਦੋਹਾਂ ਭਰਾਵਾਂ ਨੂੰ ਵੇਖ ਕੇ ਲਾਲੀ ਬਾਬੇ ਨੇ ਕਿਹਾ ਸੀ, "ਇਹ ਜੈਮਿਨੀ ਬ੍ਰਦਰਜ਼ ਹਨ।" ਦਰਅਸਲ, ਜੈਮਿਨੀ ਪਿਕਚਰਜ਼ ਮਦਰਾਸ (ਹੁਣ ਚੇਨੱਈ) ਦੀ ਫ਼ਿਲਮਾਂ ਬਣਾਉਣ ਵਾਲੀ ਕੰਪਨੀ ਦਾ ਨਾਮ ਸੀ ਜੋ ਸਮਾਜਿਕ ਵਿਸ਼ਿਆਂ ਉਪਰ ਬਹੁਤ ਉੱਚ ਪਾਏ ਦੀਆਂ ਫ਼ਿਲਮਾਂ ਬਣਾਉਂਦੀ ਸੀ। ਇਸ ਕੰਪਨੀ ਦਾ ਇਨਸਿਗਨੀਆ ਅਜਿਹੀ ਝਲਕ ਦੇਣ ਵਾਲਾ ਸੀ।

ਭੂਤਵਾੜਾ ਚੇਤਨਾ ਦੇ ਉੱਚ ਮੁਕਾਮ ਵੱਲ ਚੜ੍ਹਦੀਆਂ ਪੌੜੀਆਂ ਦਾ ਸੁਹਜੀਲਾ ਸਟ੍ਰਕਚਰ ਸੀ। ਚੰਮ-ਰਤੀਆਂ ਭਰਮਿਕ ਖ਼ੁਸ਼ੀਆਂ ਤੋਂ ਰੂਹ ਦੇ ਆਨੰਦ-ਮੰਡਲਾਂ ਤੀਕ ਅੱਪੜਨ ਦੀ ਗਿਆਨ-ਸਾਧਨਾ ਦਾ ਸਾਧਨਾ-ਸਥਲ ਸੀ, ਆਜ਼ਾਦ ਸੋਚ ਦੀ ਗੌਰਵਤਾ ਦਾ ਸਤੰਭ ਸੀ। ਜਦੋਂ ਅਸੀਂ ਸੁਣਦੇ ਹਾਂ ਕਿ ਉੱਥੇ ਕਦੇ ਤਾਲਾ ਨਹੀਂ ਲਾਇਆ ਜਾਂਦਾ ਸੀ ਤਾਂ ਇਹ ਸਥਾਨ ਮਹਾਤਮਾ ਬੁੱਧ ਦਾ ਸੰਘ ਪ੍ਰਤੀਤ ਹੁੰਦਾ ਹੈ। ਜਦੋਂ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਵਸਤੂ ਨੂੰ ਬਰਾਬਰ ਵੰਡ ਕੇ ਛਕਣ ਦੀ ਸਹਿਜ ਪਰੰਪਰਾ ਬਾਰੇ ਸੁਣਦੇ ਹਾਂ ਤਾਂ ਸਾਮਵਾਦੀ ਤੰਤਰ ਵਾਲਾ ਮਹਾਂਕਮਿਊਨ ਜਾਪਦਾ ਹੈ। ਜਦੋਂ ਸਾਰੀਆਂ ਕਿਤਾਬਾਂ ਵੇਚ ਕੇ ਭੂਤਾਂ ਦੁਆਰਾ ਸੈਰ 'ਤੇ ਜਾਣ ਬਾਰੇ ਸੁਣਦੇ ਹਾਂ ਤਾਂ ਇਹ ਸੂਫ਼ੀਆਂ ਦਾ ਡੇਰਾ ਜਾਪਦਾ ਹੈ ਜਿੱਥੋਂ 'ਇਲਮੋਂ ਬਸ ਕਰੀਂ ਓ ਯਾਰ' ਦੀ ਹੂਕ ਸੁਣਾਈ ਦਿੰਦੀ ਹੈ। ਜਦੋਂ ਹਰ ਹਾਲਾਤ ਦੀ ਸਵੀਕ੍ਰਿਤੀ ਦੇ ਬਿਰਤਾਂਤ ਸੁਣਦੇ ਹਾਂ ਤਾਂ ਇੱਥੇ ਲਾਉਤਸੇ ਦੀ ਚੇਤਨਾ ਝੂੰਮਰ ਪਾਉਂਦੀ ਨਜ਼ਰ ਆਉਂਦੀ ਹੈ। ਜਦੋਂ ਲਾਲੀ ਬਾਬੇ ਦੁਆਰਾ ਸਭ ਭੂਤਾਂ ਨੂੰ ਕਲਾਸਿਕ ਸਾਹਿਤ ਉੱਚੀ ਉੱਚੀ ਪੜ੍ਹ ਕੇ ਸੁਣਾਉਣ ਦੀ ਗੱਲ ਸੁਣਦੇ ਹਾਂ ਤਾਂ ਇਹ ਸਥਾਨ ਵਡਮੁੱਲੀ ਬਾਣੀ ਵਾਲੀ ਦਾਨਿਸ਼ਗਾਹ ਜਾਪਦਾ ਹੈ। ਅੱਜ ਸ਼ੀਸ਼ੇ, ਚਮੜੀ, ਅੱਯਾਸ਼ੀ ਅਤੇ ਚਾਂਦੀ ਰੰਗੀ ਵਸਤੂ-ਮੰਡੀ ਦੀ ਗੁਲਾਮ, ਔਰੰਗਜ਼ੇਬੀ ਤਖ਼ਤ-ਪਾਵਿਆਂ ਨਾਲ ਮੱਥੇ ਰਗੜਦੀ ਆਪੋ-ਆਪਣੇ ਬੁਣੇ ਹੋਏ ਜਾਲਾਂ ਵਿੱਚ ਘਿਰੀ ਬੌਧਿਕ ਸ਼੍ਰੇਣੀ ਜੋ ਆਪਣੀ ਹਉਂ ਦੀਆਂ ਟਿੰਡਾਂ ਅੱਗੇ ਜੁਤੀ ਹੋਈ ਭਰਮਾਂ ਦੇ ਖੂਹ ਗੇੜਨ ਵਿੱਚ ਹੀ ਆਪਣੀ ਸਾਰੀ ਸ਼ਕਤੀ ਨਸ਼ਟ ਕਰ ਰਹੀ ਹੈ, ਲਈ ਭੂਤਵਾੜੇ ਦਾ ਮਹਾਂਸੰਕਲਪ ਇੱਕ ਵੱਡੀ ਚੁਣੌਤੀ ਅਤੇ 'ਜਾਗਦੇ ਰਹੋ' ਦਾ ਹੋਕਾ ਦੇਣ ਵਾਲੇ ਚੌਕੀਦਾਰ ਵਜੋਂ ਮੌਜੂਦ ਰਹੇਗਾ।

# ਪੱਚੀ ਸਾਲ ਪਹਿਲਾਂ ਮਿਲੀ ਚੁਣੌਤੀ ਕਾਰਨ ਆਏ ਅਸੁਖਾਵੇਂ ਬਦਲਾਅ...

**ਹਰੀਸ਼ ਖਰੇ**



ਇਸ ਬੁੱਧਵਾਰ (6 ਦਸੰਬਰ) ਨੂੰ ਭਾਰਤ ਦੇ ਸਿਆਸੀ ਦ੍ਰਿਸ਼ ਨੂੰ ਬਦਲਿਆਂ ਪੰਝੀ ਵਰ੍ਹੇ ਹੋ ਗਏ ਹਨ। ਅਤੇ ਇਹ ਬਦਲਾਅ ਬਦਤਰ ਹੀ ਸਾਬਿਤ ਹੋਇਆ। ਉਸ ਦਿਨ ਬਾਬਰੀ ਮਸਜਿਦ ਉੱਤੇ ਫ਼ਿਰਕੂ ਤਾਕਤਾਂ ਵੱਲੋਂ ਕੀਤਾ ਗਿਆ ਹਮਲਾ ਕਾਮਯਾਬ ਰਿਹਾ। ਇੱਕ ਇੱਕ ਇੱਟ ਤੇ ਇੱਕ ਇੱਕ ਪੱਥਰ ਪੁੱਟ ਕੇ ਇਸ ਮੱਧਕਾਲੀਨ ਮਸਜਿਦ ਨੂੰ ਮਲੀਆਮੇਟ ਕੀਤਾ ਗਿਆ ਅਤੇ ਇਸ ਦੀ ਬੇਅਦਬੀ ਕੀਤੀ ਗਈ ਸੀ।

ਇਹ ਉਹ ਦਿਨ ਸੀ ਜਦੋਂ ਭਾਰਤੀ ਸਟੇਟ ਦਾ ਪ੍ਰਬੰਧ ਚਲਾਉਣ ਵਾਲੇ ਦੇਸ਼ ਦੇ ਨਾਗਰਿਕਾਂ ਦੀ ਸੰਵਿਧਾਨਕ ਆਸਥਾ ਦੀ ਹਿਫ਼ਾਜ਼ਤ ਕਰਨ ਵਿੱਚ ਨਾਕਾਮ ਰਹੇ ਅਤੇ ਭਾਰਤ ਦੇ ਸੰਵਿਧਾਨ ਉੱਤੇ ਪਹਿਰਾ ਦੇਣ ਦੇ ਆਪਣੇ ਹਲਫ਼ ਨਾਲ ਬੇਵਫ਼ਾਈ ਕੀਤੀ। ਛਲ-ਫਰੇਬ, ਸਨਕ ਅਤੇ ਕਾਇਰਤਾ ਦੀ ਭਾਵਨਾ ਨੇ ਇਸ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਅਥਾਹ ਅਕ੍ਰਿਆਸ਼ੀਲਤਾ ਦੀ ਨੀਤੀ ਅਪਣਾਉਣ ਲਈ ਮਜਬੂਰ ਕੀਤਾ। ਇਹ ਨਹਿਰੂਵਾਦੀ ਸੁਚੱਜਤਾ ਨਾਲ ਪ੍ਰਣਾਏ ਹੋਣ ਦਾ ਦਮ ਭਰਨ ਵਾਲੇ ਉਸ ਵਿਅਕਤੀ ਦੀ ਧਰਮ ਨਿਰਪੇਖ ਵਿਚਾਰਧਾਰਾ ਪ੍ਰਤੀ ਵਚਨਬੱਧਤਾ ਦੀ ਅਜ਼ਮਾਇਸ਼ ਸੀ ਅਤੇ ਉਹ ਇਸ ਤੋਂ ਊਣਾ ਸਾਬਿਤ ਹੋਇਆ।

ਭਾਰਤ ਦੇ ਇੱਕ ਚੀਫ਼ ਜਸਟਿਸ (ਐੱਮ. ਵੈਂਕਟਚਲੱਈਆ) ਨੇ ਖ਼ੁਦ ਨੂੰ ਸੰਘਣੀ ਆਬਾਦੀ ਵਾਲੇ ਸੂਬੇ ਦੇ ਮੁੱਖ ਮੰਤਰੀ (ਕਲਿਆਣ ਸਿੰਘ) ਵੱਲੋਂ ਠੱਗਿਆ ਮਹਿਸੂਸ ਕੀਤਾ। ਨਿਆਂਪਾਲਿਕਾ ਨੇ ਆਪਣੀ ਸ਼ੋਭਾ ਅਤੇ ਸਤਿਕਾਰ ਗੁਆ ਲਿਆ। ਸਾਰੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੇ ਮੁਹਾਫ਼ਿਜ਼ ਵਜੋਂ ਨਿਆਂਪਾਲਿਕਾ ਦੇ ਅਕਸ ਨਾਲੋਂ ਵੀ ਜ਼ਿਆਦਾ ਇਸ ਦੀ ਸੰਸਥਾਗਤ ਸਾਖ਼ ਨੂੰ ਖੋਰਾ ਲੱਗਿਆ। ਨਿਆਂਪਾਲਿਕਾ ਦੀ ਗੁਆਚੀ ਸ਼ਾਨ ਨੂੰ ਬਹਾਲ ਕਰਨ ਅਤੇ ਸਿਖਰਲੀ ਅਦਾਲਤ ਨੂੰ ਮਨਸੂਬੇਬਾਜ਼ ਸਿਆਸਤਦਾਨਾਂ ਤੋਂ ਸੁਰੱਖਿਅਤ ਕਰਨ ਦੀ ਜ਼ਿੰਮੇਵਾਰੀ ਆਖ਼ਿਰ ਕੁਝ ਸਾਲਾਂ ਮਗਰੋਂ ਜਸਟਿਸ ਜੇ.ਐੱਸ. ਵਰਮਾ ਵਰਗੇ ਦਲੇਰ ਜੱਜ ਸਿਰ ਆ ਪਈ।

ਦਰਅਸਲ, 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੁਣ ਦੀ ਕਾਰਵਾਈ ਲਾਲ ਕ੍ਰਿਸ਼ਨ ਅਡਵਾਨੀ ਦੀ ਗ਼ਲਤ ਧਾਰਨਾ ਬਣਾ ਕੇ ਕੀਤੀ ਗਈ ਸਿਆਸੀ 'ਇੱਲਤ' ਦਾ ਸਿੱਟਾ ਸੀ। ਸੋਮਨਾਥ ਤੋਂ ਅਯੁੱਧਿਆ ਤਕ ਉਨ੍ਹਾਂ ਦੀ ਅਖੌਤੀ ਰਥ ਯਾਤਰਾ ਹਿੰਦੂ ਜਨਤਾ ਨੂੰ ਉਕਸਾਉਣ ਅਤੇ ਉਨ੍ਹਾਂ ਨੂੰ ਭਾਜਪਾ ਦੀ ਸੌੜੀ ਸਿਆਸੀ ਖੇਡ ਹਿੱਤ ਲਾਮਬੰਦ ਕਰਨ ਲਈ ਵਿਉਂਤੀ ਗਈ ਸੀ।

6 ਦਸੰਬਰ 1992 ਨੂੰ ਮਸਜਿਦ ਢਾਹੁਣ ਵਾਸਤੇ ਸਤੰਬਰ ਤੋਂ ਅਕਤੂਬਰ 1990 ਵਿੱਚ ਅਡਵਾਨੀ ਦੀ ਅਗਵਾਈ ਵਿੱਚ ਕੀਤੀ ਗਈ ਇਸ ਯਾਤਰਾ ਨੇ ਇੱਕ ਸਮੁੱਚੀ ਪ੍ਰਕਿਰਿਆ ਨੂੰ ਵਜੂਦ ਵਿੱਚ ਲਿਆਂਦਾ। ਇਸ ਨਾਲ ਨਵੀਆਂ ਵਧੇਰੇ ਹੁੱਲੜਬਾਜ਼ ਤਾਕਤਾਂ ਅਤੇ ਵਧੇਰੇ ਅੱਥਰੇ ਸਿਆਸਤਦਾਨ ਸਿਆਸੀ ਖੇਤਰ ਵਿੱਚ ਦਾਖ਼ਲ ਹੋਏ ਅਤੇ ਉਦੋਂ ਤੋਂ ਲੈ ਕੇ ਹੁਣ ਤਕ ਉਹ ਸਿਆਸੀ ਅਖਾੜੇ ਵਿੱਚੋਂ ਬਾਹਰ ਨਿਕਲਣ ਤੋਂ ਇਨਕਾਰੀ ਹਨ। ਕੁਝ ਸਮਾਂ ਉਨ੍ਹਾਂ ਨੂੰ ਅਟਲ ਬਿਹਾਰੀ ਵਾਜਪਾਈ ਜਿਹੇ ਸਤਿਕਾਰੇ ਜਾਣ ਯੋਗ ਆਗੂ ਦੀ ਜ਼ਰੂਰਤ ਸੀ ਜਿਸ ਦੇ ਪਿੱਛੇ ਉਹ ਆਪਣੇ ਖ਼ੂਨੀ ਪੰਜਿਆਂ ਨੂੰ ਛੁਪਾ ਸਕਣ; ਪਰ 6 ਦਸੰਬਰ 1992 ਨੂੰ ਜਿਸ ਤਰ੍ਹਾਂ ਦੀ ਸਿਆਸਤ ਦੀ ਸ਼ੁਰੂਆਤ ਹੋਈ ਉਸ ਨੂੰ ਫਿਰ ਠੱਲ੍ਹਿਆ ਨਹੀਂ ਜਾ ਸਕਿਆ। 2002 ਦੇ ਗੁਜਰਾਤ ਦੰਗੇ ਇਸੇ ਅਮਲ ਦਾ ਇੱਕ ਸੁਭਾਵਿਕ, ਪਰ ਖ਼ਤਰਨਾਕ ਪੜਾਅ ਸਨ।

ਸਿਆਸਤ ਵਿੱਚ ਨੇਕੀ ਨੂੰ ਇਨਾਮ ਅਤੇ ਬਦੀ ਨੂੰ ਸਜ਼ਾ ਦੇਣ ਦਾ ਨਿਆਂ ਕਰਨ ਦਾ ਸਮਰੱਥਾ ਹੁੰਦੀ ਹੈ ਭਾਵੇਂ ਕਿ ਇਹ ਜ਼ਰੂਰੀ ਨਹੀਂ ਕਿ ਇਨਾਮ ਜਾਂ ਨਿਆਂ, ਨੇਕੀ ਜਾਂ ਬਦੀ ਦੀ ਮਿਕਦਾਰ ਮੁਆਫ਼ਿਕ ਹੋਵੇ। ਐੱਲ.ਕੇ. ਅਡਵਾਨੀ ਹੁਣ ਖ਼ੁਦ ਨੂੰ (ਸੰਘ) ਪਰਿਵਾਰ ਦਾ ਬੇਲੋੜਾ ਬਜ਼ੁਰਗ ਸਮਝਣ ਲੱਗੇ ਹਨ। ਉਨ੍ਹਾਂ ਲੋਕਾਂ ਨੂੰ ਹੀ ਹੁਣ ਗ਼ੈਰਜਜ਼ਬਾਤੀ ਢੰਗ ਨਾਲ ਸ੍ਰੀ ਅਡਵਾਨੀ ਵੱਲ ਵਿਅੰਗ ਬਾਣ ਦਾਗਣ ਦਾ ਕੋਈ ਅਫ਼ਸੋਸ ਨਹੀਂ ਜਿਨ੍ਹਾਂ ਨੂੰ ਕਿਸੇ ਸਮੇਂ ਅਡਵਾਨੀ ਨੇ ਗੁਜਰਾਤ ਵਿੱਚ ਉਭਾਰਿਆ ਸੀ।

1992 ਤੋਂ 2002 ਅਤੇ ਫਿਰ 2014 ਤਕ ਚਲਦੀ ਆ ਰਹੀ ਲੜੀ ਵਿੱਚ ਯਕੀਨਨ ਇੱਕ ਸੁਭਾਵਿਕਤਾ ਹੈ। ਅਤੇ ਇਹ ਜੰਗ ਅਜੇ ਮੁੱਕਣ ਵਾਲੀ ਨਹੀਂ।

**ਸੰਵਿਧਾਨ ਦਾ ਰਖਵਾਲਾ ਜੱਜ**

ਡਾਕਟਰ ਜਸਟਿਸ ਆਦਰਸ਼ ਸੈਨ ਆਨੰਦ ਕੁਝ ਦਿਨ ਪਹਿਲਾਂ ਚਲਾਣਾ ਕਰ ਗਏ। ਸਾਡੇ ਗਣਤੰਤਰ ਦੇ ਬਹੁਤ ਨਾਜ਼ੁਕ ਦੌਰ ਵਿੱਚ ਸੰਵਿਧਾਨ ਦੀ ਰੱਖਿਆ ਹਿੱਤ ਉਨ੍ਹਾਂ ਵੱਲੋਂ ਮਜ਼ਬੂਤੀ ਨਾਲ ਦਿੱਤੀ ਗਈ ਅਗਵਾਈ ਬਾਰੇ ਬਹੁਤਾ ਨਹੀਂ ਲਿਖਿਆ ਗਿਆ।



ਉਹ ਉਸ ਸਮੇਂ ਭਾਰਤ ਦੇ ਚੀਫ ਜਸਟਿਸ ਸਨ, ਜਦੋਂ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਮਿਲੀ ਜਿੱਤ ਤੋਂ ਆਫ਼ਰੀ ਹੋਈ ਵਾਜਪਾਈ ਸਰਕਾਰ ਨੇ ਸੰਵਿਧਾਨ ਨੂੰ ਇੱਕ ਤਰ੍ਹਾਂ ਫਾਲਤੂ ਸਮਝ ਕੇ ਖੂੰਜੇ ਲਾਉਣ ਦੀ ਸੰਘ ਪਰਿਵਾਰ ਦੀ ਸਭ ਤੋਂ ਪੁਰਾਣੀ ਖੇਡ ਖੇਡਣੀ ਚਾਹੀ ਸੀ।

ਭਾਜਪਾ ਦੇ ਕੱਟੜਪੰਥੀਆਂ ਨੇ ਸੰਵਿਧਾਨ ਦੀ ਪੜਚੋਲ ਲਈ ਕੌਮੀ ਕਮਿਸ਼ਨ ਬਣਾਉਣ ਦੀ ਗੱਲ ਉੱਤੇ ਜ਼ੋਰ ਦਿੱਤਾ। ਜਦੋਂ ਇਸ ਪਾਰਟੀ ਦਾ ਨਾਂ ਜਨ ਸੰਘ ਸੀ ਉਦੋਂ ਤੋਂ ਹੀ ਇਹ ਭਗਵੀਂ ਪਾਰਟੀ ਅੰਬੇਦਕਰ-ਨਹਿਰੂ ਜਿਹੇ ਆਗੂਆਂ ਦੀ ਵਿਚਾਰਧਾਰਾ ਤਹਿਤ ਬਣਾਏ ਗਏ ਸੰਵਿਧਾਨ ਦੇ ਉਦਾਰਵਾਦੀ, ਫੈਡਰਲ ਅਤੇ ਪਾਰਲੀਮਾਨੀ ਲੱਛਣਾਂ ਪ੍ਰਤੀ ਸਹਿਜ ਮਹਿਸੂਸ ਨਹੀਂ ਕਰ ਰਹੀ। 1999 ਵਿੱਚ ਮਿਲੀ ਜਿੱਤ ਮਗਰੋਂ ਭਾਜਪਾ ਲੀਡਰਸ਼ਿਪ ਨੇ ਸੋਚਿਆ ਕਿ ਪਾਰਟੀ ਨੂੰ ਸੰਵਿਧਾਨ ਮੁੜ ਲਿਖਣ ਦਾ ਸੰਵਿਧਾਨਕ ਅਧਿਕਾਰ ਮਿਲ ਗਿਆ ਹੈ।

ਇਤਫ਼ਾਕ ਨਾਲ ਕੇ.ਆਰ. ਨਾਰਾਇਣਨ ਭਾਰਤ ਦੇ ਰਾਸ਼ਟਰਪਤੀ ਅਤੇ ਜਸਟਿਸ ਆਨੰਦ ਸੁਪਰੀਮ ਕੋਰਟ ਦੇ ਚੀਫ ਜਸਟਿਸ ਸਨ। ਦੋਵਾਂ ਨੇ ਭਾਜਪਾ ਨਾਲੋਂ ਉਲਟ ਸੋਚਿਆ। ਸੰਵਿਧਾਨ ਬੜੇ ਵਧੀਆ ਢੰਗ ਨਾਲ ਉਨ੍ਹਾਂ ਦੇ ਕੰਮ ਆਇਆ। ਇਹ ਆਉਣਾ ਹੀ ਚਾਹੀਦਾ ਸੀ।

ਰਾਸ਼ਟਰਪਤੀ ਨਾਰਾਇਣਨ ਨੇ ਸੰਵਿਧਾਨ ਨਾਲ ਕਿਸੇ ਵੀ ਕਿਸਮ ਦੀ ਛੇੜਛਾੜ ਤੋਂ ਵਰਜਣ ਲਈ ਜਨਤਕ ਮੰਚ ਦੀ ਵਰਤੋਂ ਕੀਤੀ। ਜਸਟਿਸ ਆਨੰਦ ਨੇ ਇਸ ਗੱਲ ਤੋਂ ਜਾਣੂੰ ਕਰਵਾਇਆ ਕਿ ਸਿਖਰਲੀ ਅਦਾਲਤ ਹੀ ਸੰਵਿਧਾਨ ਦੀ ਪੜਚੋਲ ਲਈ ਇੱਕੋ-ਇੱਕ ਅਧਿਕਾਰਤ ਮੰਚ ਹੈ।

ਮੈਨੂੰ ਯਾਦ ਹੈ ਕਿ ਚੀਫ ਜਸਟਿਸ ਆਨੰਦ ਹੋਰਾਂ ਨਾਲ ਮੇਰੀ ਮੁਲਾਕਾਤ ਜਨਵਰੀ 2000 ਵਿੱਚ ਰਾਸ਼ਟਰਪਤੀ ਭਵਨ ਵਿੱਚ ਇੱਕ ਪ੍ਰੀਤੀ ਭੋਜ ਉੱਤੇ ਹੋਈ ਸੀ। ਪ੍ਰਧਾਨ ਮੰਤਰੀ ਵਾਜਪਾਈ ਅਤੇ ਕੁਝ ਕੇਂਦਰੀ ਮੰਤਰੀ ਮਹਿਜ਼ ਕੁਝ ਫੁੱਟ ਦੂਰ ਖੜ੍ਹੇ ਸਨ ਤਾਂ ਜਸਟਿਸ ਆਨੰਦ ਨੇ ਮੰਤਰੀਆਂ ਦੇ ਟੋਲੇ ਵੱਲ ਇਸ਼ਾਰਾ ਕਰਦਿਆਂ ਮੇਰੇ ਕੰਨ ਵਿੱਚ ਆਖਿਆ ਸੀ, "ਇਹ ਲੋਕ ਇਉਂ ਨਹੀਂ ਜਾਣਦੇ ਕਿ ਇਹ ਕਿਹੜੇ ਕੰਮਾਂ ਵਿੱਚ ਪੈ ਰਹੇ ਹਨ।"

ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਸਰਕਾਰ ਇਸ ਪੈਨਲ ਦਾ ਨਾਂ ਬਦਲ ਕੇ 'ਸੰਵਿਧਾਨ ਦੀ ਕਾਰਗੁਜ਼ਾਰੀ ਦੀ ਪੜਚੋਲ ਲਈ ਕੌਮੀ ਕਮਿਸ਼ਨ' ਰੱਖੇ। ਪਰਦੇ ਪਿੱਛੇ ਰਹਿ ਕੇ ਉਨ੍ਹਾਂ ਵੱਲੋਂ ਪਾਏ ਗਏ ਦਬਾਅ ਨੇ ਅਟਾਰਨੀ ਜਨਰਲ ਸੋਲੀ ਸੋਰਾਬਜੀ ਨੂੰ ਧੀਮਾ ਚੱਲਣ ਦੇ ਰਾਹ ਪਾ ਦਿੱਤਾ। ਉਨ੍ਹਾਂ ਨੇ ਮਸ਼ਵਰਾ ਦਿੱਤਾ ਕਿ ਭਾਜਪਾ ਦੇ ਜ਼ਰਖਰੀਦਾਂ ਦੀ ਬਜਾਏ ਪੈਨਲ ਵਿੱਚ ਉੱਘੀਆਂ ਕਾਨੂੰਨੀ ਸ਼ਖ਼ਸੀਅਤਾਂ ਸ਼ਾਮਿਲ ਹੋਣ। ਇਸ ਤਰ੍ਹਾਂ ਭਾਰਤ ਦੇ ਸਾਬਕਾ ਚੀਫ ਜਸਟਿਸ ਐੱਮ.ਐੱਨ. ਵੈਂਕਟਚਲੱਈਆ ਇਸ ਪੈਨਲ ਦੇ ਮੁਖੀ ਬਣਾਏ ਗਏ। ਭਾਵੇਂ ਭਾਜਪਾ ਦੇ ਕੁਝ ਦੂਜੇ ਦਰਜੇ ਦੇ ਝਾਲਾਬਰਦਾਰ ਵੀ ਇਸ ਵਿੱਚ ਆ ਵੜੇ, ਪਰ ਕਾਨੂੰਨੀ ਸ਼ਖ਼ਸੀਅਤਾਂ ਨੇ ਇਹ ਧਿਆਨ ਰੱਖਿਆ ਕਿ ਇਹ ਪੂਰੀ ਕਵਾਇਦ ਅਸਰਅੰਦਾਜ਼ ਨਾ ਹੋਵੇ। ਇਸ ਤਰ੍ਹਾਂ, ਇੱਕ ਵੱਡੀ ਸ਼ਰਾਰਤ ਨੂੰ ਜੜ੍ਹ ਤੋਂ ਹੀ ਖ਼ਤਮ ਕਰ ਦਿੱਤਾ ਗਿਆ ਸੀ।

ਇਹ ਸਭ ਕੁਝ ਚੀਫ ਜਸਟਿਸ ਵਜੋਂ ਜਸਟਿਸ ਆਨੰਦ ਵੱਲੋਂ ਦਿੱਤੀ ਗਈ ਮਜ਼ਬੂਤ ਤੇ ਬਾਕਾਇਦਾ ਅਗਵਾਈ ਸਦਕਾ ਸੰਭਵ ਹੋਇਆ, ਉਹ ਵੀ ਖ਼ੁਦ ਲਈ ਕਿਸੇ ਕਿਸਮ ਦੀ ਸ਼ੋਹਰਤ ਦੀ ਇੱਛਾ ਰੱਖੇ ਬਿਨਾਂ।

ਪਾਣੀਪਤ ਦੇ ਡਾ. ਕੁਮਾਰ ਪਾਣੀਪਤੀ ਪੁਰਾਣੀ ਸ਼ੈਲੀ ਦੇ ਲੇਖਕ ਹਨ। ਉਹ ਆਪਣੇ ਖ਼ਤਾਂ ਦਾ ਅੰਤ ਹਰ ਵਾਰ 'ਸਿੱਖਿਆ ਤੇ ਸਾਹਿਤ ਦੀ ਸੇਵਾ ਵਿੱਚ ਆਪ ਜੀ ਦਾ ਸ਼ੁਭ ਚਿੰਤਕ' ਲਿਖ ਕੇ ਕਰਦੇ ਹਨ। ਉਹ ਸਾਡੇ ਸਭ ਤੋਂ ਸੀਨੀਅਰ ਪਾਠਕਾਂ ਵਿੱਚੋਂ ਇੱਕ ਹਨ। ਇਹ ਗੱਲ ਉਨ੍ਹਾਂ ਨੂੰ ਤਰਕਸ਼ੀਲ, ਸੰਜਮੀ ਅਤੇ ਸੰਵੇਦਨਸ਼ੀਲ ਵਿਅਕਤੀ ਬਣਾਉਂਦੀ ਹੈ।

**ਕਾਲਜ ਦਾ ਕਤਲ !**

ਸਾਰੇ ਸੂਝਵਾਨ ਵਿਅਕਤੀਆਂ ਵਾਂਗ ਡਾ. ਕੁਮਾਰ' ਪਾਣੀਪਤੀ ਵੀ ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਦੇ ਤਰਕ ਅਤੇ ਮੰਤਵ ਨੂੰ ਸਮਝਣ ਤੋਂ ਅਸਮਰੱਥ ਹਨ। ਉਹ ਸੋਚਦੇ ਹਨ ਕਿ ਇਹ ਤਾਂ ਸਿੱਧਾ ਕਿਸੇ ਦਾ ਕਤਲ ਕਰਨ ਦੇ ਤੁੱਲ ਹੈ।' ਉਹ ਇੰਨੇ ਨਾਖੁਸ਼ ਹਨ ਕਿ ਉਨ੍ਹਾਂ ਨੇ ਸਰਦਾਰ ਦਿਆਲ ਸਿੰਘ ਮਜੀਠੀਆ ਦੀ ਗੁੱਸੇ ਵਿੱਚ ਆਈ ਰੂਹ ਦੇ ਜਜ਼ਬੇ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕਰਦਿਆਂ ਇੱਕ ਨਜ਼ਮ ਲਿਖੀ ਹੈ।

ਉਨ੍ਹਾਂ ਨੇ ਇਸ ਨਜ਼ਮ ਦਾ ਅੰਗਰੇਜ਼ੀ ਤਰਜਮਾ ਵੀ ਲਿਖ ਭੇਜਣ ਦੀ ਮਿਹਰਬਾਨੀ ਵੀ ਕੀਤੀ ਹੈ:

ਮੈਨੇ ਤੋ ਸਦਾ ਕੌਮ ਕੋ ਸੀਨੇ ਸੇ ਲਗਾਇਆ!
ਇਸ ਦੇਸ਼ ਕੇ ਕਣ-ਕਣ ਕੋ ਅਕੀਦਤ ਸੇ ਸਜਾਇਆ!
ਹਰ ਸ਼ਖ਼ਸ ਕੀ ਹਰ ਸਿਸਕੀ ਕੋ ਆਵਾਜ਼ ਬਨਾਇਆ!
ਇਕ ਮੋਅਜਜ਼ਾ ਉਸ ਦੌਰ ਮੇਂ ਭੀ ਕਰ ਕੇ ਦਿਖਾਇਆ!
ਮੈਨੇ ਜੋ ਗ਼ਲ਼ਤ ਕੁਛ ਭੀ ਕੀਆ ਹੋ ਤੋ ਬਤਾ ਦੋ!
ਕਯੂੰ ਮੇਰੀ ਅਕੀਦਤ ਕੋ ਭੁਲਾਤੇ ਹੋ ਅਜ਼ੀਜ਼ੋ?
ਕਯੂੰ ਆਜ ਨਿਸ਼ਾਂ ਮੇਰਾ ਮਿਟਾਤੇ ਹੋ ਅਜ਼ੀਜ਼ੋ?
ਕਿਸ ਸਾਜ਼ ਕੀ ਕਿਸ ਤਾਨ ਪੇ ਗਾਤੇ ਹੋ ਅਜ਼ੀਜ਼ੋ?
ਕਯੂੰ ਆਪ ਮੇਰੀ ਅਰਥੀ ਉਠਾਤੇ ਹੋ ਅਜ਼ੀਜ਼ੋ?
ਕਿਸ ਜੁਰਮ ਕੀ ਦੇਤੇ ਹੋ ਸਜ਼ਾ, ਯੇ ਤੋ ਬਤਾ ਦੋ?

ਪੰਜਾਬ ਦੇ ਇੱਕ ਮਹਾਨ ਸਪੂਤ ਦੀ ਜਨਤਕ ਯਾਦਗਾਰ ਦੇ ਗੰਭੀਰ ਹਰਜੇ ਉੱਤੇ, ਉਹ ਵੀ ਵੰਦੇ ਮਾਤਰਮ ਦੇ ਉਤਕ੍ਰਿਸ਼ਟ ਨਾਮ 'ਤੇ, ਪੰਜਾਬ ਦੇ ਲੋਕਾਂ ਦੇ ਰੋਹ ਨੂੰ ਆਵਾਜ਼ ਦੇਣ ਲਈ ਡਾ. ਪਾਣੀਪਤੀ ਦਾ ਧੰਨਵਾਦ ਕਰਨਾ ਬਣਦਾ ਹੈ।

**ਮੇਲਾ ਕਿਤਾਬਾਂ ਦਾ**

ਇਕ ਮਨੋਵੇਗ ਤਹਿਤ ਮੈਂ ਚੰਡੀਗੜ੍ਹ ਦੇ ਲਾਜਪਤ ਰਾਏ ਭਵਨ ਵਿੱਚ ਰੂਪਾ ਪਬਲੀਕੇਸ਼ਨਜ਼ ਵੱਲੋਂ ਲਾਏ ਗਏ ਪੁਸਤਕ ਮੇਲੇ ਵਿੱਚ ਰੁਕਣ ਦਾ ਫ਼ੈਸਲਾ ਕੀਤਾ। ਪੰਜ-ਦਿਨਾ ਪ੍ਰਦਰਸ਼ਨੀ ਦਾ ਪਹਿਲਾ ਦਿਨ ਸੀ ਅਤੇ ਨੌਜਵਾਨਾਂ ਤੇ ਮੁਟਿਆਰਾਂ ਸਮੇਤ ਬਹੁਤ ਸਾਰੇ ਲੋਕਾਂ ਨੂੰ ਉੱਥੇ ਸਰਸਰੀ ਨਜ਼ਰ ਮਾਰ ਕੇ ਪੁਸਤਕਾਂ ਖਰੀਦਦੇ ਦੇਖਣਾ ਬਹੁਤ ਖੁਸ਼ਨੁਮਾ ਅਨੁਭਵ ਸੀ। ਇਹ ਪੁਸਤਕਾਂ ਬਾਰੇ ਚੰਗੇਰੀ ਅਤੇ ਸ਼੍ਰੇਸ਼ਟ ਗੱਲ ਹੈ।

ਇਹ ਮੇਲਾ ਬਹੁਤ ਨਿੱਗਰ ਜਿਹਾ ਇੰਤਜ਼ਾਮ ਸੀ ਜੋ ਆਉਣ ਵਾਲਿਆਂ ਨੂੰ ਸਹਿਜ ਨਾਲ ਪੁਸਤਕਾਂ 'ਤੇ ਝਾਤ ਮਾਰਨ ਦਾ ਸੱਦਾ ਦਿੰਦਾ ਸੀ। ਇਸ ਦੇ ਨਾਲ ਹੀ ਪੁਸਤਕਾਂ 'ਤੇ 10 ਫ਼ੀਸਦੀ ਛੋਟ ਵੀ ਦਿੱਤੀ ਜਾ ਰਹੀ ਸੀ, ਭਾਵੇਂ ਇਹ ਬਹੁਤ ਜ਼ਿਆਦਾ ਨਹੀਂ, ਫਿਰ ਵੀ ਬਿਲਕੁਲ ਕੁਝ ਨਾ ਮਿਲਣ ਨਾਲੋਂ ਇੰਨੀ ਛੋਟ ਵੀ ਕਾਫ਼ੀ ਹੈ। ਮੈਂ 5000 ਰੁਪਏ ਤੋਂ ਜ਼ਿਆਦਾ ਦੀਆਂ 13 ਪੁਸਤਕਾਂ ਖ਼ਰੀਦੀਆਂ। ਉਨ੍ਹਾਂ ਵਿੱਚੋਂ ਵੈਂਡੀ ਡੋਨੀਗਰ ਦੀ ਆਨ ਹਿੰਦੂਇਜ਼ਮ' ਜਿਹੀਆਂ ਕੁਝ ਪੁਸਤਕਾਂ ਬੇਸ਼ੱਕ ਫੌਰੀ ਨਹੀਂ ਪੜ੍ਹੀਆਂ ਜਾਣੀਆਂ; ਫਿਰ ਵੀ ਜ਼ਾਤੀ ਲਾਇਬਰੇਰੀ ਵਿੱਚ ਹੋਣੀਆਂ ਚਾਹੀਦੀਆਂ ਹਨ। ਐੱਚ.ਐੱਮ. ਪਟੇਲ ਦੀ ਰਾਈਟਜ਼ ਆਫ ਪੈਸੇਜ' ਤੇ ਦੁਰਗਾ ਦਾਸ ਦੀ ਇੰਡੀਆ ਫਰੌਮ ਕਰਜ਼ਨ ਟੂ ਨਹਿਰੂ ਐਂਡ ਆਫਟਰ' ਵਰਗੀਆਂ ਕੁਝ ਹੋਰ ਪੁਸਤਕਾਂ ਮੈਂ ਉਧਾਰ ਲੈ ਕੇ ਪਹਿਲਾਂ ਹੀ ਪੜ੍ਹ ਲਈਆਂ ਸਨ ਤੇ ਉਨ੍ਹਾਂ ਦੇ ਅਸਲੀ ਮਾਲਕਾਂ ਨੂੰ ਮੋੜ ਵੀ ਦਿੱਤੀਆਂ। ਮੈਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਪਿਛਲੀ ਵਾਰ ਹੋਈਆਂ ਚੋਣਾਂ ਬਾਰੇ ਲਿਖੀ ਹਿਲੇਰੀ ਕਲਿੰਟਨ ਦੀ ਪੁਸਤਕ ਵਟ ਹੈਪਨਡ' ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਿਆ। ਮੈਂ ਪੀ. ਚਿਦੰਬਰਮ ਦੀ ਫੀਅਰਲੈੱਸ ਇਨ ਔਪੋਜ਼ੀਸ਼ਨ' ਕੋਲੋਂ ਵੀ ਨਹੀਂ ਲੰਘ ਸਕਿਆ ਤੇ ਇਹ ਖ਼ਰੀਦ ਲਈ। ਸਈਦ ਨਕਵੀ ਦੀ ਬੀਇੰਗ ਦਿ ਅਦਰ' ਤਾਂ ਨਜ਼ਰਅੰਦਾਜ਼ ਕੀਤੀ ਹੀ ਨਹੀਂ ਸੀ ਜਾ ਸਕਦੀ।

ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀ ਪ੍ਰਦਰਸ਼ਨੀ ਦਾ ਇਹ ਫ਼ਾਇਦਾ ਹੁੰਦਾ ਹੈ ਕਿ ਪ੍ਰਕਾਸ਼ਨ ਇੱਕੋ ਵਾਰ ਵਿੱਚ ਆਪਣੀਆਂ ਜ਼ਿਆਦਾਤਰ ਪੁਸਤਕਾਂ ਦੀ ਨੁਮਾਇਸ਼ ਕਰ ਸਕਦਾ ਹੈ ਜੋ ਸੰਭਾਵੀ ਪਾਠਕ ਲਈ ਮੁਕੰਮਲ ਦ੍ਰਿਸ਼ ਪੇਸ਼ ਕਰਦਾ ਹੈ। ਇਹ ਵੱਖਰਾ ਹੀ ਤਜਰਬਾ ਹੈ ਜੋ ਪਾਠਕ ਨੂੰ ਇੰਨੀ ਵੱਡੀ ਗਿਣਤੀ ਪੁਸਤਕਾਂ ਵਿੱਚੋਂ ਕੁਝ ਇੱਕ ਦੀ ਚੋਣ ਲਈ ਮਜਬੂਰ ਕਰਦਾ ਹੈ। ਇਹ ਪੁਸਤਕਾਂ ਦੀ ਕਿਸੇ ਦੁਕਾਨ ਉੱਤੇ ਪੁਸਤਕਾਂ 'ਤੇ ਝਾਤ ਮਾਰਨ ਨਾਲੋਂ ਯਕੀਨਨ ਵੱਖਰਾ ਅਨੁਭਵ ਹੈ ਜਿੱਥੇ ਮਾਰਕੀਟਿੰਗ ਅਤੇ ਜਗ੍ਹਾ ਦੀਆਂ ਮਜਬੂਰੀਆਂ ਕਾਰਨ ਪੁਸਤਕ ਵਿਕਰੇਤਾ ਨੂੰ ਸਿਰਫ਼ ਕੁਝ ਨਵੀਨਤਮ ਪੁਸਤਕਾਂ ਹੀ ਰੱਖਣੀਆਂ ਪੈਂਦੀਆਂ ਹਨ। ਆਨਲਾਈਨ ਖਰੀਦਦਾਰੀ ਜਾਂ ਹਵਾਈ ਅੱਡੇ ਉੱਤੇ ਕਾਹਲੀ ਵਿੱਚ ਪੁਸਤਕਾਂ ਖ਼ਰੀਦਣ ਨਾਲੋਂ ਪੁਸਤਕ ਮੇਲਾ ਯਕੀਨਨ ਬਹੁਤ ਹੀ ਵੱਖਰਾ ਤਜਰਬਾ ਹੁੰਦਾ ਹੈ।

ਕਾਸ਼, ਇਹ ਪ੍ਰਦਰਸ਼ਨੀ ਜ਼ਰਾ ਮੋਕਲੀ ਥਾਂ 'ਤੇ ਲੱਗਦੀ। ਪ੍ਰਬੰਧਕਾਂ ਨੇ ਭਾਵੇਂ ਪੁਸਤਕ ਮੇਲੇ 'ਤੇ ਆਉਣ ਵਾਲਿਆਂ ਨੂੰ ਕੌਫ਼ੀ ਦੇ ਕੱਪ ਦੀ ਪੇਸ਼ਕਸ਼ ਕਰਨ ਬਾਰੇ ਤਾਂ ਨਹੀਂ ਸੋਚਿਆ, ਫਿਰ ਵੀ ਇਹ ਪੁਸਤਕ ਮੇਲਾ ਦੇਖਣ ਯੋਗ ਹੈ।

ਉਂਜ ਵੀ ਹਰ ਕੋਈ ਕੌਫ਼ੀ ਦਾ ਸੁਆਦ ਨਹੀਂ ਮਾਣਦਾ। ਖ਼ੈਰ, ਮੈਂ ਤਾਂ ਮਾਣਦਾ ਹੀ ਹਾਂ। ਆਓ, ਮੇਰਾ ਸਾਥ ਦਿਉ।


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

**SERVICES**
- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

**Web Media Art**

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਪਾਕਿਸਤਾਨ ਫ਼ੌਜ ਦੇ ਪਹਿਲੇ ਸਿੱਖ ਅਧਿਕਾਰੀ ਮੇਜਰ ਹਰਚਰਨ ਸਿੰਘ ਦਾ ਅਨੰਦ ਕਾਰਜ

ਲਾਹੌਰ/ਸਿੱਖ ਸਿਆਸਤ ਬਿਊਰੋ:ਪਾਕਿਸਤਾਨ ਫ਼ੌਜ ਦੇ ਪਹਿਲੇ ਸਿੱਖ ਅਧਿਕਾਰੀ ਮੇਜਰ ਹਰਚਰਨ ਸਿੰਘ ਦਾ ਅਨੰਦ ਕਾਰਜ ਬੀਤੇ ਐਤਵਾਰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਹੋਇਆ। ਮੀਡੀਆ ਰਿਪੋਰਟਾਂ ਅਨੁਸਾਰ ਉਨ੍ਹਾਂ ਦੇ ਵਿਆਹ ਸਮਾਗਮ 'ਚ ਫ਼ੌਜ ਦੇ ਮੌਜੂਦਾ ਅਤੇ ਸੇਵਾਮੁਕਤ ਕਈ ਸੀਨੀਅਰ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਬਾਜਵਾ ਨੇ ਵੀ ਮੇਜਰ ਹਰਚਰਨ ਸਿੰਘ ਨੂੰ ਉਨ੍ਹਾਂ ਦੇ ਵਿਆਹ 'ਤੇ ਵਧਾਈਆਂ ਭੇਜੀਆ। ਵਿਆਹ ਸਮਾਗਮ 'ਚ ਸ਼ਾਮਿਲ ਹੋਣ ਪੁੱਜੇ ਫ਼ੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ ਮੁਸਲਿਮ ਬਹੁਤਾਤ ਵਾਲੇ ਦੇਸ਼ ਵਿਚ ਧਾਰਮਿਕ ਘੱਟ ਗਿਣਤੀ ਵਾਲੇ ਲੋਕਾਂ ਦੇ ਹੱਕਾਂ ਦਾ ਪੂਰਾ ਸਨਮਾਨ ਕਰਦੀ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ 'ਚ ਸਿੱਖਾਂ ਧਾਰਮਿਕ ਘੱਟ ਗਿਣਤੀਆਂ ਵਜੋਂ ਮਾਨਤਾ ਹਾਸਲ ਹੈ। ਮੇਜਰ ਹਰਚਰਨ ਸਿੰਘ ਸਾਲ 007 ਵਿਚ ਪਾਕਿਸਤਾਨ ਫ਼ੌਜ 'ਚ ਪਹਿਲੇ ਸਿੱਖ ਅਧਿਕਾਰੀ ਵਜੋਂ ਸ਼ਾਮਿਲ ਹੋਏ ਸਨ। ਪਾਕਿਸਤਾਨੀ ਮੀਡੀਆ ਅਨੁਸਾਰ ਮੇਜਰ ਹਰਚਰਨ ਸਿੰਘ ਦਾ ਪਰਿਵਾਰ ਸੰਨ 1970 ਵਿਚ ਪਾਕਿਸਤਾਨ ਦੇ ਸੂਬੇ ਖੈਬਰ ਪਖਤੂਖਵਾ ਤੋਂ ਨਨਕਾਣਾ ਸਾਹਿਬ (ਪੰਜਾਬ) ਵਿਖੇ ਆ ਗਿਆ ਸੀ।




Personalized Service-Committed To Quality
Solutions Financial Mortgage Company
Purchase & Refinance Your Home Loans

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280,
Glenview, IL 60025- Office: 847-834-0100 Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com



ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।

Open Enrollment for Healthcare Starts November 1, 2017 to January 31, 2018.

COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



NOW OPEN IN MODESTO/CERES

PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !

ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# Watch Your Favorite Channel FREE PREVIEW

jus punjabi




The 1st American-Punjabi Television Channel

**WATCH jus punjabi ON CHANNEL 736 ON**

dish | sling TELEVISION

for advertisement & more information call: +1-718-752-9290 x 202
**www.jusbroadcasting.com**

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਬੈਂਸ ਭਰਾਵਾਂ ਦੇ ਖਿਲਾ.ਫ ਪਾਸ ਹੋਏ ਵਿਧਾਨ ਸਭਾ ਮਤੇ ਦੇ ਸਿਆਸੀ ਮਾਇਨੇ

## *ਮੁੱਖ ਮੰਤਰੀ ਨੂੰ ਟੇਪ ਜਾਅਲੀ ਜਾਪਦੀ ਹੈ ਤਾਂ ਏਹਦੀ ਪੜਤਾਲ ਕਿਉਂ ਨਹੀਂ ?*

**ਗੁਰਪ੍ਰੀਤ ਸਿੰਘ ਮੰਡਿਆਣੀ**



ਪੰਜਾਬ ਸਰਕਾਰ ਅਤੇ ਅਕਾਲੀ ਦਲ ਦੇ ਤਿੱਖੇ ਮੁਖਾਲਿਫ ਆਗੂ ਸੁਖਪਾਲ ਸਿੰਘ ਖਹਿਰਾ ਦੇ ਖਿਲਾਫ਼ ਫਾਜ਼ਿਲਕਾ ਦੀ ਅਦਾਲਤ ਵਿੱਚੋਂ ਜਾਰੀ ਹੋਏ ਸੰਮਣਾਂ ਦਾ ਮਾਮਲਾ ਕਈ ਪੜਾਵਾਂ ਵਿੱਚੋਂ ਲੰਘਦਾ ਹੋਇਆ ਵਿਧਾਨ ਸਭਾ ਦੇ ਇੱਕ ਮਤੇ ਤੱਕ ਪਹੁੰਚ ਗਿਆ ਹੈ। ਤਕਨੀਕੀ ਤੌਰ 'ਤੇ ਇਹ ਭਾਵੇਂ ਵਿਧਾਨ ਸਭਾ ਦਾ ਮਤਾ ਆਖਿਆ ਜਾਵੇਗਾ ਪਰ ਸਿਆਸੀ ਤੌਰ 'ਤੇ ਇਹ ਸੱਤਾਧਾਰੀ ਕਾਂਗਰਸ ਅਤੇ ਅਕਾਲੀ ਦਲ ਦਾ ਸਾਂਝਾ ਮਤਾ ਹੈ। ਏਸ ਮਤੇ ਦੇ ਖਿਲਾਫ ਆਮ ਆਦਮੀ ਪਾਰਟੀ ਤੇ ਲੋਕ ਇਨਸਾਫ ਪਾਰਟੀ ਨੇ ਵਿਰੋਧ ਵਿਚ ਵਿਧਾਨ ਸਭਾ 'ਚੋਂ ਵਾਕਆਊਟ ਕੀਤਾ। ਸਰਕਾਰ ਦੇ ਇੱਕ ਵਜ਼ੀਰ ਨੇ ਇਹ ਮਤਾ ਪੇਸ਼ ਕੀਤਾ ਤੇ ਅਕਾਲੀਆਂ ਨੇ ਖਾਮੋਸ਼ ਰਹਿ ਕੇ ਸਹਿਮਤੀ ਜਾਹਿਰ ਕੀਤੀ।

ਫਾਜ਼ਿਲਕਾ ਦੀ ਅਦਾਲਤ ਵੱਲੋਂ ਖਹਿਰਾ ਨੂੰ ਤਲਬ ਕੀਤੇ ਜਾਣ ਦੇ ਖਿਲਾਫ ਉਨ੍ਹਾਂ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਪਰ ਹਾਈ ਕੋਰਟ ਨੇ ਖਹਿਰਾ ਵੱਲੋਂ ਪਾਇਆ ਕੇਸ ਖਾਰਜ ਕਰ ਦਿੱਤਾ। ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਇੱਕ ਬੜੀ ਸਨਸਨੀਖੇਜ਼ ਆਡੀਓ ਟੇਪ ਜਾਰੀ ਕੀਤੀ ਸੀ। ਜਿਸ ਵਿੱਚ ਇੱਕ ਬੰਦਾ ਗੱਲਬਾਤ ਕਰਕੇ ਦੂਜੇ ਬੰਦੇ ਨੂੰ ਦੱਸ ਰਿਹਾ ਸੀ ਕਿ ਉਹਨੇ 35 ਲੱਖ ਰੁਪਏ ਦਾ ਲੈਣ ਦੇਣ ਕਰਕੇ ਖਹਿਰੇ ਵਾਲੇ ਕੇਸ ਨੂੰ ਪ੍ਰਭਾਵਿਤ ਕੀਤਾ ਹੈ। ਬੈਂਸਾਂ ਦੇ ਦੱਸਣ ਮੁਤਾਬਿਕ ਇਹ ਬੰਦਾ ਬਾਦਲ ਸਰਕਾਰ ਵੇਲੇ ਐਡੀਸ਼ਨਲ ਐਡਵੋਕੇਟ ਰਹਿ ਚੁੱਕਾ ਹੈ। ਬੈਂਸਾਂ ਨੇ ਏਸ ਟੇਪ ਦੀ ਤਹਿ ਤੱਕ ਜਾਣ ਲਈ ਸੀ.ਬੀ.ਆਈ. ਦੀ ਪੜਤਾਲ ਮੰਗੀ ਸੀ। ਖਹਿਰਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਅਤੇ ਬੈਂਸ ਬ੍ਰਦਰਜ਼ ਨੇ ਏਹਦੀ ਪੜਤਾਲ ਬਾਬਤ ਚੰਡੀਗੜ੍ਹ ਦੇ ਪ੍ਰਬੰਧਕ ਅਤੇ ਪੰਜਾਬ ਦੇ ਗਵਰਨਰ ਨਾਲ ਵੀ ਮੁਲਾਕਾਤ ਕੀਤੀ ਸੀ। ਕਿਉਂਕਿ ਇਹ ਵਾਅਕਾ ਚੰਡੀਗੜ੍ਹ ਦਾ ਹੋਣ ਕਰਕੇ ਗਵਰਨਰ ਸਾਬ੍ਹ ਏਹਦੇ 'ਚ ਦਖਲ ਅੰਦਾਜ਼ੀ ਕਰ ਸਕਦੇ ਹਨ। ਇਨ੍ਹਾਂ ਦੋਵਾਂ ਸਿਆਸੀ ਦਲਾਂ ਦੇ ਪੰਜਾਬ ਦੀ ਵਿਧਾਨ ਸਭਾ ਵਿੱਚ ਵੀ ਟੇਪ ਕਾਂਡ ਦੀ ਸੀ.ਬੀ.ਆਈ. ਪੜਤਾਲ ਮੰਗਦਿਆਂ ਮਾਮਲਾ ਪੂਰੇ ਜ਼ੋਰ ਨਾਲ ਚੁੱਕਿਆ ਸੀ। ਖਹਿਰਾ ਨੇ ਦੋਸ਼ ਲਾਇਆ ਸੀ ਕਿਉਂਕਿ ਉਹ ਪੰਜਾਬ ਦੇ ਇੱਕ ਵਜ਼ੀਰ ਵੱਲੋਂ ਕੀਤੇ ਜਾ ਰਹੇ ਕਥਿਤ ਭ੍ਰਿਸ਼ਟਾਚਾਰ ਦੇ ਖਿਲਾਫ ਅਵਾਜ਼ ਉਠਾਉਂਦੇ ਨੇ ਜੀਹਦੇ ਕਰਕੇ ਏਹੀ ਵਜ਼ੀਰ ਮੇਰੇ ਖਿਲਾਫ ਸਾਜ਼ਿਸ਼ਾਂ ਘੜ ਰਿਹਾ ਹੈ।

29 ਨਵੰਬਰ ਨੂੰ ਵਿਧਾਨ ਸਭਾ ਦੀ ਆਖਰੀ ਮੀਟਿੰਗ ਵਿੱਚ ਸਰਕਾਰ ਨੇ ਬੈਂਸ ਬ੍ਰਦਰਜ਼ ਦੇ ਖਿਲਾਫ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਾਇਆ ਜੀਹਦੇ 'ਚ ਬੈਂਸ ਭਰਾਵਾਂ ਵੱਲੋਂ ਆਡੀਓ ਟੇਪ ਜਾਰੀ ਕਰਕੇ ਹਾਈ ਕੋਰਟ ਦੇ ਇੱਕ ਜੱਜ ਦੀ ਤੌਹੀਨ ਕਰਨ ਦਾ ਦੋਸ਼ ਲਾਇਆ ਗਿਆ ਸੀ। ਮਤੇ ਵਿੱਚ ਹਾਈ ਕੋਰਟ ਦੇ ਚੀਫ ਜਸਟਿਸ ਤੋਂ ਬੈਂਸਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਏਹਤੋਂ ਪਹਿਲਾਂ ਸਿਮਰਜੀਤ ਸਿੰਘ ਬੈਂਸ ਤੇ ਸੁਖਪਾਲ ਸਿੰਘ ਖਹਿਰਾ ਨੇ ਚੀਫ ਜਸਟਿਸ ਨੂੰ ਮਿਲ ਕੇ ਟੇਪ ਕਾਂਡ ਦੀ ਪੜਤਾਲ ਕਰਨ ਦੀ ਮੰਗ ਕੀਤੀ ਸੀ।

ਚਲੋ! ਵਿਧਾਨ ਸਭਾ ਦੇ ਮਤੇ ਨੂੰ ਠੀਕ ਮੰਨਦਿਆਂ ਇਹ ਮੰਨ ਲਿਆ ਜਾਵੇ ਕਿ ਬੈਂਸਾਂ ਵੱਲੋਂ ਜਾਰੀ ਕੀਤੀ ਟੇਪ ਨਾਲ ਹਾਈ ਕੋਰਟ ਦੇ ਜੱਜ ਦੀ ਤੌਹੀਨ ਹੋਈ ਹੈ ਪਰ ਸਰਕਾਰ ਦਾ ਇਹ ਫਰਜ਼ ਬਣਦਾ ਸੀ ਕਿ ਉਹ ਏਸ ਟੇਪ ਵਿੱਚ ਗੱਲਬਾਤ ਕਰ ਰਹੇ ਬੰਦੇ ਦਾ ਪਤਾ ਲਾਉਂਦੀ ਪਤਾ ਲੱਗਣ ਤੋਂ ਬਾਅਦ ਓਹਤੋਂ ਇਹ ਦਰਿਆਫਤ ਕੀਤਾ ਜਾਂਦਾ ਕਿ ਓਹਨੇ ਇਹ ਗੱਲ ਕਿਸ ਬਿਨ੍ਹਾ 'ਤੇ ਕੀਤੀ। ਮਤੇ ਤੋਂ ਬਾਅਦ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਇੱਕ ਗੱਲਬਾਤ 'ਚ ਕਿਹਾ ਕਿ ਮੈਨੂੰ ਜਾਪਦਾ ਹੈ ਕਿ ਇਹ ਟੇਪ ਵਿਚਲੀ ਗੱਲਬਾਤ ਦੀ ਇਬਾਰਤ ਖੁਦ ਹੀ ਘੜੀ ਗਈ ਹੈ। ਏਹਦਾ ਭਾਵ ਇਹ ਹੋਇਆ ਕਿ ਮੁੱਖ ਮੰਤਰੀ ਟੇਪ ਨੂੰ ਜਾਅਲੀ ਮੰਨਦੇ ਹਨ। ਪਰ ਗੱਲ ਏਥੇ ਹੀ ਨਹੀਂ ਮੁੱਕ ਜਾਣੀ ਚਾਹੀਦੀ ਕਿ ਟੇਪ ਜਾਅਲੀ ਹੈ। ਇੱਕ ਜੱਜ ਦੀ ਤੌਹੀਨ ਕਰਨ ਵਾਲੇ ਜਾਅਲੀ ਆਡੀਓ ਟੇਪ ਤਿਆਰ ਕਰਨੀ ਵੀ ਇੱਕ ਸੰਗੀਨ ਮਾਮਲਾ ਹੈ ਤੇ ਇਹ ਫੌਜਦਾਰੀ ਜ਼ੁਰਮ ਬਣਦਾ ਹੈ ਜੀਹਦੀ ਪੜਤਾਲ ਹੋਣੀ ਚਾਹੀਦੀ ਸੀ। ਪੜਤਾਲ ਹੀ ਬੈਂਸ ਭਰਾ ਮੰਗਦੇ ਨੇ। ਪੜਤਾਲ ਵੱਲ ਨੂੰ ਮੂੰਹ ਨਾ ਕਰਕੇ ਸਰਕਾਰ ਵੱਲੋਂ ਸਿਰਫ ਬੈਂਸਾਂ ਨੂੰ ਕਸੂਰਵਾਰ ਐਲਾਨਣਾ ਇਹ ਸਾਬਤ ਕਰਦਾ ਹੈ ਕਿ ਸਰਕਾਰ ਬੈਂਸਾਂ ਤੇ ਖਹਿਰੇ ਦੇ ਖਿਲਾਫ ਇੱਕ ਧਿਰ ਬਣਕੇ ਖੜ੍ਹੀ ਹੈ। ਇਸ ਸੂਰਤੇਹਾਲ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਕਿਸੇ ਪੜਤਾਲ ਨੂੰ ਨਿਰਪੱਖ ਨਹੀਂ ਮੰਨਿਆ ਜਾ ਸਕਦਾ। ਸੋ ਇਸ ਵਿੱਚ ਸੀ.ਬੀ.ਆਈ. ਪੜਤਾਲ ਦਾ ਹੁਕਮ ਦੇਣਾ ਹੀ ਨਿਰਪੱਖਤਾ ਦਾ ਅਮਲ ਹੋ ਸਕਦਾ ਹੈ। ਨਹੀਂ ਤਾਂ ਵਿਧਾਨ ਸਭਾ ਦੇ ਮਤੇ ਨੂੰ ਪੜਤਾਲ ਵਾਲਾ ਗਰਦੋ-ਗੁਬਾਰ ਥੰਮਣ ਵਾਲੀ ਕਵਾਇਦ ਦੇ ਹੱਕ ਵਿੱਚ ਹੀ ਇੱਕ ਅਮਲ ਸਮਝਿਆ ਜਾ ਸਕਦਾ ਹੈ। ਅਕਾਲੀ ਦਲ ਵੱਲੋਂ ਵੀ ਟੇਪ ਕਾਂਡ ਦੀ ਕੋਈ ਪੜਤਾਲ ਕਿਉਂ ਨਹੀਂ ਮੰਗੀ ਜਾ ਰਹੀ ਜੇ ਏਹਦੇ ਸਿਆਸੀ ਮਾਇਨੇ ਕੱਢੇ ਜਾਣ ਤਾਂ ਏਹਦਾ ਮਤਲਬ ਏਹ ਨਿਕਲਦਾ ਹੈ ਕਿ ਉਹ ਖਹਿਰੇ ਅਤੇ ਓਹਦੀ ਹਮਾਇਤ ਕਰਨ ਵਾਲੇ ਬੈਂਸਾਂ ਦੇ ਖਿਲਾਫ ਸਰਕਾਰ ਨਾਲ ਇੱਕ-ਮਿੱਕ ਨੇ। ਲੋਕ ਰਾਜ ਵਿੱਚ ਕਿਸੇ ਨੂੰ ਸਿਆਸੀ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਖਾਤਰ ਜਾਅਲੀ ਆਡੀਓ ਟੇਪਾਂ ਤਿਆਰ ਕਰਨਾ ਲੋਕ ਰਾਜੀ ਢਾਂਚੇ ਲਈ ਬਹੁਤ ਨੁਕਸਾਨਦੇਹ ਹੈ। ਪਰ ਏਹਦੀ ਪੜਤਾਲ ਤੋਂ ਮੂੰਹ ਮੋੜਨਾ ਹੋਰ ਵੀ ਨੁਕਸਾਨਦੇਹ ਹੈ।

**(ਸਿੱਖ ਸਿਆਸਤ ਤੋਂ ਧੰਨਵਾਦ ਸਹਿਤ)**

## ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਵਿਰੁਧ ਮੋਰਚਾ ਭਖਾਇਆ

### *ਕਹਿੰਦਾ : ਕੈਪਟਨ ਨੇ 25 ਲੱਖ ਖਰਚ ਕੇ ਮੇਰੇ ਵਿਰੁੱਧ ਵਕੀਲ ਖੜ੍ਹਾਇਆ*

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਡਰੱਗ ਕੇਸ ਵਿੱਚੋਂ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਹਮਲੇ ਤੇਜ਼ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ 25 ਲੱਖ ਰੁਪਏ ਖਰਚ ਕਰ ਕੇ ਸੁਪਰੀਮ ਕੋਰਟ ਵਿੱਚ ਉਸ ਵਿਰੁੱਧ ਵਕੀਲ ਖੜ੍ਹਾ ਕੀਤਾ ਸੀ ਤਾਂ ਜੋ ਰਾਹਤ ਨਾ ਮਿਲ ਸਕੇ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਉਸ ਨੂੰ ਫਸਾਉਣ ਵਿੱਚ ਪੰਜਾਬ ਦੇ ਇਕ ਆਈਏਐਸ ਅਧਿਕਾਰੀ ਦਾ ਵੀ ਹੱਥ ਹੈ ਅਤੇ ਬਰਖਾਸਤ ਪੀਸੀਐਸ ਅਧਿਕਾਰੀ ਟੀ.ਕੇ. ਗੋਇਲ ਕੋਲ ਪੈਂਤੀ ਲੱਖ ਰੁਪਏ ਰਿਸ਼ਵਤ ਦੇਣ ਦੇ ਮਾਮਲੇ ਦੀ ਡੇਢ ਘੰਟੇ ਦੀ ਆਡੀਓ ਸੀਡੀ ਮੌਜੂਦ ਹੈ, ਜਿਸ ਰਾਹੀਂ ਇਸ ਰਾਸ਼ੀ ਦਾ ਪ੍ਰਬੰਧ ਕਰਨ ਵਾਲੇ ਨੂੰ ਵੀ ਬੇਨਕਾਬ ਕੀਤਾ ਜਾਵੇਗਾ। ਅੱਜ ਇੱਥੇ ਪੰਜਾਬ ਭਵਨ ਵਿੱਚ ਆਮ ਆਦਮੀ ਪਾਰਟੀ (ਆਪ) ਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਸਮੇਤ 'ਆਪ' ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਦੀ ਹੋਈ ਮੀਟਿੰਗ ਤੋਂ ਬਾਅਦ ਸ੍ਰੀ ਖਹਿਰਾ ਨੇ ਇਹ ਪ੍ਰੈੱਸ ਕਾਨਫਰੰਸ ਕੀਤੀ। ਇਸ ਤੋਂ ਪਹਿਲਾਂ ਸ੍ਰੀ ਮਾਨ ਅਤੇ ਸ੍ਰੀ ਖਹਿਰਾ ਨੇ ਇਕ ਦੂਜੇ ਨੂੰ ਲੱਡੂ ਖੁਆਏ। ਇਹ ਸ਼ਾਇਦ ਆਪਸੀ ਸਿਆਸੀ ਕੁੜੱਤਣ ਦੂਰ ਕਰਨ ਦਾ ਯਤਨ ਸੀ। ਦੱਸਣਯੋਗ ਹੈ ਕਿ ਸ੍ਰੀ ਖਹਿਰਾ ਵਿਰੁੱਧ ਜਦੋਂ ਤੋਂ ਅਦਾਲਤ ਨੇ ਡਰੱਗ ਦੇ ਮੁੱਦੇ ਉਪਰ ਸੰਮਨ ਜਾਰੀ ਕੀਤਾ ਹੈ, ਉਸ ਦਿਨ ਤੋਂ ਇਹ ਦੋਵੇਂ ਆਗੂ ਇਕ ਸਟੇਜ 'ਤੇ ਨਹੀਂ ਆਏ। ਪ੍ਰੈੱਸ ਕਾਨਫਰੰਸ ਵਿੱਚ ਸ੍ਰੀ ਖਹਿਰਾ ਨੇ ਕਿਹਾ ਕਿ ਕੈਪਟਨ ਨੇ ਆਡੀਓ ਪ੍ਰਤੀ ਵਿਧਾਨ ਸਭਾ ਵਿੱਚ ਨਿੰਦਾ ਮਤਾ ਪਾਸ ਕਰਵਾ ਕੇ ਉਨ੍ਹਾਂ (ਖਹਿਰਾ ਤੇ ਬੈਂਸ ਭਰਾਵਾਂ) ਨੂੰ ਨਿਆਂਪਾਲਿਕਾ ਦੇ ਦੁਸ਼ਮਣ ਦੱਸ ਕੇ ਦਲਾਲਾਂ ਦੀ ਤਰਫ਼ਦਾਰੀ ਕੀਤੀ ਹੈ। ਉਨ੍ਹਾਂ ਧਮਕੀ ਦਿੱਤੀ ਕਿ ਜੇ ਚੰਡੀਗੜ੍ਹ ਪੁਲੀਸ ਨੇ ਆਡੀਓ ਸੀਡੀ ਬਾਬਤ ਤੁਰੰਤ ਐਫਆਈਆਰ ਦਰਜ ਨਾ ਕੀਤੀ ਤਾਂ ਉਹ ਹਾਈ ਕੋਰਟ ਦਾ ਕੁੰਡਾ ਖੜਕਾਉਣਗੇ। ਇਸ ਮੌਕੇ ਸ੍ਰੀ ਖਹਿਰਾ ਨੇ 29 ਨਵੰਬਰ ਨੂੰ ਕੈਪਟਨ ਵਿਰੁੱਧ ਵਰਤੇ ਅਪਸ਼ਬਦ ਵਾਪਸ ਲੈ ਲਏ ਪਰ ਨਾਲ ਹੀ ਕਿਹਾ ਕਿ ਅਰੂਸਾ ਆਲਮ ਵਿਰੁੱਧ ਵਰਤੀ ਸ਼ਬਦਾਵਲੀ ਉਹ ਵਾਪਸ ਨਹੀਂ ਲੈਣਗੇ। ਵਿਰੋਧੀ ਧਿਰ ਦੇ ਆਗੂ ਨੇ ਕਾਂਗਰਸ ਅਤੇ ਅਕਾਲੀ ਦਲ ਵਿਰੁੱਧ ਤਿੱਖੀ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਕਿਹਾ ਕਿ ਉਹ ਅਜਿਹੇ ਲੋਕਾਂ ਤੋਂ ਮੁਆਫ਼ੀ ਨਹੀਂ ਮੰਗਣਗੇ। ਉਨ੍ਹਾਂ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਵਿਰੁੱਧ ਵੀ ਸਖ਼ਤ ਸ਼ਬਦਾਵਲੀ ਵਰਤੀ। ਇਕ ਸਵਾਲ ਦੇ ਜਵਾਬ ਵਿੱਚ ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੀ ਪੂਰੀ ਹਮਾਇਤ ਹੈ।



ਵਿਧਾਇਕ ਸਿਮਰਜੀਤ ਬੈਂਸ ਨੇ ਕਿਹਾ ਕਿ ਉਹ ਸਿਟੀ ਸੈਂਟਰ ਘੁਟਾਲੇ ਦੇ ਮਾਮਲੇ ਵਿੱਚ ਕੈਪਟਨ ਵਿਰੁੱਧ ਦਰਜ ਕੇਸ ਬੰਦ ਕਰਨ ਦੀ ਪ੍ਰਕਿਰਿਆ ਵਿਰੁੱਧ ਡਟ ਕੇ ਖੜ੍ਹਨਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੁਧਿਆਣਾ ਨੂੰ ਛੱਡ ਕੇ ਤਿੰਨ ਹੋਰ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਉਣ ਦੇ ਫ਼ੈਸਲੇ ਵਿਰੁੱਧ ਹਾਈ ਕੋਰਟ ਵਿੱਚ ਰਿੱਟ ਦਾਇਰ ਕਰ ਰਹੇ ਹਨ। ਭਗਵੰਤ ਮਾਨ ਨੇ ਇਸ ਮੌਕੇ ਦੱਸਿਆ ਕਿ ਪਾਰਟੀ ਨਿਗਮ ਚੋਣਾਂ ਡਟ ਕੇ ਲੜੇਗੀ ਅਤੇ ਉਮੀਦਵਾਰਾਂ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਗਮ ਚੋਣਾਂ ਵਿੱਚ ਵੀ ਹਾਈ ਕਮਾਂਡ ਦਾ ਕੋਈ ਦਖ਼ਲ ਨਹੀਂ ਹੈ ਅਤੇ ਪੰਜਾਬ ਦੀ ਲੀਡਰਸ਼ਿਪ ਆਪਣੇ ਪੱਧਰ 'ਤੇ ਚੋਣ ਲੜ ਰਹੀ ਹੈ। ਪਾਰਟੀ ਦੇ ਵਿਧਾਇਕ ਤੇ ਸੂਬਾਈ ਮੀਤ ਪ੍ਰਧਾਨ ਅਮਨ ਅਰੋੜਾ ਨੇ ਦੱਸਿਆ ਕਿ ਅੰਮ੍ਰਿਤਸਰ, ਜਲੰਧਰ ਅਤੇ ਪਟਿਆਲਾ ਨਿਗਮ ਚੋਣਾਂ ਲਈ ਸਥਾਨਕ ਆਗੂਆਂ ਦੀਆਂ ਸਕਰੀਨਿੰਗ ਕਮੇਟੀਆਂ ਪਹਿਲਾਂ ਹੀ ਬਣਾਈਆਂ ਜਾ ਚੁੱਕੀਆਂ ਹਨ ਅਤੇ ਇਹ ਕਮੇਟੀਆਂ ਉਮੀਦਵਾਰ ਦੀ ਚੋਣ ਕਰਨਗੀਆਂ। ਇਸ ਮੌਕੇ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ, ਰੁਪਿੰਦਰ ਕੌਰ ਰੂਬੀ, ਮਾਸਟਰ ਬਲਦੇਵ ਸਿੰਘ, ਮੀਤ ਹੇਅਰ, ਅਮਰਜੀਤ ਸਿੰਘ ਸੰਦੋਆ, ਕੰਵਰ ਸੰਧੂ, ਜਗਤਾਰ ਸਿੰਘ ਹਿਸੋਵਾਲ, ਹਰਪਾਲ ਸਿੰਘ ਚੀਮਾ ਅਤੇ ਜਗਦੇਵ ਸਿੰਘ ਕਮਾਲੂ ਹਾਜ਼ਰ ਸਨ।

## ਸਿੱਕਿਮ ਹਾਈ ਕੋਰਟ ਨੇਂ ਗੁਰਦੁਆਰਾ ਡਾਂਗਮਾਰ ਵਿਵਾਦ ਬਾਰੇ ਸਥਿੱਤੀ ਜਿਉਂ ਦਾ ਤਿਉਂ ਰੱਖਣ ਲਈ ਕਿਹਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਿੱਕਿਮ ਹਾਈ ਕੋਰਟ ਨੇ ਗੁਰਦੁਆਰਾ ਡਾਂਗਮਾਰ ਸਾਹਿਬ ਦੇ ਮਾਮਲੇ ਵਿੱਚ ਸਥਿਤੀ ਪਹਿਲਾਂ ਵਾਲੀ ਬਰਕਰਾਰ ਰੱਖਣ ਦੇ ਹੁਕਮ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਸਾਲ 29 ਮਾਰਚ ਨੂੰ ਹੋਵੇਗੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਅਦਾਲਤ ਨੇ ਸਥਿਤੀ 'ਜਿਓਂ ਦੀ ਤਿਓਂ' ਬਰਕਰਾਰ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਬਣਿਆ ਹੈ। ਕਮੇਟੀ ਦੇ ਵਕੀਲ ਨਵੀਨ ਬਾਰਿਕ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਵੱਖਰਾ ਹੈ ਤੇ ਸਰਕਾਰ ਖ਼ੁਦ ਮੰਨ ਚੁੱਕੀ ਹੈ ਕਿ ਮੌਜੂਦਾ ਥਾਂ 'ਤੇ ਗੁਰਦੁਆਰਾ ਸਾਹਿਬ ਪਿਛਲੇ 20 ਸਾਲਾਂ ਤੋਂ ਮੌਜੂਦ ਹੈ। ਸ੍ਰੀ ਸਿਰਸਾ ਨੇ ਕਿਹਾ ਕਿ ਸਰਕਾਰ ਸਥਾਨਕ ਪੰਚਾਇਤ ਨਾਲ ਰਲੀ ਹੋਈ ਹੈ ਤੇ ਗੁਰਦੁਆਰਾ ਸਾਹਿਬ ਦੇ ਢਾਂਚੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਕੋਲ ਢੁੱਕਵੇਂ ਸਬੂਤ ਹਨ, ਜੋ ਇਹ ਸਾਬਤ ਕਰਦੇ ਹਨ ਕਿ ਗੁਰਦੁਆਰਾ ਸਾਹਿਬ ਇਥੇ ਪਿਛਲੇ ਅੱਧੀ ਸਦੀ ਤੋਂ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਥਾਨਕ ਅਫ਼ਸਰਾਂ ਨੇ ਸਾਜ਼ਿਸ਼ ਤਹਿਤ ਜਾਅਲੀ ਦਸਤਾਵੇਜ਼ ਤਿਆਰ ਕਰਵਾਏ ਹਨ। ਉਹ ਇਥੇ ਕੌਮਾਂਤਰੀ ਮੱਠ (ਮੋਨਾਸਟਰੀ) ਬਣਵਾਉਣਾ ਚਾਹੁੰਦੇ ਹਨ।

## *ਖ਼ੁਦਕੁਸ਼ੀ ਕਾਂਡ:* ਅਪਣੀ ਹੀ ਚਲਾਕੀ ਦੇ ਚੱਕਰ 'ਚ ਫਸੀ ਪੁਲੀਸ

**ਬਠਿੰਡਾ/ਚਰਨਜੀਤ ਭੁੱਲਰ:** ਬਠਿੰਡਾ ਪੁਲੀਸ ਵੱਲੋਂ ਪਿੰਡ ਮੰਡੀ ਕਲਾਂ ਦੇ ਖ਼ੁਦਕੁਸ਼ੀ ਪੀੜਤ ਪਰਿਵਾਰ ਨੂੰ ਦਿੱਤੀ ਛੇ ਲੱਖ ਰੁਪਏ ਦੀ ਨਗਦ ਰਾਸ਼ੀ ਦਾ ਭੇਤ ਬਣ ਗਿਆ ਹੈ। ਇਹ ਰੁਪਏ ਕਿੱਥੋਂ ਆਏ, ਇਸ ਬਾਰੇ ਦੱਸਣ ਤੋਂ ਹਰ ਕੋਈ ਕੰਨੀ ਕਤਰਾ ਰਿਹਾ ਹੈ। ਪਿੰਡ ਮੰਡੀ ਕਲਾਂ ਦੇ ਨੌਜਵਾਨ ਕਿਸਾਨ ਭੁਪਿੰਦਰ ਸਿੰਘ ਖ਼ਿਲਾਫ਼ ਥਾਣਾ ਮੌੜ ਵਿੱਚ ਐਫ.ਆਈ.ਆਰ ਨੰਬਰ 37 ਦਰਜ ਹੋਈ ਸੀ, ਜਿਸ ਦੀ ਪੜਤਾਲ ਦੌਰਾਨ ਉਹ ਬੇਕਸੂਰ ਪਾਇਆ ਗਿਆ। 20 ਨਵੰਬਰ ਦੀ ਰਾਤ ਨੂੰ ਭੁਪਿੰਦਰ ਸਿੰਘ ਨੇ ਖ਼ੁਦਕੁਸ਼ੀ ਕਰ ਲਈ, ਜਿਸ ਦੀ ਵਜ੍ਹਾ ਖ਼ੁਦਕੁਸ਼ੀ ਨੋਟ ਵਿੱਚ ਇਕ ਏ.ਐਸ.ਆਈ. ਵੱਲੋਂ ਦਿੱਤੀ ਧਮਕੀ ਦੱਸੀ। ਕਿਸਾਨ ਧਿਰਾਂ ਨੇ ਨੌਂ ਦਿਨਾਂ ਤੋਂ ਸੰਘਰਸ਼ ਵਿੱਢਿਆ ਹੋਇਆ ਸੀ ਅਤੇ ਇੰਨੇ ਦਿਨਾਂ ਤੋਂ ਲਾਸ਼ ਰੁਲ ਰਹੀ ਸੀ। ਆਖਰ ਪੁਲੀਸ ਪ੍ਰਸ਼ਾਸਨ ਨੇ ਪਰਿਵਾਰ ਨਾਲ ਸਮਝੌਤਾ ਕਰ ਲਿਆ। ਮੰਡੀ ਕਲਾਂ ਵਿੱਚ ਹੋਏ ਇਕੱਠ ਵਿੱਚ ਐਸ.ਡੀ.ਐਮ. ਰਵਿੰਦਰ ਕੁਮਾਰ, ਡੀ.ਐਸ. ਪੀ. ਮੌੜ (ਵਾਧੂ ਚਾਰਜ) ਸੁਰਿੰਦਰ ਕੁਮਾਰ ਅਤੇ ਐਂਟੀ ਲਿਕਰ ਸੈੱਲ ਦੇ ਇੰਚਾਰਜ ਤਰਜਿੰਦਰ ਸਿੰਘ ਪੁੱਜੇ। ਇਕੱਠ ਵਿੱਚ ਭੁਪਿੰਦਰ ਸਿੰਘ ਦੇ ਪਿਤਾ ਨੂੰ ਸਟੇਜ ਤੋਂ ਛੇ ਲੱਖ ਰੁਪਏ ਨਗਦ ਦਿੱਤੇ ਗਏ। ਪੁਲੀਸ ਅਧਿਕਾਰੀ ਆਖਦੇ ਹਨ ਕਿ ਇਹ ਮਾਲੀ ਮਦਦ ਹੈ। ਡਿਪਟੀ ਕਮਿਸ਼ਨਰ ਬਠਿੰਡਾ ਦੀਪਰਵਾ ਲਾਕਰਾ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਵੱਲੋਂ ਖ਼ੁਦਕੁਸ਼ੀ ਦੇ ਕੇਸ ਤਹਿਤ ਮਾਲੀ ਮਦਦ ਤਿੰਨ ਲੱਖ ਰੁਪਏ ਦਿੱਤੀ ਜਾਵੇਗੀ ਅਤੇ ਸਕਿਉਰਿਟੀ ਵਜੋਂ ਪਰਿਵਾਰ ਨੂੰ ਚੈੱਕ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਪੁਲੀਸ ਨੇ ਆਰਜ਼ੀ ਨੌਕਰੀ ਦਿੱਤੀ ਹੈ ਅਤੇ ਪ੍ਰਸ਼ਾਸਨ ਨੇ ਕੋਈ ਨਗਦੀ ਨਹੀਂ ਦਿੱਤੀ। ਐਸ.ਡੀ.ਐਮ. ਵਰਿੰਦਰ ਕੁਮਾਰ ਨੇ ਮਾਮਲਾ ਨਿੱਬੜ ਗਿਆ, ਆਖ ਕੇ ਫੋਨ ਕੱਟ ਦਿੱਤਾ। ਜਦੋਂ ਕਿ ਮੌਕੇ 'ਤੇ ਮੌਜੂਦ ਡੀ.ਐਸ.ਪੀ. ਸੁਰਿੰਦਰ ਕੁਮਾਰ ਦਾ ਕਹਿਣਾ ਸੀ ਕਿ ਪੁਲੀਸ ਨੇ ਕੋਈ ਰਾਸ਼ੀ ਨਹੀਂ ਦਿੱਤੀ। ਦੱਸਣਯੋਗ ਹੈ ਕਿ ਰਾਸ਼ੀ ਦੇਣ ਸਮੇਂ ਐਂਟੀ ਲੀਕਰ ਸੈੱਲ ਦਾ ਇੰਚਾਰਜ ਤਰਜਿੰਦਰ ਸਿੰਘ ਤਸਵੀਰਾਂ ਵਿੱਚ ਦਿਖਾਈ ਦੇ ਰਹੇ ਹਨ। ਤਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਰਾਜ਼ੀਨਾਮਾ ਜ਼ਰੂਰ ਕਰਾਇਆ ਪਰ ਛੇ ਲੱਖ ਰੁਪਏ ਮੌੜ ਮੰਡੀ ਦੇ ਕੌਂਸਲਰ ਗੁਰਜੀਤਪਾਲ ਸਿੰਘ ਗਿੰਨੀ ਨੇ ਮਦਦ ਵਜੋਂ ਦਿੱਤੇ ਹਨ। ਇਸ ਬਾਰੇ ਕੌਂਸਲਰ ਗੁਰਜੀਤਪਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਤੌਰ 'ਤੇ ਭਾਈਚਾਰੇ ਵਿੱਚੋਂ ਪੀੜਤ ਪਰਿਵਾਰ ਦੀ ਮਦਦ ਲਈ ਇਹ ਰਾਸ਼ੀ ਇਕੱਠੀ ਕੀਤੀ। ਕੌਂਸਲਰ ਇਹ ਨਹੀਂ ਦੱਸ ਸਕੇ ਕਿ ਕਿਸ ਕਿਸ ਵਿਅਕਤੀ ਨੇ ਇਹ ਰੁਪਏ ਦਿੱਤੇ।



ਇਕੱਠ ਦੌਰਾਨ ਪੀੜਤ ਪਰਿਵਾਰ ਨੂੰ ਨਗਦੀ ਸੌਂਪੇ ਜਾਣ ਦਾ ਦ੍ਰਿਸ਼। ਐਨ ਵਿਚਕਾਰ ਪੁਲੀਸ ਦੇ ਐਂਟੀ ਲਿਕਰ ਸੈੱਲ ਦੇ ਇੰਚਾਰਜ ਤਰਜਿੰਦਰ ਸਿੰਘ ਨਜ਼ਰ ਆ ਰਹੇ ਹਨ।

**ਰਿਸ਼ਵਤ ਦਾ ਪੈਸਾ ਵਾਪਸ ਕਰਾਇਆ: ਡੱਲੇਵਾਲ**

ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਸੂਬਾਈ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦਾ ਕਹਿਣਾ ਹੈ ਕਿ ਜੋ ਪੀੜਤ ਪਰਿਵਾਰ ਤੋਂ ਛੇ ਲੱਖ ਰੁਪਏ ਦੀ ਕਥਿਤ ਤੌਰ 'ਤੇ ਰਿਸ਼ਵਤ ਲਈ ਗਈ ਸੀ, ਉਹ ਪੁਲੀਸ ਨੇ ਜਨਤਕ ਇਕੱਠ ਵਿੱਚ ਪਰਿਵਾਰ ਨੂੰ ਦੇ ਦਿੱਤੀ। ਉਨ੍ਹਾਂ ਆਖਿਆ ਕਿ ਪੁਲੀਸ ਭਾਵੇਂ ਇਸ ਨੂੰ ਮਾਲੀ ਮਦਦ ਆਖ ਦੇਵੇ ਪਰ ਉਨ੍ਹਾਂ ਇਹ ਰਿਸ਼ਵਤ ਦਾ ਪੈਸਾ ਵਾਪਸ ਕਰਾਇਆ ਹੈ।

# ਸਿਰਸਾ ਡੇਰੇ ਦੇ ਮੁਖੀ ਨੂੰ ਸਜ਼ਾ ਬਾਅਦ ਬੰਦ ਪਈਆਂ ਨੇ ਜ਼ਿਆਦਾਤਰ ਸੰਸਥਾਵਾਂ

## ਸੈਂਕੜੇ ਪ੍ਰੇਮੀਆਂ ਦੇ ਸਿਤਾਰੇ ਗਰਦਿਸ਼ 'ਚ ਰੁਜ਼ਗਾਰ ਲਈ ਮਾਰ ਰਹੇ ਨੇ ਇਧਰ ਉੱਧਰ ਚੱਕਰ

**ਸਿਰਸਾ/ਰਾਮ ਸਿੰਘ ਬਰਾੜ:**
ਸਿਰਸਾ ਡੇਰਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਲਾਤਕਾਰ ਦੇ ਦੋਸ਼ਾਂ ਅਧੀਨ 20 ਸਾਲ ਦੀ ਸਜ਼ਾ ਹੋਣ ਨਾਲ ਜਿਥੇ ਡੇਰੇ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ ਉਥੇ ਡੇਰੇ ਦੇ ਸੰਸਥਾਨਾਂ 'ਚ ਕੰਮ ਕਰ ਰਹੇ ਹਜ਼ਾਰਾਂ ਲੋਕਾਂ ਦੇ ਸਿਤਾਰੇ ਵੀ ਰਾਤੋ-ਰਾਤ ਗਰਦਿਸ਼ 'ਚ ਆ ਗਏ ਹਨ । ਡੇਰੇ ਨਾਲ ਜੁੜੇ ਕਾਰਖ਼ਾਨੇ, ਜੋ ਐਮ. ਐਸ.ਜੀ. ਦੇ ਨਾਂਅ ਹੇਠ ਖੁਰਾਕ ਪਦਾਰਥ ਤੇ ਹੋਰ ਘਰੇਲੂ ਸਮਾਨ ਦੀ ਸਮੱਗਰੀ ਤਿਆਰ ਕਰਦੇ ਸਨ, ਉਨ੍ਹਾਂ 'ਤੇ ਵੀ ਹੁਣ ਤਾਲੇ ਲੱਗੇ ਹਨ । ਡੇਰੇ ਦੀ ਬੇਕਰੀ ਵੀ ਬੰਦ ਪਈ ਹੈ । ਡੇਰੇ ਦੀ ਆਈਸਕਰੀਮ ਬਣਾਉਣ ਵਾਲੀ ਫੈਕਟਰੀ ਵੀ ਬੰਦ ਹੈ ਤੇ ਆਈਸਕਰੀਮ ਵੇਚਣ ਲਈ ਤਿਆਰ ਕੀਤੀਆਂ ਰੇਹੜੀਆਂ ਡੇਰੇ ਦੇ ਰੈਸਟੋਰੈਂਟ 'ਚ ਧੂੜ ਫੱਕ ਰਹੀਆਂ ਹਨ । ਇਸ ਪੱਤਰਕਾਰ ਦੁਆਰਾ ਡੇਰੇ ਦੇ ਵੱਖ-ਵੱਖ ਸੰਸਥਾਨਾਂ ਦਾ ਦੌਰਾ ਕਰਨ ਤੋਂ ਬਾਅਦ ਜੋ ਤਸਵੀਰ ਸਾਹਮਣੇ ਆਈ ਹੈ ਉਹ ਬੇਹੱਦ ਹੈਰਾਨ ਕਰਨ ਵਾਲੀ ਹੈ ਤੇ ਕੋਈ ਵੀ ਸੋਚ ਨਹੀਂ ਸਕਦਾ ਸੀ ਕਿ ਡੇਰਾ ਮੁਖੀ ਦੇ ਜੇਲ੍ਹ ਜਾਂਦੇ ਹੀ ਇਨ੍ਹਾਂ ਸੰਸਥਾਨਾਂ ਦੀ ਇਹ ਦੁਰਦਸ਼ਾ ਹੋ ਜਾਵੇਗੀ ।

ਮਾਲ ਤੇ ਸਿਨੇਮਾ 'ਚ ਲੱਗੇ ਤਾਲੇ

ਸਭ ਤੋਂ ਜ਼ਿਆਦਾ ਗਹਿਮਾ-ਗਹਿਮੀ ਡੇਰੇ ਦੇ ਸ਼ਾਪਿੰਗ ਮਾਲ ਤੇ ਸਿਨੇਮਾ ਘਰ 'ਚ ਦਿਖਾਈ ਦਿੰਦੀ ਸੀ, ਪਰ ਹੁਣ ਇੱਥੇ ਤਾਲੇ ਲੱਗ ਗਏ ਹਨ । ਸਿਨੇਮੇ ਦੇ ਬਾਹਰ ਡੇਰਾ ਮੁਖੀ ਦੀ ਫਿਲਮ 'ਜੱਟੂ ਇੰਜੀਨੀਅਰ' ਦੇ ਪੋਸਟਰ ਤਾਂ ਲੱਗੇ ਹੋਏ ਹਨ, ਪਰ ਇਥੇ ਕੋਈ ਪਰਿੰਦਾ ਤੱਕ ਨਜ਼ਰ ਨਹੀਂ ਆਉਂਦਾ । ਇੱਥੇ ਬਣੇ ਰੈਸਟੋਰੈਂਟ 'ਚ ਪਹਿਲਾਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ, ਪਰ ਹੁਣ ਬੰਦ ਹੋਣ ਕਾਰਨ ਚਾਰੇ ਪਾਸੇ ਮਿੱਟੀ ਹੀ ਮਿੱਟੀ ਨਜ਼ਰ ਆਉਂਦੀ ਹੈ । ਡੇਰਾ ਮੁਖੀ ਦੀ ਫ਼ਿਲਮ 'ਜੱਟੂ ਇੰਜੀਨਿਅਰ' ਦੇ ਪੋਸਟਰ ਸਿਨੇਮੇ ਤੋਂ ਇਲਾਵਾ ਡੇਰੇ ਦੇ ਹੋਰ ਸੰਸਥਾਨਾਂ 'ਤੇ ਵੀ ਲੱਗੇ ਹੋਏ ਹਨ, ਪਰ ਸਿਨੇਮਾ ਬੰਦ ਹੋਣ ਕਾਰਨ ਹੁਣ ਇਸ ਨੂੰ ਵੇਖਣ ਵਾਲਾ ਜਾਂ ਚਲਾਉਣ ਵਾਲਾ ਕੋਈ ਨਹੀਂ ।

### ਹਸਪਤਾਲ 'ਚ ਵੀ ਸੁੰਨਸਾਨ

ਡੇਰੇ ਦਾ ਸ਼ਾਹ ਸਤਨਾਮ ਜੀ ਸ਼ਪੈਸ਼ਲਿਟੀ ਹਸਪਤਾਲ ਖੁੱਲ੍ਹ ਤਾਂ ਗਿਆ ਹੈ, ਪਰ ਹੁਣ ਇਥੇ ਕੁਝ ਕੁ ਲੋਕਾਂ ਨੂੰ ਛੱਡ ਕੇ ਪਹਿਲਾਂ ਵਾਂਗ ਕੋਈ ਮਰੀਜ਼ ਵਿਖਾਈ ਨਹੀਂ ਦਿੰਦਾ । ਹਸਪਤਾਲ 'ਚ ਦਾਖ਼ਲ ਹੁੰਦਿਆਂ ਹੀ ਰਿਸੈਪਸ਼ਨ 'ਤੇ ਕਰਮਚਾਰੀ ਆਪਸ 'ਚ ਗੱਪਸ਼ਪ ਕਰਦੇ ਨਜ਼ਰ ਤਾਂ ਆਉਂਦੇ ਹਨ, ਪਰ ਮਰੀਜ਼ਾਂ ਦੀ ਘਾਟ ਹੈ । ਹਸਪਤਾਲ ਦੀ ਵੱਡੀ ਆਲੀਸ਼ਾਨ ਇਮਾਰਤ ਨੂੰ ਡੇਰਾ ਪ੍ਰਬੰਧਕ ਮੈਡੀਕਲ ਕਾਲਜ ਦਾ ਦਰਜਾ ਦਿਵਾਉਣਾ ਚਾਹੁੰਦੇ ਸਨ ਤੇ ਮੈਡੀਕਲ ਕਾਲਜ ਲਈ ਹਰਿਆਣਾ ਸਰਕਾਰ ਨੇ ਹਾਮੀ ਵੀ ਭਰ ਦਿੱਤੀ ਸੀ, ਪਰ ਡੇਰਾ ਮੁਖੀ ਦੇ ਜੇਲ੍ਹ ਜਾਂਦੇ ਹੀ ਸਾਰੀ ਖੇਡ ਖਤਮ ਹੋ ਗਈ ।




### ਇੱਥੇ ਆਏ ਕਾਰੋਬਾਰੀਆਂ ਦਾ ਧੰਦਾ ਹੋਇਆ ਠੁੱਸ

ਜਿਹੜੇ ਲੋਕ ਕਦੇ ਆਪਣੇ-ਆਪ ਨੂੰ ਰਾਮ ਰਹੀਮ ਦੇ ਵਿਸ਼ਵਾਸਪਾਤਰਾਂ 'ਚ ਦੱਸਿਆ ਕਰਦੇ ਸਨ, ਉਹ ਹੁਣ ਜ਼ਮੀਨਦੋਜ਼ ਹੋ ਗਏ ਹਨ । ਡੇਰੇ 'ਚ ਕੰਮ ਕਰਨ ਵਾਲੇ ਜਿਹੜੇ ਲੋਕ ਆਪਣੇ ਜੱਦੀ-ਪੁਸ਼ਤੀ ਸਥਾਨਾਂ ਤੋਂ ਸਭ ਕੁੱਝ ਵੇਚ ਕੇ ਡੇਰੇ 'ਚ ਸਥਾਈ ਤੌਰ 'ਤੇ ਆ ਕੇ ਵਸੇ ਸਨ, ਹੁਣ ਉਨ੍ਹਾਂ ਨੂੰ ਆਪਣਾ ਭਵਿੱਖ ਹਨੇਰੇ 'ਚ ਨਜ਼ਰ ਆ ਰਿਹਾ ਹੈ । ਉਨ੍ਹਾਂ ਦੇ ਸਾਹਮਣੇ ਆਪਣਾ ਜੀਵਨ ਮੁੜ ਤੋਂ ਸ਼ੁਰੂ ਕਰਨ ਦਾ ਸੰਕਟ ਖੜ੍ਹਾ ਹੋ ਗਿਆ ਹੈ । ਡੇਰੇ ਦੀ ਕਾਲੋਨੀ 'ਚ ਫਲੈਟ ਤੇ ਕੋਠੀਆਂ ਵੀ ਅੱਜ-ਕੱਲ੍ਹ ਅੱਧੀਆਂ ਤੋਂ ਵੱਧ ਖਾਲੀ ਨਜ਼ਰ ਆ ਰਹੀਆਂ ਹਨ।

### ਜਾਂਚ ਤੇ ਛਾਪਿਆਂ ਨੇ ਪ੍ਰੇਸ਼ਾਨੀਆਂ ਵਧਾਈਆਂ

ਦੂਜੇ ਪਾਸੇ ਡੇਰੇ ਦੇ ਖ਼ਾਤੇ ਬੰਦ ਹੋਣ ਤੇ ਸਭ ਸੰਸਥਾਨਾਂ ਦੀਆਂ ਹੁਣ ਤੱਕ ਦੀਆਂ ਗਤੀਵਿਧੀਆਂ ਤੇ ਉਨ੍ਹਾਂ ਦੇ ਲੈਣ-ਦੇਣ ਦੀ ਜਾਂਚ ਆਮਦਨ ਕਰ ਵਿਭਾਗ ਤੇ ਈ. ਡੀ. ਵਲੋਂ ਸ਼ੁਰੂ ਕੀਤੇ ਜਾਣ ਨਾਲ ਉਨ੍ਹਾਂ ਸੰਸਥਾਵਾਂ ਦਾ ਕੰਮਕਾਜ ਦੇਖ ਰਹੇ ਲੋਕਾਂ ਦੇ ਸਾਹਮਣੇ ਕਈ ਹੋਰ ਮੁਸ਼ਕਿਲਾਂ ਆ ਖੜ੍ਹੀਆਂ ਹੋਈਆਂ ਹਨ । ਡੇਰੇ ਦੀ ਅਖ਼ਬਾਰ ਲਈ ਵੀ ਪ੍ਰੇਮੀਆਂ ਤੋਂ 6-6 ਮਹੀਨੇ ਦਾ ਇਕੱਠਾ ਚੰਦਾ ਲਿਆ ਜਾਂਦਾ ਸੀ, ਪਰ ਹੁਣ ਸਿਰਸਾ 'ਚ ਛਪਾਈ ਬੰਦ ਹੋਣ ਨਾਲ ਉਨ੍ਹਾਂ ਨੂੰ ਅਖ਼ਬਾਰ ਨਹੀਂ ਮਿਲ ਰਿਹਾ । ਪੁਲਿਸ ਵਲੋਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਦੀ ਦਹਿਸ਼ਤ ਵੀ ਉਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਸਾਫ਼ ਦਿਖਾਈ ਦੇ ਰਹੀ ਹੈ । ਡੇਰੇ ਤੇ ਰਾਮ ਰਹੀਮ ਦਾ ਭਵਿੱਖ ਕੀ ਹੋਵੇਗਾ ਇਹ ਤਾਂ ਭਵਿੱਖ 'ਚ ਹੀ ਪਤਾ ਲੱਗੇਗਾ, ਪਰ ਡੇਰੇ ਦੇ ਜ਼ਿਆਦਾਤਰ ਸੰਸਥਾਨਾਂ ਦੇ ਬੰਦ ਹੋਣ ਨਾਲ ਉਨ੍ਹਾਂ ਸੰਸਥਾਨਾਂ 'ਚ ਕਾਰਜਸ਼ੀਲ ਹਜ਼ਾਰਾਂ ਲੋਕ ਜ਼ਰੂਰ ਸੜਕ 'ਤੇ ਆ ਗਏ ਹਨ ।

### ਬਾਬੇ ਦੀ ਫਿਲਮਨਗਰੀ ਦਾ ਬੁਰਾ ਹਾਲ

ਡੇਰਾ ਮੁਖੀ ਪਿਛਲੇ ਕਈ ਸਾਲਾਂ ਤੋਂ ਇਕ ਤੋਂ ਬਾਅਦ ਇਕ ਫ਼ਿਲਮ ਦਾ ਨਿਰਮਾਣ ਕਰਨ 'ਚ ਲੱਗਾ ਹੋਇਆ ਸੀ ਜਿਸ ਲਈ ਉਸ ਨੇ ਦੱਖਣੀ ਸੂਬਿਆਂ ਤੋਂ ਪੱਕੇ ਤੌਰ 'ਤੇ ਇੱਥੇ ਲਿਆ ਕੇ ਇਕ ਪ੍ਰੋਡਕਸ਼ਨ ਯੂਨਿਟ ਵੀ ਤਿਆਰ ਕੀਤੀ ਸੀ ਜਿਸ 'ਚ ਤਕਨੀਕੀ ਮਾਹਰਾਂ ਦੀ ਟੀਮ ਵੀ ਸ਼ਾਮਿਲ ਸੀ ਤੇ ਡੇਰੇ ਦੇ ਨਾਲ ਹੀ ਵਿਸ਼ਾਲ ਸਟੂਡੀਓ ਦਾ ਵੀ ਇੰਤਜ਼ਾਮ ਕੀਤਾ ਗਿਆ ਸੀ । ਰਾਮ ਰਹੀਮ ਦੇ ਜੇਲ੍ਹ ਜਾਂਦਿਆਂ ਹੀ ਨਾ ਸਿਰਫ਼ ਡੇਰੇ ਦੀ ਰੌਣਕ ਾਇਬ ਹੋ ਗਈ, ਸਗੋਂ ਡੇਰੇ ਦੇ ਜ਼ਿਆਦਾਤਰ ਸੰਸਥਾਨਾਂ, ਬੇਕਰੀ, ਫ਼ੈਕਟਰੀ, ਕਾਰਖ਼ਾਨੇ, ਪ੍ਰਿੰਟਿੰਗ ਪ੍ਰੈੱਸ, ਫ਼ਿਲਮ ਪ੍ਰੋਡਕਸ਼ਨ ਯੂਨਿਟ, ਫਾਰਮੇਸੀ, ਸ਼ਾਪਿੰਗ ਮਾਲ, ਸਿਨੇਮਾ, ਬਾਜ਼ਾਰ ਦੀਆਂ ਜ਼ਿਆਦਾਤਰ ਦੁਕਾਨਾਂ ਤੇ ਡੇਰੇ ਨਾਲ ਜੁੜੇ ਸੰਸਥਾਨ ਬੰਦ ਹੋ ਗਏ, ਜਿਸ ਕਾਰਨ ਤਕਨੀਕੀ ਸਟਾਫ਼ ਤੇ ਸਹਾਇਕ ਕਲਾਕਾਰ ਬੇਰੁਜ਼ਗਾਰ ਹੁੰਦੇ ਹੀ ਵਾਪਸ ਆਪਣੇ ਘਰਾਂ ਨੂੰ ਚਲੇ ਗਏ ਹਨ ।

**ਬੇਰੁਜ਼ਗਾਰ ਹੋਏ ਭਾਲ ਨੇ ਰਹੇ ਕੰਮ :** ਜਿਹੜੀਆਂ ਦੁਕਾਨਾਂ ਜਾਂ ਸੰਸਥਾਨ ਖੁੱਲ੍ਹ ਵੀ ਗਏ ਹਨ ਉੱਥੇ ਵੀ 80 ਫ਼ੀਸਦੀ ਕਰਮਚਾਰੀਆਂ ਦੀ ਛੁੱਟੀ ਕਰ ਦਿੱਤੀ ਗਈ ਹੈ । ਹੁਣ ਜ਼ਿਆਦਾਤਰ ਸੰਸਥਾਨ ਬੰਦ ਹੋਣ ਤੇ ਡੇਰੇ 'ਚ ਪ੍ਰੇਮੀਆਂ ਦੇ ਨਾ ਆਉਣ ਨਾਲ ਸੜਕ 'ਤੇ ਆ ਚੁੱਕੇ ਹਜ਼ਾਰਾਂ ਲੋਕ ਆਪਣਾ ਘਰ ਚਲਾਉਣ ਲਈ ਹੁਣ ਰੁਜ਼ਗਾਰ ਦੀ ਤਲਾਸ਼ 'ਚ ਇੱਧਰ-ਉੱਧਰ ਭਟਕ ਰਹੇ ਹਨ ।

### ਡੇਰਾ ਪ੍ਰਬੰਧਕ ਲੈਂਦੇ ਸੀ ਮੁਨਾਫ਼ੇ ਚੋਂ ਵੱਡਾ ਹਿੱਸਾ

ਡੇਰੇ ਦੀਆਂ ਦੁਕਾਨਾਂ ਤੇ ਕਈ ਸੰਸਥਾਨ ਡੇਰੇ ਦੇ ਪੁਰਾਣੇ ਪ੍ਰੇਮੀਆਂ ਨੂੰ ਹਿੱਸੇਦਾਰੀ 'ਤੇ ਦਿੱਤੇ ਗਏ ਸਨ । ਮਤਲਬ ਦੁਕਾਨਾਂ ਤੇ ਸੰਸਥਾਨ ਡੇਰੇ ਦੇ ਸਨ ਤੇ ਉਨ੍ਹਾਂ 'ਚ ਸਾਮਾਨ ਪਾਉਣ ਤੇ ਚਲਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਪ੍ਰੇਮੀਆਂ ਨੂੰ ਦਿੱਤੀ ਗਈ ਸੀ । ਮੁਨਾਫ਼ੇ 'ਚ ਦੁਕਾਨਾਂ ਤੇ ਸੰਸਥਾਨ ਚਲਾਉਣ ਵਾਲੇ ਪ੍ਰੇਮੀਆਂ ਨੂੰ ਕੁੱਝ ਫ਼ੀਸਦੀ ਮੁਨਾਫ਼ਾ ਦੇਣ ਤੋਂ ਬਾਅਦ ਬਾਕੀ ਦਾ ਸਾਰਾ ਮੁਨਾਫ਼ਾ ਡੇਰਾ ਪ੍ਰਬੰਧਕਾਂ ਕੋਲ ਜਾਂਦਾ ਸੀ । ਹੁਣ ਇਨ੍ਹਾਂ ਸੰਸਥਾਨਾਂ 'ਚ ਕੰਮ ਕਰਨ ਵਾਲੇ ਇੱਕਾ-ਦੁੱਕਾ ਕਰਮਚਾਰੀਆਂ ਦੀ ਤਨਖ਼ਾਹ ਤੇ ਬਿਜਲੀ ਦੇ ਬਿੱਲਾਂ ਦਾ ਖ਼ਰਚਾ ਕੱਢਣਾ ਵੀ ਮੁਸ਼ਕਿਲ ਹੋ ਗਿਆ ਹੈ ।

### ਆਯੁਰਵੇਦ ਫਾਰਮੇਸੀ ਨੂੰ ਵੱਜੇ ਜਿੰਦਰੇ

ਡੇਰੇ ਦੀ ਸੱਤਿਆ ਆਯੁਰਵੇਦ ਫਾਰਮੇਸੀ ਦੇ ਬਹੁ-ਮੰਜ਼ਿਲਾ ਭਵਨ 'ਤੇ ਵੀ ਤਾਲਾ ਲੱਗ ਗਿਆ ਹੈ। ਫਾਰਮੇਸੀ 'ਤੇ ਡੇਰਾ ਮੁਖੀ ਦੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਪਹਿਲਾਂ ਮਨਾਏ ਗਏ ਉਨ੍ਹਾਂ ਦੇ 50ਵੇਂ ਜਨਮ ਦਿਨ ਦੀ ਵਧਾਈ ਦਾ ਵਿਸ਼ਾਲ ਬੋਰਡ ਵੀ ਲੱਗਾ ਹੋਇਆ ਹੈ। ਇਸ ਰਸਤੇ 'ਤੇ ਕੰਡਿਆਲੀ ਤਾਰ ਤੋਂ ਪਾਰ ਗੁਰਮੀਤ ਰਾਮ ਰਹੀਮ ਦੇ ਨਿਵਾਸ ਨੂੰ ਜਾਣ ਵਾਲੇ ਸਾਰੇ ਰਸਤੇ ਬੰਦ ਪਏ ਹਨ, ਹੁਣ ਇਸ ਪਾਸੇ ਕੋਈ ਵੀ ਆਉਂਦਾ-ਜਾਂਦਾ ਨਹੀਂ। ਗੁਰਮੀਤ ਰਾਮ ਰਹੀਮ ਦੇ ਬੇਟੇ ਜਸਮੀਤ ਦਾ ਪੁਰਾਣਾ ਘਰ ਵੀ ਬੰਦ ਪਿਆ ਹੈ। ਡੇਰੇ ਦੇ ਸਕੂਲ ਤੇ ਕਾਲਜ 'ਚ ਪਹਿਲਾਂ ਵਾਂਗ ਵਿਦਿਆਰਥੀ ਆ ਰਹੇ ਹਨ ਕਿਉਂਕਿ ਉਨ੍ਹਾਂ ਦੇ ਪਰਿਵਾਰ ਕੋਲ ਸੈਸ਼ਨ ਦੇ ਅੱਧ-ਵਿਚਾਲੇ ਕਿਤੇ ਹੋਰ ਦਾਖਲਾ ਦਿਵਾਉਣ ਦਾ ਕੋਈ ਬਦਲ ਨਹੀਂ ਸੀ, ਪਰ ਹੋਸਟਲਾਂ ਤੋਂ ਕਾਫੀ ਬੱਚੇ ਘਰਾਂ ਨੂੰ ਚਲੇ ਗਏ ਹਨ। **(ਰੋਜ਼ਾਨਾ ਅਜੀਤ ਤੋਂ ਧੰਨਵਾਦ ਸਹਿਤ)**



## ਸੌਦਾ ਸਾਧ ਦੀ ਪਰੀ ਹਨੀਪ੍ਰੀਤ ਦਾ ਅਦਾਲਤੀ ਰਿਮਾਂਡ ਵਧਾਇਆ

**ਪੰਚਕੂਲਾ/ਬਿਊਰੋ ਨਿਊਜ਼:** ਡੇਰਾ ਸਿਰਸਾ ਮੁਖੀ ਦੀ ਗੋਦ ਲਈ ਧੀ ਹਨੀਪ੍ਰੀਤ ਨੇ ਸ਼ੁਕਰਵਾਰ ਨੂੰ ਅੰਬਾਲਾ ਜੇਲ੍ਹ ਤੋਂ ਪੰਚਕੂਲਾ ਅਦਾਲਤ ਵਿੱਚ ਵੀਡੀਓ ਕਾਨਫਰੰਸਿੰਗ ਜ਼ਰੀਏ ਪੇਸ਼ੀ ਭੁਗਤੀ। ਅੱਜ ਹੋਈ ਪੇਸ਼ੀ ਵਿੱਚ ਅਦਾਲਤ ਵੱਲੋਂ ਉਸ ਦੀ ਨਿਆਂਇਕ ਹਿਰਾਸਤ ਨੂੰ 7 ਦਸੰਬਰ ਤੱਕ ਹੋਰ ਅੱਗੇ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਅਦਾਲਤ ਵੱਲੋਂ ਇਹ ਵੀ ਆਦੇਸ਼ ਦਿੱਤੇ ਗਏ ਹਨ ਕਿ ਮਾਮਲੇ ਦੀ 7 ਦਸੰਬਰ ਨੂੰ ਹੋਣ ਵਾਲੀ ਸੁਣਵਾਈ ਦੌਰਾਨ ਹਨੀਪ੍ਰੀਤ ਨੂੰ ਵਿਅਕਤੀਗਤ ਰੂਪ ਵਿੱਚ ਪੰਚਕੂਲਾ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। 7 ਦਸੰਬਰ ਨੂੰ ਹੋਣ ਵਾਲੀ ਸੁਣਵਾਈ ਦੌਰਾਨ ਹਨੀਪ੍ਰੀਤ ਨੂੰ ਪੁਲੀਸ ਵੱਲੋਂ ਉਸਦੇ ਖਿਲਾਫ ਪੇਸ਼ ਕੀਤੇ ਗਏ ਚਲਾਨ ਦੀ ਕਾਪੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਬੀਤੀ 28 ਨਵੰਬਰ ਨੂੰ ਐਸ.ਆਈ.ਟੀ. ਵੱਲੋਂ ਇਸ



ਮਾਮਲੇ ਵਿੱਚ ਹਨੀਪ੍ਰੀਤ ਦੇ ਖਿਲਾਫ 1200 ਸਫ਼ਿਆਂ ਦੀ ਚਾਰਜਸ਼ੀਟ ਫਾਈਲ ਕੀਤੀ ਗਈ ਸੀ। ਚਾਰਜਸ਼ੀਟ ਵਿੱਚ ਲਗਪਗ 67 ਲੋਕਾਂ ਨੂੰ ਗਵਾਹ ਬਣਾਇਆ ਗਿਆ ਹੈ। ਇੱਥੇ ਵਰਣਨਯੋਗ ਹੈ ਕਿ ਪੁਲੀਸ ਰਿਮਾਂਡ ਦੌਰਾਨ ਹਨੀਪ੍ਰੀਤ ਨੇ ਇਹ ਗੱਲ ਕਬੂਲੀ ਸੀ ਕਿ ਉਹ ਦੰਗਿਆਂ ਵਿੱਚ ਅਤੇ ਦੰਗਿਆਂ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ।

## ਸੌਦਾ ਸਾਧ ਨੂੰ ਸਜ਼ਾ ਬਾਅਦ ਸਾੜ ਫੂਕ ਦੇ ਕੇਸਾਂ 'ਚ ਡੇਰਾ ਪ੍ਰੇਮੀਆਂ ਖ਼ਿਲਾਫ਼ 25 ਗਵਾਹ ਮੈਦਾਨ 'ਚ ਨਿੱਤਰੇ

**ਮਾਨਸਾ/ਬਿਊਰੋ ਨਿਊਜ਼:** ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸੀਬੀਆਈ ਦੀ ਪੰਚਕੂਲਾ ਸਥਿਤ ਅਦਾਲਤ ਵੱਲੋਂ 25 ਅਗਸਤ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਮਾਨਸਾ ਵਿੱਚ ਵਾਪਰੀਆਂ ਸਾੜ-ਫੂਕ ਦੀਆਂ ਘਟਨਾਵਾਂ ਸਬੰਧੀ ਥਾਣਾ ਸਿਟੀ-2 ਮਾਨਸਾ ਵਿੱਚ ਦਰਜ ਕੀਤੇ ਗਏ ਮੁਕੱਦਮੇ ਵਿਚ ਨਾਮਜ਼ਦ ਕਥਿਤ 31 ਦੋਸ਼ੀ ਡੇਰਾ ਪ੍ਰੇਮੀਆਂ ਖਿਲਾਫ 25 ਗਵਾਹ ਅਦਾਲਤ ਵਿੱਚ ਆਪਣੀ ਗਵਾਹੀ ਦਰਜ ਕਰਵਾਉਣਗੇ। ਇਸ ਸਬੰਧੀ ਪੁਲੀਸ ਵੱਲੋਂ ਪੇਸ਼ ਕੀਤੇ ਗਏ ਚਲਾਨ ਵਿੱਚ ਹੋਰ ਕਈ ਅਹਿਮ ਪ੍ਰਗਟਾਵੇ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ।

25 ਅਗਸਤ ਨੂੰ ਮਾਨਸਾ ਦੇ ਇਨਕਮ ਟੈਕਸ ਦਫਤਰ ਵਿੱਚ ਖੜ੍ਹੀਆਂ ਦੋ ਕਾਰਾਂ ਸਵਿੱਫਟ ਡੀਜ਼ਾਇਰ ਪੀਬੀ 31 ਆਰ -0124 ਅਤੇ ਡੀਐਲ 4 ਸੀਏਐਸ -7329 ਨੂੰ

**ਬਾਕੀ ਸਫ਼ਾ 30 'ਤੇ**

## ਜੇਲ੍ਹ ਅਧਿਕਾਰੀਆਂ ਤੇ ਸਮਗਲਰਾਂ ਦੀ 'ਜੁਗਲਬੰਦੀ'

**ਚੰਡੀਗੜ੍ਹ/ਬਿਊਰੋ ਨਿਊਜ਼ :** ਜੇਲ੍ਹ ਅਧਿਕਾਰੀਆਂ ਅਤੇ ਬੰਦੀਆਂ ਦੀ ਜੁਗਲਬੰਦੀ' ਦਾ ਕੇਸ ਸਾਹਮਣੇ ਆਇਆ ਹੈ। ਇਕ ਜੇਲ੍ਹ ਅਧਿਕਾਰੀ ਵੱਲੋਂ ਭ੍ਰਿਸ਼ਟਾਚਾਰ ਵਾਲੀ ਮਾਇਆ ਲਈ ਇਕ ਕੈਦੀ ਦੇ ਪਿਤਾ ਦਾ ਬੈਂਕ ਖਾਤਾ ਵਰਤਣ ਬਾਰੇ ਪਤਾ ਲੱਗਾ ਹੈ। ਇਹ ਕਮਾਈ ਇਸ ਅਧਿਕਾਰੀ ਤੇ ਕੈਦੀ ਵੱਲੋਂ ਫ਼ਰੀਦਕੋਟ ਜੇਲ੍ਹ ਵਿੱਚ ਨਸ਼ਿਆਂ ਦੀ ਤਸਕਰੀ ਨਾਲ ਕੀਤੀ ਸੀ।

ਸਹਾਇਕ ਸੁਪਰਡੈਂਟ (ਜੇਲ੍ਹ) ਕਰਮਜੀਤ ਭੁੱਲਰ ਖ਼ਿਲਾਫ਼ ਬੈਂਕ ਖਾਤਾ ਖੁੱਲਵਾਉਣ ਅਤੇ ਇਸ ਦੀ ਨਿਗਰਾਨੀ ਕਰਨ ਸਬੰਧੀ ਦੋਸ਼ ਆਇਦ ਹੋਏ ਹਨ। ਜਸਟਿਸ (ਰਿਟਾ.) ਐਮ ਐਸ ਰੱਤੂ ਨੇ ਪੜਤਾਲ ਵਿੱਚ ਪਾਇਆ ਕਿ ਇਸ ਅਧਿਕਾਰੀ ਨੇ ਨਸ਼ਾ ਤਸਕਰ ਪ੍ਰਗਟ ਸਿੰਘ ਨਾਲ ਮਿਲ ਕੇ ਉਸ ਦੇ ਪਿਤਾ ਗੁਰਦੇਵ ਸਿੰਘ ਦੇ ਨਾਂ ਉਤੇ ਖਾਤਾ ਖੋਲ੍ਹਿਆ। ਉਹ ਜੇਲ੍ਹ ਅੰਦਰ ਨਸ਼ੇ ਵੇਚਦੇ ਸਨ ਅਤੇ ਇਸ ਖਾਤੇ 'ਚ ਸਿੱਧੇ ਪੈਸੇ ਪੈਂਦੇ ਸਨ। ਜਾਂਚ ਦੌਰਾਨ ਪਤਾ ਲੱਗਾ ਕਿ ਰਾਜਸਥਾਨ ਤੇ ਪੰਜਾਬ 'ਚ ਕਈ ਥਾਵਾਂ ਤੋਂ ਇਸ ਖਾਤੇ 'ਚ ਰਾਸ਼ੀ ਜਮ੍ਹਾਂ ਹੋਈ ਹੈ। ਗੁਰਦੇਵ ਸਿੰਘ ਇਕ ਗ਼ਰੀਬ ਕਿਸਾਨ ਹੈ ਪਰ ਉਸ ਦੇ ਖਾਤੇ 'ਚੋਂ 5.5 ਲੱਖ ਰੁਪਏ ਮਿਲੇ ਹਨ।

ਇਹ ਸਹਾਇਕ ਜੇਲ੍ਹ ਸੁਪਰਡੈਂਟ ਹਰੇਕ ਜਗ੍ਹਾ ਤਾਇਨਾਤੀ ਸਮੇਂ ਡਿਊਟੀ 'ਚ ਅਣਗਹਿਲੀ ਵਰਤਣ, ਗੈਂਗਸਟਰਾਂ ਤੇ ਤਸਕਰਾਂ ਨਾਲ ਸਾਜ਼ਬਾਜ਼ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਜੇਲ੍ਹ ਵਿਭਾਗ ਇਸ ਨਵੀਂ ਕਾਰਜ ਪ੍ਰਣਾਲੀ ਤੋਂ ਪ੍ਰੇਸ਼ਾਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੋਰ ਅਫ਼ਸਰਾਂ ਵੱਲੋਂ ਵੀ ਇਸ ਤਰ੍ਹਾਂ ਦੇ ਹੱਥ-ਕੰਡੇ ਵਰਤੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਹਨ।



ਏਡੀਜੀਪੀ (ਜੇਲ੍ਹਾਂ) ਆਈਪੀਐਸ ਸਹੋਤਾ ਨੇ ਕਿਹਾ ਕਿ ਇਸ ਅਧਿਕਾਰੀ ਖ਼ਿਲਾਫ਼ ਭ੍ਰਿਸ਼ਟਾਚਾਰ ਤੇ ਤਸਕਰ ਨਾਲ ਮਿਲ ਕੇ ਗਰੋਹ ਚਲਾਉਣ ਦੇ ਦੋਸ਼ ਆਇਦ ਹੋਏ ਹਨ। ਇਸ ਅਧਿਕਾਰੀ ਖ਼ਿਲਾਫ਼ ਜੇਲ੍ਹ 'ਚ ਗੈਂਗਸਟਰਾਂ ਅਤੇ ਤਸਕਰਾਂ ਨਾਲ ਮਿਲਣ ਦੇ ਦੋਸ਼ ਵੀ ਲੱਗੇ ਹਨ। ਜੇਲ੍ਹ ਵਿਭਾਗ ਦੇ ਸੂਤਰਾਂ ਮੁਤਾਬਕ ਇਹ ਇਕਲੌਤਾ ਕੇਸ ਨਹੀਂ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਦੇ ਖੁਫੀਆ ਵਿੰਗ ਨੇ ਇਸ ਅਧਿਕਾਰੀ ਤੇ ਦੋਸ਼ੀ ਦੀਆਂ ਗਤੀਵਿਧੀਆਂ ਅਤੇ ਲੈਣ ਦੇਣ 'ਤੇ ਨਜ਼ਰ ਰੱਖੀ। ਖੁਫੀਆ ਵਿਭਾਗ ਨੇ ਜੇਲ੍ਹ ਵਿਭਾਗ ਨੂੰ ਦੱਸਿਆ ਸੀ ਕਿ ਕਰਮਜੀਤ ਭੁੱਲਰ ਇਹ ਖਾਤਾ ਚਲਾ ਰਿਹਾ ਹੈ ਅਤੇ ਉਸ ਕੋਲ ਏਟੀਐਮ ਕਾਰਡ ਵੀ ਹੈ।

# ਹਿੰਦ-ਪ੍ਰਸ਼ਾਂਤ ਸਹਿਯੋਗ ਕਿੰਨਾ ਕੁ ਸਾਰਥਿਕ ?

**ਟਰੰਪ ਨੇ ਭਾਵੇਂ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਕੁਝ ਵਧੇਰੇ ਹੀ ਤਾਰੀਫ਼ ਕਰਦਿਆਂ ਜ਼ੋਰਦਾਰ ਉਤਸ਼ਾਹ ਵਿਖਾਇਆ ਪਰ ਚੀਨ ਨੇ ਖੁੱਲ੍ਹ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਨਾ ਤਾਂ ਉੱਤਰੀ ਕੋਰੀਆ ਨੂੰ ਅਲੱਗ-ਥਲੱਗ ਕਰੇਗਾ ਤੇ ਨਾ ਹੀ ਉਸ 'ਤੇ ਪਾਬੰਦੀਆਂ ਲਾਵੇਗਾ। ਆਖ਼ਿਰ ਉੱਤਰੀ ਕੋਰੀਆ ਹੀ ਕੋਰਿਆਈ ਪ੍ਰਾਇਦੀਪ 'ਤੇ ਸਰਦਾਰੀ ਕਾਇਮ ਕਰਨ ਦੀਆਂ ਚੀਨ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਇਸ ਤੋਂ ਇਲਾਵਾ ਫ਼ਿਲਪੀਨਜ਼ ਦੇ ਮੂੰਹਫੱਟ ਰਾਸ਼ਟਰਪਤੀ ਡਿਊਟਰਟੀ ਨੇ ਟਰੰਪ ਨਾਲ ਕਾਫ਼ੀ ਖ਼ੁਸ਼ਗਵਾਰ ਮਾਹੌਲ 'ਚ ਗੱਲਬਾਤ ਕੀਤੀ ਤੇ ਅਮਰੀਕਨਾਂ ਨਾਲ ਮਿਲ ਕੇ ਅੱਗੇ ਵਧਣ ਦਾ ਇਰਾਦਾ ਵੀ ਕੀਤਾ ਹੈ ਪਰ ਇਸ ਦੇ ਨਾਲ ਹੀ ਉਹ ਅਜਿਹੀ ਕਿਸੇ ਵੀ ਸਰਗਰਮੀ 'ਚ ਸ਼ਾਮਲ ਹੋਣ ਤੋਂ ਬਚਦੇ ਰਹੇ ਕਿ ਤਾਂ ਜੋ ਚੀਨ ਕਿਤੇ ਗੁੱਸਾ ਨਾ ਕਰ ਲਵੇ।**

**ਜੀ. ਪਾਰਥਾਸਾਰਥੀ***

ਪਿਛਲੇ ਮਹੀਨੇ ਕੂਟਨੀਤਕ ਗਤੀਵਿਧੀਆਂ ਦਾ ਕਾਫ਼ੀ ਜ਼ੋਰ ਰਿਹਾ। 'ਪੂਰਬ ਦਾ ਧਿਆਨ ਧਰਨ' ਦੀਆਂ ਨੀਤੀਆਂ ਅਧੀਨ ਭਾਰਤ ਵੱਲੋਂ



ਖਾੜੀ ਬੰਗਾਲ ਤੋਂ ਲੈ ਕੇ ਦੱਖਣੀ ਚੀਨ ਸਾਗਰ ਤਕ ਦੇ ਸਾਹਿਲੀ ਦੇਸ਼ਾਂ ਨਾਲ ਗੱਲਬਾਤ ਚੱਲੀ ਤੇ ਹੋਰ ਗਤੀਵਿਧੀਆਂ ਵਿੱਚ ਸ਼ਮੂਲੀਅਤ ਹੁੰਦੀ ਰਹੀ। ਚੀਨ ਨੇ ਕੌਮਾਂਤਰੀ ਕਾਨੂੰਨਾਂ ਤੇ ਰਵਾਇਤਾਂ ਦੀ ਉਲੰਘਣਾ ਕਰਦਿਆਂ ਵੀਅਤਨਾਮ, ਜਾਪਾਨ, ਫ਼ਿਲਪੀਨਜ਼, ਮਲੇਸ਼ੀਆ, ਬਰੂਨੇਈ ਤੇ ਇੰਡੋਨੇਸ਼ੀਆ ਜਿਹੇ ਗੁਆਂਢੀ ਦੇਸ਼ਾਂ ਤੋਂ ਤਾਕਤ ਦੇ ਜ਼ੋਰ ਨਾਲ ਜ਼ਬਰਦਸਤੀ ਅਨੇਕਾਂ ਟਾਪੂਆਂ ਉੱਤੇ ਜਾਂ ਤਾਂ ਆਪਣਾ ਕਬਜ਼ਾ ਜਮਾ ਲਿਆ ਤੇ ਜਾਂ ਉਨ੍ਹਾਂ ਨੂੰ ਆਪਣੇ ਲਈ ਵਰਤਣਾ ਸ਼ੁਰੂ ਕਰ ਦਿੱਤਾ। ਦੁਨੀਆਂ ਨੇ ਅਮਰੀਕਾ ਦੀ ਕੁਝ ਅਨਾੜੀ ਕਿਸਮ ਦੀ ਕੂਟਨੀਤੀ ਵੀ ਵੇਖੀ: ਅਮਰੀਕਾ ਨੇ ਦੱਖਣੀ ਕੋਰੀਆ ਨਾਲ ਮਿਲ ਕੇ ਉੱਤਰੀ ਕੋਰੀਆ 'ਤੇ ਦਬਾਅ ਪਾਉਣ ਦੇ ਮੰਤਵ ਨਾਲ ਕੋਰੀਅਨ ਸਾਗਰ ਵਿੱਚ ਜੰਗੀ ਮਸ਼ਕਾਂ ਵੀ ਚਲਾਈਆਂ। ਇਨ੍ਹਾਂ ਦਾ ਮੰਤਵ ਉੱਤਰੀ ਕੋਰੀਆ ਨੂੰ ਬੈਲਿਸਟਿਕ ਮਿਸਾਈਲਾਂ ਤੇ ਪਰਮਾਣੂ ਹਥਿਆਰਾਂ ਦੀਆਂ ਆਪਣੀਆਂ ਸਮਰੱਥਾਵਾਂ ਵਿਕਸਤ ਕਰਨ ਤੋਂ ਵਰਜਣਾ ਸੀ। ਆਪਣੀ ਪਹਿਲੀ ਲੰਮੇਰੀ ਵਿਦੇਸ਼ ਫ਼ੇਰੀ ਦੌਰਾਨ ਰਾਸ਼ਟਰਪਤੀ ਡੋਨਲਡ ਟਰੰਪ ਨੇ ਜਾਪਾਨ, ਦੱਖਣੀ ਕੋਰੀਆ, ਚੀਨ, ਵੀਅਤਨਾਮ ਤੇ ਫ਼ਿਲਪੀਨਜ਼ ਦਾ ਦੌਰਾ ਕੀਤਾ। ਹੈਨੋਈ ਤੇ ਮਨੀਲਾ 'ਚ ਉਨ੍ਹਾਂ ਨੇ 'ਏਪੇਕ' ਅਤੇ 'ਆਸੀਆਨ' ਕੇਂਦ੍ਰਿਤ ਪੂਰਬੀ ਏਸ਼ੀਆ ਸਿਖ਼ਰ ਸੰਮੇਲਨ ਨਾਲ ਸਬੰਧਤ ਬਹੁ-ਮੁਲਕੀ ਮੀਟਿੰਗਾਂ ਵਿੱਚ ਭਾਗ ਲਿਆ। ਮਨੀਲਾ 'ਚ ਟਰੰਪ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇੱਕ ਲਾਹੇਵੰਦ ਦੁਵੱਲੀ ਮੁਲਾਕਾਤ ਕਰਨ ਦਾ ਵੀ ਮੌਕਾ ਮਿਲਿਆ। ਸ੍ਰੀ ਮੋਦੀ ਖ਼ਾਸ ਤੌਰ 'ਤੇ ਆਸੀਆਨ ਆਗੂਆਂ ਨੂੰ ਮਿਲਣ ਲਈ ਉੱਥੇ ਪੁੱਜੇ ਸਨ ਤੇ ਉਨ੍ਹਾਂ ਸਾਰੇ ਆਗੂਆਂ ਨੂੰ 2018 ਦੇ ਗਣਤੰਤਰ ਦਿਵਸ ਮੌਕੇ ਦਿੱਲੀ ਵਿੱਚ ਸਿਖ਼ਰ ਸੰਮੇਲਨ ਪੱਧਰ ਦੀ ਮੁਲਾਕਾਤ ਕਰਨ ਦਾ ਸੱਦਾ ਦਿੱਤਾ। ਸ੍ਰੀ ਮੋਦੀ ਨੇ ਬਹੁਤ ਸਮੇਂ ਸਿਰ ਇਹ ਪਹਿਲਕਦਮੀ ਕੀਤੀ ਹੈ ਕਿਉਂਕਿ 'ਆਸੀਆਨ' 'ਚ ਸਥਿਤੀ ਇਸ ਵੇਲੇ ਬੇਹੱਦ ਤਣਾਅਪੂਰਨ ਬਣੀ ਹੋਈ ਹੈ। ਇਸ ਜਥੇਬੰਦੀ 'ਚ ਸ਼ਾਮਲ ਦੇਸ਼ਾਂ ਵਿੱਚ ਇਸ ਮਾਮਲੇ ਆਪਸੀ ਮਤਭੇਦ ਵੀ ਉਜਾਗਰ ਹੋ ਰਹੇ ਹਨ ਕਿ ਦਿਨ-ਬ-ਦਿਨ ਮਜ਼ਬੂਤ ਹੁੰਦੇ ਜਾ ਰਹੇ ਚੀਨ ਨਾਲ ਕਿਵੇਂ ਨਿਪਟਿਆ ਜਾਵੇ, ਜੋ 'ਆਸੀਆਨ' ਦੇ ਮੈਂਬਰ ਦੇਸ਼ਾਂ ਨੂੰ ਨਿਵੇਸ਼ ਤੇ ਕਾਰੋਬਾਰ ਦੇ ਵੱਡੇ ਮੌਕੇ ਮੁਹੱਈਆ ਕਰਵਾ ਰਿਹਾ ਹੈ। ਇਸ ਵੇਲੇ ਹਾਲਾਤ ਇਹ ਬਣੇ ਹੋਏ ਹਨ ਕਿ ਡੋਨਲਡ ਟਰੰਪ 'ਅਮਰੀਕਾ ਪਹਿਲਾਂ' ਦੀਆਂ ਨੀਤੀਆਂ 'ਤੇ ਚੱਲਦੇ ਹੋਏ ਪ੍ਰਸ਼ਾਂਤ ਮਹਾਂਸਾਗਰ ਪਾਰ ਦੀਆਂ ਭਾਈਵਾਲੀਆਂ ਤੋਂ ਪੈਰ ਪਿਛਾਂਹ ਖਿੱਚਦੇ ਜਾ ਰਹੇ ਹਨ ਅਤੇ ਆਸੀਅਨ ਦੇਸ਼ਾਂ ਨਾਲ ਆਰਥਿਕ ਸਹਿਯੋਗ ਤੇ ਏਕਤਾ ਦੀਆਂ ਸੰਭਾਵਨਾਵਾਂ ਦਾ ਕੋਈ ਲਾਹਾ ਨਹੀਂ ਲੈਣਾ ਚਾਹੁੰਦੇ, ਇਸ ਨਾਲ ਇਸ ਖੇਤਰ ਵਿੱਚ ਚੀਨ ਦਾ ਦਬਦਬਾ ਕਾਇਮ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ।

ਮਨੀਲਾ ਸਿਖ਼ਰ ਸੰਮੇਲਨ ਦੌਰਾਨ ਚਾਰ ਦੇਸ਼ਾਂ ਭਾਰਤ, ਜਾਪਾਨ, ਆਸਟਰੇਲੀਆ ਤੇ ਅਮਰੀਕਾ (ਇਹ ਚਾਰੇ ਦੇਸ਼ 'ਚੌਕੜੀ' ਦੇ ਨਾਂਅ ਨਾਲ ਮਸ਼ਹੂਰ ਹਨ) ਦੀ ਮੀਟਿੰਗ ਹੋਈ ਜਿਸ ਦੌਰਾਨ 'ਹਿੰਦ-ਪ੍ਰਸ਼ਾਂਤ ਖੇਤਰ' ਦੇ ਦੇਸ਼ਾਂ ਵਿਚਾਲੇ ਸਮੁੰਦਰੀ ਤੇ ਖੇਤਰੀ ਆਰਥਿਕ ਸਹਿਯੋਗ ਵਧਾਉਣ ਜਿਹੇ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਹੋਇਆ। ਇਹ ਖੇਤਰ ਅਦਨ ਦੀ ਖਾੜੀ, ਜਿੱਥੇ ਜਿਬੂਟੀ ਵਿਖੇ ਚੀਨ ਦਾ ਇੱਕ ਮੁਕੰਮਲ ਫ਼ੌਜੀ ਅੱਡਾ ਹੈ, ਤੋਂ ਲੈ ਕੇ ਦੱਖਣੀ ਚੀਨ ਦੇ ਸਮੁੰਦਰ ਤੱਕ ਫੈਲਿਆ ਹੋਇਆ ਹੈ ਤੇ 'ਚਹੁੰਕੂਟੀ ਦੇਸ਼ਾਂ' ਲਈ ਇਹ ਰੂਟ ਬੇਹੱਦ ਅਹਿਮ ਹੈ ਕਿਉਂਕਿ ਉਹ ਇਸੇ ਰੂਟ ਤੋਂ ਹੀ ਸਾਰਾ ਅਹਿਮ ਕਾਰੋਬਾਰ ਕਰਦੇ ਹਨ। ਚੀਨ ਨੇ ਇਸ 'ਚੌਕੜੀ'



ਉੱਤੇ ਚਿੰਤਾ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਮਨੀਲਾ 'ਚ ਹੋਈ ਇਕ ਅਧਿਕਾਰਤ ਮੀਟਿੰਗ ਮੌਕੇ ਕੋਈ ਸਾਂਝਾ ਬਿਆਨ ਜਾਰੀ ਨਹੀਂ ਕੀਤਾ ਗਿਆ। ਉਂਜ, ਇਹ ਸਪੱਸ਼ਟ ਸੀ ਕਿ ਖੇਤਰੀ ਪੱਧਰ 'ਤੇ ਆਪਸ ਵਿੱਚ ਜੁੜਨ, ਕੌਮਾਂਤਰੀ ਨੇਮਾਂ ਦੇ ਸਤਿਕਾਰ, ਸਮੁੰਦਰੀ ਸੁਰੱਖਿਆ ਤੇ ਸਮੁੰਦਰ 'ਚ ਆਉਣ-ਜਾਣ ਦੀ ਆਜ਼ਾਦੀ ਜਿਹੇ ਮਾਮਲਿਆਂ 'ਤੇ ਚਾਰੇ ਦੇਸ਼ਾਂ ਦੇ ਵਿਚਾਰ ਇੱਕੋ ਜਿਹੇ ਸਨ। ਇਸ ਮੌਕੇ ਸਪੱਸ਼ਟ ਤੌਰ 'ਤੇ ਅਜਿਹੀ ਇੱਛਾ ਵਿਖਾਈ ਦੇ ਰਹੀ ਸੀ ਕਿ ਸਮੁੰਦਰ 'ਚ ਆਉਣ-ਜਾਣ, ਦੂਜੇ ਦੇਸ਼ ਉੱਪਰੋਂ ਦੀ ਹਵਾਈ ਉਡਾਣਾਂ ਲੰਘਾਉਣ ਤੇ ਸਮੁੰਦਰੀ ਸਰਹੱਦਾਂ ਦੀ ਆਜ਼ਾਦੀ ਦੇ ਮੁੱਦਿਆਂ 'ਤੇ ਚੀਨ ਦੇ ਦਬਦਬੇ ਅਤੇ ਕੌਮਾਂਤਰੀ ਕਾਨੂੰਨਾਂ ਤੇ ਨੇਮਾਂ ਦੀ ਪਾਲਣਾ ਨਾ ਕਰਨ ਵਿਚਾਲੇ ਸੰਤੁਲਨ ਕਾਇਮ ਰੱਖਿਆ ਜਾਵੇ ਅਤੇ ਚੀਨ ਨੂੰ ਨਿਸ਼ਾਨਾ ਬਣਾ ਕੇ ਕੋਈ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਭਾਰਤ ਨਾਲੋਂ ਵੱਧ ਸਿੱਧੇ ਢੰਗ ਨਾਲ ਆਸਟਰੇਲੀਆ ਤੇ ਅਮਰੀਕਾ ਨੇ ਚੀਨ 'ਤੇ ਕਿੰਤੂ-ਪ੍ਰੰਤੂ ਕੀਤੇ ਸਨ। ਅਜਿਹੀਆਂ ਚਤੁਰਾਈਆਂ ਦੇ ਬਾਵਜੂਦ, ਚੀਨੀਆਂ ਨੇ ਬਿਨਾ ਸ਼ੱਕ ਉਨ੍ਹਾਂ ਚਾਰ ਦੇਸ਼ਾਂ ਨਾਲ ਸ਼ੁਰੂਆਤ ਕੀਤੀ ਹੈ, ਜਿਹੜੇ ਬੀਜਿੰਗ ਦੀ ਨਿੱਤ ਵਧਦੀ ਜਾ ਰਹੇ ਖੇਤਰੀ, ਭੂ-ਰਾਜਨੀਤਕ ਮਨਸ਼ਿਆਂ ਤੇ ਦ੍ਰਿੜ੍ਹ ਇਰਾਦਿਆਂ ਦਾ ਸੰਤੁਲਨ ਕਾਇਮ ਕਰ ਰਹੇ ਹਨ।

ਇਸ ਦਿਸ਼ਾ ਵਿੱਚ ਅੱਗੇ ਵਧਦਿਆਂ ਇਹ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਟਰੰਪ ਪ੍ਰਸ਼ਾਸਨ ਦਾ ਵਿਵਹਾਰ ਕੁਝ ਰੁਖਾ ਜਿਹਾ ਹੈ, ਜਿਸ ਤੋਂ ਦੱਖਣੀ ਕੋਰੀਆ ਜਿਹੇ ਉਸ ਦੇ ਨੇੜਲੇ ਭਾਈਵਾਲ ਦੇਸ਼ਾਂ ਨੂੰ ਵੀ ਕੋਈ ਲਾਭ ਮਿਲਦਾ ਵਿਖਾਈ ਨਹੀਂ ਦਿੰਦਾ। ਟਰੰਪ ਦੇ ਦੱਖਣੀ ਕੋਰੀਆ ਦੌਰੇ ਤੋਂ ਐਨ ਪਹਿਲਾਂ ਅਤੇ ਅਮਰੀਕਾ ਵੱਲੋਂ ਵੱਡੇ ਪੱਧਰ 'ਤੇ ਕੀਤੇ ਫ਼ੌਜੀ ਤਾਕਤ ਦੇ ਦਿਖਾਵੇ ਦੇ ਬਾਵਜੂਦ ਦੱਖਣੀ ਕੋਰੀਆ ਆਪਣੀ ਮਰਜ਼ੀ ਦੇ ਉਲਟ ਚੀਨ ਦੇ ਦਬਾਅ ਹੇਠ ਵਿਖਾਈ ਦਿੱਤਾ ਤੇ ਉਸ ਨੇ ਹੋਰ ਵਧੇਰੇ ਅਮਰੀਕੀ ਰੱਖਿਆ ਮਿਸਾਈਲਾਂ ਹਾਸਲ ਕਰਨ ਦਾ ਸੌਦਾ ਤਿਆਗ ਦਿੱਤਾ। ਇਸ ਤੋਂ ਬਾਅਦ ਚੀਨ ਨੇ 16 ਮਹੀਨਿਆਂ ਤੱਕ ਚੱਲਣ ਵਾਲੀਆਂ ਸਖ਼ਤ ਆਰਥਿਕ ਪਾਬੰਦੀਆਂ ਲਾ ਦਿੱਤੀਆਂ, ਜਿਨ੍ਹਾਂ ਕਰ ਕੇ ਸਿਓਲ ਦੀਆਂ ਵੱਡੀਆਂ ਕੰਪਨੀਆਂ ਦੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ, ਇਨ੍ਹਾਂ ਕੰਪਨੀਆਂ ਨੂੰ ਕਿਤੇ ਹੋਰ ਜਾ ਕੇ ਆਪਣੇ ਟਿਕਾਣੇ ਬਣਾਉਣੇ ਪਏ। ਪੇਇਚਿੰਗ ਵੱਲੋਂ ਚੀਨੀ ਸੈਲਾਨੀਆਂ ਦੇ ਦੱਖਣੀ ਕੋਰੀਆ ਜਾਣ 'ਤੇ ਪਾਬੰਦੀ ਲਾ ਦਿੱਤੇ ਜਾਣ ਕਾਰਨ ਸੈਰ-ਸਪਾਟਾ ਉਦਯੋਗ ਤੋਂ ਹੋਣ ਵਾਲੀ 15 ਅਰਬ ਡਾਲਰ ਦੀ ਆਮਦਨ ਦਾ ਨੁਕਸਾਨ ਵੱਖਰਾ ਹੋਇਆ। ਉੱਪਰੋਂ ਟਰੰਪ ਵੱਲੋਂ ਜੰਗ ਦੇ ਵਾਰ-ਵਾਰ ਛੇੜੇ ਜਾ ਰਹੇ ਰਾਗ ਨੇ ਦੱਖਣੀ ਕੋਰੀਆ 'ਚ ਦਹਿਸ਼ਤ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ ਕਿਉਂਕਿ ਜੇ ਉੱਤਰੀ ਕੋਰੀਆ ਤੇ ਅਮਰੀਕਾ ਵਿਚਾਲੇ ਜੰਗ ਛਿੜਦੀ ਹੈ, ਤਾਂ ਉਸ ਨਾਲ ਲੱਖਾਂ ਜਾਨਾਂ ਅਜਾਈਂ ਜਾ ਸਕਦੀਆਂ ਹਨ।

ਟਰੰਪ ਨੇ ਭਾਵੇਂ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਕੁਝ ਵਧੇਰੇ ਹੀ ਤਾਰੀਫ਼ ਕਰਦਿਆਂ ਜ਼ੋਰਦਾਰ ਉਤਸ਼ਾਹ ਵਿਖਾਇਆ ਪਰ ਚੀਨ ਨੇ ਖੁੱਲ੍ਹ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਨਾ ਤਾਂ ਉੱਤਰੀ ਕੋਰੀਆ ਨੂੰ ਅਲੱਗ-ਥਲੱਗ ਕਰੇਗਾ ਤੇ ਨਾ ਹੀ ਉਸ 'ਤੇ ਪਾਬੰਦੀਆਂ ਲਾਵੇਗਾ। ਆਖ਼ਿਰ ਉੱਤਰੀ ਕੋਰੀਆ ਹੀ ਕੋਰਿਆਈ ਪ੍ਰਾਇਦੀਪ 'ਤੇ ਸਰਦਾਰੀ ਕਾਇਮ ਕਰਨ ਦੀਆਂ ਚੀਨ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਇਸ ਤੋਂ ਇਲਾਵਾ ਫ਼ਿਲਪੀਨਜ਼ ਦੇ ਮੂੰਹਫੱਟ ਰਾਸ਼ਟਰਪਤੀ ਡਿਊਟਰਟੀ ਨੇ ਟਰੰਪ ਨਾਲ ਕਾਫ਼ੀ ਖ਼ੁਸ਼ਗਵਾਰ ਮਾਹੌਲ 'ਚ ਗੱਲਬਾਤ ਕੀਤੀ ਤੇ ਅਮਰੀਕਨਾਂ ਨਾਲ ਮਿਲ ਕੇ ਅੱਗੇ ਵਧਣ ਦਾ ਇਰਾਦਾ ਵੀ ਕੀਤਾ ਹੈ ਪਰ ਇਸ ਦੇ ਨਾਲ ਹੀ ਉਹ ਅਜਿਹੀ ਕਿਸੇ ਵੀ ਸਰਗਰਮੀ 'ਚ ਸ਼ਾਮਲ ਹੋਣ ਤੋਂ ਬਚਦੇ ਰਹੇ ਕਿ ਤਾਂ ਜੋ ਚੀਨ ਕਿਤੇ ਗੁੱਸਾ ਨਾ ਕਰ ਲਵੇ। ਮਲੇਸ਼ੀਆ, ਥਾਈਲੈਂਡ, ਲਾਓਸ ਤੇ ਕੰਬੋਡੀਆ ਜਿਹੇ ਆਸੀਆਨ ਦੇਸ਼ ਵੀ ਆਰਥਿਕ ਤੌਰ 'ਤੇ ਚੀਨ ਨਾਲ ਨੇੜਿਓਂ ਜੁੜੇ ਹੋਏ ਹਨ, ਇਸੇ ਲਈ ਉਹ ਵੀ ਆਪਣੀਆਂ ਸਮੁੰਦਰੀ ਸਰਹੱਦਾਂ ਦੇ ਮਾਮਲੇ 'ਤੇ ਚੀਨ ਵੱਲੋਂ ਵਧਾ-ਚੜ੍ਹਾ ਕੇ ਕੀਤੇ ਜਾ ਰਹੇ ਦਾਅਵਿਆਂ 'ਤੇ ਕੋਈ ਪ੍ਰਤੀਕਰਮ ਨਹੀਂ ਪ੍ਰਗਟਾ ਰਹੇ। ਅਜਿਹੇ ਹਾਲਾਤ 'ਚ 'ਚੌਕੜੀ' ਨੂੰ ਬਹੁਤ ਧਿਆਨ ਨਾਲ ਅਜਿਹੀਆਂ ਨੀਤੀਆਂ ਉਲੀਕਣੀਆਂ ਹੋਣਗੀਆਂ ਕਿ ਵੀਅਤਨਾਮ ਤੇ ਇੰਡੋਨੇਸ਼ੀਆ ਜਿਹੇ ਦੇਸ਼ ਆਪਣੀ ਸਮੁੰਦਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਦ੍ਰਿੜ੍ਹ ਸਟੈਂਡ ਲੈਣਾ ਯਕੀਨੀ ਬਣਾਉਣ। ਚੀਨ ਦੀ ਵਧਦੀ ਆਰਥਿਕ ਤੇ ਫ਼ੌਜੀ ਤਾਕਤ

ਬਾਕੀ ਸਫ਼ਾ 33 'ਤੇ

# ਯੁੱਧ ਵਿੱਚ ਰਾਕਟ ਵਰਤਣ ਵਾਲਾ ਪਹਿਲਾ ਭਾਰਤੀ

**ਬਲਰਾਜ ਸਿੰਘ ਸਿੱਧੂ ਐੱਸਪੀ**
**(ਸੰਪਰਕ: 98151-24449)**

ਅੱਜਕੱਲ੍ਹ ਮੀਡੀਆ ਵਿੱਚ ਮੈਸੂਰ ਦੇ ਰਾਜੇ ਟੀਪੂ ਸੁਲਤਾਨ ਬਾਰੇ ਕਈ ਤਰ੍ਹਾਂ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ। ਉਸ ਦਾ ਰਾਜ ਕਾਲ ਇੱਕ



ਰਾਜਨੀਤਕ ਮੁੱਦਾ ਬਣ ਗਿਆ ਹੈ। ਕੋਈ ਉਸ ਨੂੰ ਕੱਟੜਵਾਦੀ ਕਹਿ ਰਿਹਾ ਹੈ ਤੇ ਕੋਈ ਦੇਸ਼ਭਗਤ। ਟੀਪੂ ਸੁਲਤਾਨ ਆਪਣੇ ਪਿਤਾ ਹੈਦਰ ਅਲੀ ਦੀ ਮੌਤ ਤੋਂ ਬਾਅਦ 1782 ਈਸਵੀ ਵਿੱਚ ਰਾਜ ਗੱਦੀ 'ਤੇ ਬੈਠਾ। ਚੌਥੀ ਐਂਗਲੋ-ਮੈਸੂਰ ਜੰਗ ਵਿੱਚ 4 ਮਈ 1799 ਨੂੰ ਉਸ ਦੀ 44 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਸ ਦਾ ਅਸਲੀ ਨਾਮ ਫ਼ਤਹਿ ਅਲੀ ਸਾਹਿਬ ਟੀਪੂ ਸੀ, ਪਰ ਉਹ ਟੀਪੂ ਸੁਲਤਾਨ ਦੇ ਨਾਮ ਨਾਲ ਪ੍ਰਸਿੱਧ ਹੋਇਆ। ਮਲਿਆਲਮ ਸ਼ਬਦ ਟੀਪੂ ਦਾ ਅਰਥ ਹੈ: ਬੱਬਰ ਸ਼ੇਰ। ਈਸਟ ਇੰਡੀਆ ਕੰਪਨੀ ਭਾਰਤ ਵਿੱਚ ਸਭ ਤੋਂ ਜ਼ਿਆਦਾ ਟੀਪੂ ਅਤੇ ਉਸ ਦੇ ਪਿਤਾ ਹੈਦਰ ਅਲੀ ਤੋਂ ਭੈਅ ਖਾਂਦੀ ਸੀ। ਉਨ੍ਹਾਂ ਨੇ ਕਈ ਵਾਰ ਬ੍ਰਿਟਿਸ਼ ਫ਼ੌਜਾਂ ਨੂੰ ਲੱਕ ਤੋੜਵੀਂ ਹਾਰ ਦੇ ਕੇ ਸੰਧੀਆਂ ਕਰਨ ਲਈ ਮਜਬੂਰ ਕੀਤਾ।

ਉਸ ਨੇ ਅੰਗਰੇਜ਼ਾਂ ਨੂੰ ਯੁੱਧਾਂ ਵਿੱਚ ਵਾਰ ਵਾਰ



ਟੀਪੂ ਸੁਲਤਾਨ ਵੱਲੋਂ ਵਰਤੇ ਗਏ ਰਾਕਟ।



ਟੀਪੂ ਸੁਲਤਾਨ

ਹਰਾਇਆ। ਇਸ ਤੋਂ ਇਲਾਵਾ ਟੀਪੂ ਸੁਲਤਾਨ ਨੂੰ ਮਾਣ ਵੀ ਹਾਸਲ ਹੈ ਕਿ ਉਹ ਪਹਿਲਾ ਭਾਰਤੀ ਰਾਜਾ ਸੀ ਜਿਸ ਨੇ ਜੰਗਾਂ ਵਿੱਚ ਸਫਲਤਾਪੂਰਵਕ ਰਾਕਟਾਂ ਦੀ ਵਰਤੋਂ ਕੀਤੀ। ਉਸ ਦੇ ਰਾਕਟ ਯੂਰੋਪ ਵਿੱਚ ਵਰਤੇ ਜਾਣ ਵਾਲੇ ਕਾਗਜ਼ ਦੇ ਰਾਕਟਾਂ ਤੋਂ ਕਿਤੇ ਵੱਧ ਸਟੀਕ ਅਤੇ ਮਾਰ ਕਰਨ ਦੀ ਸਮਰੱਥਾ ਵਾਲੇ ਸਨ। ਉਸ ਦੇ ਰਾਕਟਾਂ ਤੋਂ ਪ੍ਰੇਰਨਾ ਲੈ ਕੇ ਹੀ ਅੰਗਰੇਜ਼ਾਂ ਨੇ ਆਧੁਨਿਕ ਰਾਕਟ ਵਿਕਸਿਤ ਕੀਤੇ। ਟੀਪੂ ਸੁਲਤਾਨ ਨੇ ਆਪਣੀ ਫ਼ੌਜ ਵਿੱਚ ਬਾਕਾਇਦਾ ਰਾਕਟ ਦਾਗਣ ਵਾਲੀਆਂ ਸਿਖਲਾਈ ਯਾਫ਼ਤਾ ਪਲਟਨਾਂ ਨਿਯੁਕਤ ਕੀਤੀਆਂ ਸਨ। ਹਰੇਕ ਬ੍ਰਿਗੇਡ ਵਿੱਚ ਅਜਿਹੇ ਸਿੱਖਿਅਤ 200 ਸੈਨਿਕਾਂ ਦੀ ਇੱਕ ਯੂਨਿਟ ਸੀ। ਕੁੱਲ ਨਫ਼ਰੀ ਤਕਰੀਬਨ 7000 ਸੀ। ਰਾਕਟ ਦਾਗਣ ਵਾਲੇ ਸੈਨਿਕਾਂ ਨੂੰ ਬਹੁਤ ਸਨਮਾਨ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਸੀ ਤੇ ਬਿਲਕੁਲ ਸਹੀ ਕੋਣ 'ਤੇ ਰਾਕਟ ਦਾਗਣ ਲਈ ਛੇ ਮਹੀਨੇ ਦੀ ਸਖ਼ਤ ਸਿਖਲਾਈ ਦਿੱਤੀ ਜਾਂਦੀ ਸੀ। 1780 ਵਿੱਚ ਦੂਜੇ ਐਂਗਲੋ-ਮੈਸੂਰ ਯੁੱਧ ਦੌਰਾਨ ਪੋਲੀਲੂਰ ਦੀ ਜੰਗ ਵਿੱਚ ਮੈਸੂਰ ਦੇ ਰਾਕਟਾਂ ਦੀ ਸਟੀਕ ਮਾਰ ਕਾਰਨ ਅੰਗਰੇਜ਼ਾਂ ਦੇ ਬਾਰੂਦ ਨੂੰ ਅੱਗ ਲੱਗ ਗਈ। ਬਾਰੂਦ ਨਾ ਮਿਲਣ ਕਾਰਨ ਬ੍ਰਿਟਿਸ਼ ਤੋਪਾਂ ਸ਼ਾਂਤ ਹੋ ਗਈਆਂ। ਫਲਸਰੂਪ ਈਸਟ ਇੰਡੀਆ ਕੰਪਨੀ ਦੇ ਮਸ਼ਹੂਰ ਕਮਾਂਡਰ ਕਰਨਲ ਵਿਲੀਅਮ ਬੇਲੀ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਤੇ ਉਸ ਨੂੰ ਬੰਦੀ ਬਣਾ ਲਿਆ ਗਿਆ। ਟੀਪੂ ਤੋਂ ਪਹਿਲਾਂ ਰਾਕਟਾਂ ਦੇ ਮਸਾਲੇ ਵਾਲਾ ਚੈਂਬਰ ਕਾਗਜ਼ ਦਾ ਬਣਦਾ ਸੀ ਜਿਸ ਕਾਰਨ ਰਾਕਟਾਂ ਦੀ ਮਾਰ ਕਰਨ ਦੀ ਸਮਰੱਥਾ ਬਹੁਤ ਘੱਟ ਸੀ। ਟੀਪੂ ਨੇ ਨਰਮ ਲੋਹੇ ਦੇ ਚੈਂਬਰ ਤਿਆਰ ਕਰਵਾਏ ਜਿਸ ਨਾਲ ਰੇਂਜ ਬਹੁਤ ਵਧ ਗਈ।

ਉਸ ਦੀਆਂ ਰਾਕਟ ਫੈਕਟਰੀਆਂ ਨੂੰ ਤਾਰਾਮੰਡਲ ਪੇਟ ਕਿਹਾ ਜਾਂਦਾ ਸੀ। ਟੀਪੂ ਸੁਲਤਾਨ ਨੇ ਰਾਕਟਾਂ ਵਿੱਚ ਸੁਧਾਰ ਕਰਨ ਲਈ ਮਾਹਿਰ ਵਿਗਿਆਨੀ ਨਿਯੁਕਤ ਕੀਤੇ ਅਤੇ ਰਾਜਧਾਨੀ ਸ੍ਰੀਰੰਗਾਪਟਨਮ ਵਿੱਚ ਇੱਕ ਪ੍ਰਯੋਗਸ਼ਾਲਾ ਵੀ ਕਾਇਮ ਕੀਤੀ। ਆਧੁਨਿਕ ਮਲਟੀਪਲ ਰਾਕਟ ਲਾਂਚਰਾਂ ਵਾਂਗ ਟੀਪੂ ਸੁਲਤਾਨ ਦੇ ਰਾਕਟ ਲਾਂਚਰ ਵੀ ਇਕੱਠੇ 5 ਤੋਂ 10 ਰਾਕਟ ਦਾਗਣ ਦੀ ਸਮਰੱਥਾ ਰੱਖਦੇ ਸਨ। ਰਵਾਇਤੀ ਕਾਗਜ਼ ਦੇ ਚੈਂਬਰ ਤੋਂ ਉਲਟ ਇਨ੍ਹਾਂ ਰਾਕਟਾਂ ਨੂੰ ਉੱਡਣ ਸ਼ਕਤੀ ਦੇਣ ਲਈ ਮਸਾਲਾ ਨਰਮ ਲੋਹੇ ਦੇ ਚੈਂਬਰਾਂ ਵਿੱਚ ਭਰਿਆ ਜਾਂਦਾ ਸੀ ਜੋ 12-14 ਇੰਚ ਲੰਬਾ ਅਤੇ 5-6 ਇੰਚ ਵਿਆਸ ਦਾ ਹੁੰਦਾ ਸੀ। ਇਸ ਤਕਨੀਕ ਕਾਰਨ ਰਾਕਟ ਦੀ ਮਾਰ 1000 ਗਜ਼ ਤਕ ਹੋ ਜਾਂਦੀ ਸੀ। ਚੈਂਬਰ ਨੂੰ ਚਮੜੇ ਦੀ ਮਜ਼ਬੂਤ ਰੱਸੀ ਨਾਲ ਚਾਰ-ਪੰਜ ਫ਼ੁੱਟ ਲੰਬੇ ਹਲਕੇ ਬਾਂਸ ਦੇ ਟੁਕੜੇ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਵੱਡੇ ਪੱਧਰ 'ਤੇ ਰਾਕਟ ਤਿਆਰ ਕਰਨ ਲਈ ਸ੍ਰੀਰੰਗਾਪਟਨਮ ਅਤੇ ਬੰਗਲੌਰ ਵਿੱਚ ਅਨੇਕਾਂ ਫੈਕਟਰੀਆਂ ਸਥਾਪਿਤ ਕੀਤੀਆਂ ਗਈਆਂ।

ਟੀਪੂ ਸੁਲਤਾਨ ਦੀ ਫ਼ੌਜ ਲਈ ਤਿੰਨ ਤਰ੍ਹਾਂ ਦੇ ਰਾਕਟ ਤਿਆਰ ਕੀਤੇ ਜਾਂਦੇ ਸਨ। ਪਹਿਲੀ ਤਰ੍ਹਾਂ ਦੇ ਰਾਕਟ ਦੁਸ਼ਮਣ ਦੇ ਮਾਲ ਅਸਬਾਬ ਨੂੰ ਅੱਗ ਲਗਾਉਣ ਲਈ ਵਰਤੇ ਜਾਂਦੇ ਸਨ। ਇਹ ਧਰਤੀ ਨਾਲ ਟਕਰਾਉਣ ਸਾਰ ਫਟ ਕੇ ਅੱਗ ਦਾ ਗੋਲਾ ਬਣ ਜਾਂਦੇ ਸਨ। ਦੂਜੀ ਤਰ੍ਹਾਂ ਦੇ ਰਾਕਟ ਧਰਤੀ ਉੱਪਰ ਡਿੱਗਣ ਤੋਂ ਬਾਅਦ ਫਟਣ ਦੀ ਬਜਾਏ ਸੱਪ ਵਾਂਗ ਵਿੰਗ ਵਲੇਵੇਂ ਖਾਂਦੇ ਹੋਏ ਸੈਨਿਕਾਂ ਵਿੱਚ ਘੁਸ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੰਦੇ ਸਨ। ਤੀਜੇ ਸਭ ਤੋਂ ਖ਼ਤਰਨਾਕ ਰਾਕਟ ਸਨ ਜਿਨ੍ਹਾਂ ਅੱਗੇ ਟੀਪੂ ਸੁਲਤਾਨ ਨੇ 6-6 ਇੰਚ ਲੰਬੇ ਤਿੱਖੇ ਖੰਜਰ ਫਿੱਟ ਕਰਵਾਏ ਸਨ। ਇਹ ਕਾਫ਼ੀ ਉਚਾਈ ਤੋਂ ਤੇਜ਼ੀ ਨਾਲ ਦੁਸ਼ਮਣ ਫ਼ੌਜ 'ਤੇ ਡਿੱਗਦੇ ਸਨ ਤੇ ਸਖ਼ਤ ਸਰੀਰਕ ਹਾਨੀ ਪਹੁੰਚਾਉਣ ਦੇ ਕਾਬਲ ਸਨ। 1792 ਵਿੱਚ ਮੈਸੂਰ ਦੀ ਤੀਜੀ ਜੰਗ ਦੌਰਾਨ ਵੀ ਟੀਪੂ ਨੇ ਰਾਕਟਾਂ ਦੀ ਭਰਪੂਰ ਵਰਤੋਂ ਕੀਤੀ। 6 ਫਰਵਰੀ 1792 ਨੂੰ ਉਸ ਦੀ ਫ਼ੌਜ ਨੇ ਕਰਨਲ ਨਾਕਸ ਦੀਆਂ ਕਾਵੇਰੀ ਦਰਿਆ ਵੱਲ ਅੱਗੇ ਵਧ ਰਹੀਆਂ ਟੁਕੜੀਆਂ 'ਤੇ ਰਾਕਟਾਂ ਦਾ ਮੀਂਹ ਵਰਸਾ ਦਿੱਤਾ। ਉਸ ਦੀ ਫ਼ੌਜ ਦਾ ਇੰਨਾ ਭਾਰੀ

ਬਾਕੀ ਸਫ਼ਾ 33 'ਤੇ

ੴ

# ਮੂਲ ਨਾਨਕਸ਼ਾਹੀ ਕੈਲੰਡਰ ਕਾਨਫਰੰਸ ਨੂੰ ਸਮੂਹ ਮਿਡਵੈਸਟ ਗੁਰਦੁਆਰਾ ਸਾਹਿਬਾਨ ਵਲੋਂ ਸੰਪੂਰਨ ਹਮਾਇਤ

ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਇਲੀਨੋਇਸ ਮੂਲ ਨਾਨਕਸ਼ਾਹੀ ਕੰਲੈਡਰ ਲਾਗੂ ਕਰਨ ਸਬੰਧੀ 11 ਅਤੇ 12 ਨਵੰਬਰ ਨੂੰ ਹੋਈ ਕਾਨਫਰੰਸ ਵਿਚ ਸਮੂਹ ਮੈਂਬਰਾਂ ਅਤੇ ਸੰਗਤ ਦੇ ਹੁੰਮ ਹੁਮਾ ਕੇ ਪਹੁੰਚਣ ਲਈ ਧੰਨਵਾਦ ਕਰਦੀ ਹੈ ਜਿਸ ਸਦਕਾ ਇਹ ਕਾਨਫਰੰਸ ਪੂਰੀ ਤਰ੍ਹਾਂ ਕਾਮਯਾਬ ਰਹੀ।

ਸਿੱਖ ਰਿਲੀਜੀਅਸ ਸੁਸਾਇਟੀ 1972 ਤੋਂ ਮਿਡਵੈਸਟ ਗੁਰਦੁਆਰਾ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਸੁਸਾਇਟੀ ਹੈ ਜਿਸ ਨੇ ਮੂਲ ਨਾਨਕਸ਼ਾਹੀ ਕੰਲੈਡਰ ਅਪਣਾਉਣ ਅਤੇ ਲਾਗੂ ਕਰਨ ਲਈ ਹੋਰਨਾਂ ਭਾਈਚਾਰਿਆਂ ਅਤੇ ਧਾਰਮਿਕ ਜੱਥੇਬੰਦੀਆਂ ਸਮੇਤ ਇਕ ਲਹਿਰ ਚਲਾ ਕੇ ਇਤਿਹਾਸਕ ਭੂਮਿਕਾ ਨਿਭਾਈ ਹੈ।

*ਮੂਲ ਨਾਨਕਸ਼ਾਹੀ ਕੰਲੈਡਰ ਪੂਰੀ ਤਰ੍ਹਾਂ ਅਪਣਾ ਕੇ, ਜੋ 1999-2000 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਗੂ ਕੀਤਾ ਗਿਆ ਸੀ, ਸਾਰੇ ਤਿਉਹਾਰਾਂ ਅਤੇ ਪੁਰਬਾਂ ਦੀਆਂ ਤਰੀਕਾਂ ਹਰ ਸਾਲ ਉਹੀ ਰਹਿਣਗੀਆਂ ਜਿਨ੍ਹਾਂ ਵਿਚ ਇਹ ਇਤਿਹਾਸਕ ਤਿੱਥਾਂ ਵੀ ਸ਼ਾਮਲ ਹਨ;*

**ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ ਜੀ- 14 ਅਪ੍ਰੈਲ (ਇਕ ਵਸਾਖ), ਵਿਸਾਖੀ**
**ਬੰਦੀ ਛੋੜ ਦਿਵਸ - 12 ਫਰਵਰੀ (ਇਕ ਫੱਗਣ)**
**ਹੋਲਾ ਮਹੱਲਾ- 14 ਮਾਰਚ (ਇਕ ਚੇਤ), ਮੂਲ ਨਾਨਕਸ਼ਾਹੀ ਕੰਲੈਡਰ ਦਾ ਪਹਿਲਾ ਦਿਨ**

**ਇਹ ਦੋ ਦਿਨਾਂ ਕਾਨਫਰੰਸ ਜੋ 11 ਅਤੇ 12 ਨਵੰਬਰ (28 ਅਤੇ 29 ਕਤਕ ਨਾਨਕਸ਼ਾਹੀ ਸੰਮਤ 549) ਨੂੰ ਹੋਈ, ਵਿਚ ਸਥਾਨਕ ਸੰਗਤਾਂ ਤੋਂ ਇਲਾਵਾ ਅਮਰੀਕਾ ਮਿਡਵੈਸਟ ਗੁਰਦੁਆਰਾ, ਭਾਰਤ, ਆਸਟਰੇਲੀਆ ਅਤੇ ਕੈਨੇਡਾ ਤੋਂ ਪ੍ਰਤੀਨਿਧ ਵੀ ਸ਼ਾਮਲ ਹੋਏ।**
***ਇਹ ਦਸਦਿਆਂ ਹੋਰ ਵੀ ਖੁਸ਼ੀ ਹੋ ਰਹੀ ਹੈ ਕਿ ਅਗਲੇ ਸਾਲ ਮਿਸ਼ੀਗਨ ਗੁਰਦੁਆਰਾ ਵਿਚ ਅਜਿਹੀ ਹੀ ਕਾਨਫਰੰਸ ਦਾ ਐਲਾਨ ਕੀਤਾ ਗਿਆ।***

## ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਸਮੇਤ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਅਤੇ ਸੰਸਥਾਵਾਂ ਵਲੋਂ ਮੂਲ ਨਾਨਕਸ਼ਾਹੀ ਕੰਲੈਡਰ ਨੂੰ ਪਹਿਲਾਂ ਤੋਂ ਹੀ ਮਤੇ ਪਾਸ ਕਰਕੇ ਅਪਣਾਕੇ, ਲਾਗੂ ਕੀਤਾ ਗਿਆ ਹੈ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

1. ਸਿੰਘ ਸਭਾ ਕੈਂਟਨ, ਮਿਸ਼ੀਗਨ
2. ਗੁਰੂ ਗੋਬਿੰਦ ਸਿੰਘ ਸਿੱਖ ਸੁਸਾਇਟੀ ਕਲੀਵਲੈਂਡ, ਓਹਾਇਓ
3. ਗੁਰੂ ਨਾਨਕ ਫਾਊਂਡੇਸ਼ਨ ਕਲੀਵਲੈਂਡ, ਓਹਾਇਓ
4. ਸਿੱਖ ਸੁਸਾਇਟੀ, ਇੰਡੀਆਨਾ
5. ਗੁਰਦੁਆਰਾ ਸਾਹਿਬ ਫੋਟ ਵਾਇਨ, ਇੰਡੀਆਨਾ
6. ਸਿੱਖ ਸਟੱਡੀ ਸਰਕਲ ਸਟੋਨ ਮਾਊਂਟੇਨ, ਜਾਰਜੀਆ
7. ਅਮੀਕਰਨ ਸਿੱਖ ਕੌਂਸਲ
8. ਗੋਲਬਲ ਸਿੱਖ ਕੌਂਸਲ
9. ਸਿੱਖ ਨੈਸ਼ਨਲ ਆਰਕਾਈਵਜ਼ ਕੈਨੇਡਾ, ਓਨਟਾਰੀਓ
10. ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
11. ਗੁਰਦੁਆਰਾ ਸਾਹਿਬ ਸਿਲਵਿਸ ਇਲੀਨੋਇ
12. ਗੁਰੂ ਨਾਨਕ ਸੁਸਾਇਟੀ ਹੈਮਿਲਟਨ
13. ਗੁਰਦੁਆਰਾ ਸਾਹਿਬ ਕੋਲੰਬਸ, ਓਹਾਇਓ
14. ਗੁਰਦੁਆਰਾ ਸਾਹਿਬ ਮੈਡੀਸਨ, ਵਿਸਕਾਂਸਨ

## *ਇਸ ਮੌਕੇ ਪਾਸ ਕੀਤੇ ਗਏ ਮਤੇ*

੨੮-੨੯ ਕੱਤਕ, ਨਾਨਕਸ਼ਾਹੀ ਸੰਮਤ ੫੪੯ ((**November 11th & 12th, 2017**)

1. ਸੰਨ ੧੯੯੯ ਸਿੱਖ ਇਤਿਹਾਸ ਵਿੱਚ ਇਕ ਅਹਿਮ ਅਤੇ ਮਹੱਤਵਪੂਰਨ ਪੜਾਅ ਹੋ ਗੁਜ਼ਰਿਆ। ਇਸ ਵਰ੍ਹੇ ਖਾਲਸਾ ਪੰਥ ਦੇ ੩੦੦ ਸਾਲਾ ਪ੍ਰਕਾਸ਼ਨੂੰ ਸਮਰਪਿਤ ਵਡਭਾਗੀ ਦਿਹਾੜੇ ਸਿੱਖ ਬੁੱਧੀ-ਜੀਵੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਰਲ ਕੇ ਵਿਗਿਆਨਿਕ ਅਤੇ ਇਤਿਹਾਸਕ ਪਖੋਂ ਸਹੀ ਅਤੇ ਗੁਰਬਾਣੀ ਦੇ ਮੂਲ ਸਿਧਾਂਤ ਤੇ ਆਧਾਰਤ ਮੂਲ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਕਰਕੇ ਲਾਗੂ ਕਰਨ ਦਾ ਅਹਿਮ ਸੰਕਲਪ ਦ੍ਰਿੜ ਕੀਤਾ।

2. ਮੂਲ ਨਾਨਕਸ਼ਾਹੀ ਕੈਲੰਡਰ ਸਦੀਵ ਕਾਲ ਵਾਸਤੇ ਬਿਕਰਮੀ ਕੈਲੰਡਰ ਅਨੁਸਾਰ ਸੱਦ ਬਦਲਦੀਆਂ ਸਿੱਖ ਇਤਿਹਾਸਕ ਤਰੀਕਾਂ ਨੂੰ ਨਿਸਚਿਤ ਕਰਦਾ ਅਤੇ ਸਾਂਝੇ ਸੰਨ (Common Era Calendar) ਨਾਲ ਸਮਕਾਲੀਨ ਹੁੰਦਾ ਹੈ।

3.f ਸੱਖ ਇਤਿਹਾਸਕ ਦਿਨ ਦਿਹਾੜਿਆਂ ਨੂੰ ਹਰ ਸਾਲ ਮੂਲ ਨਾਨਕਸ਼ਾਹੀ ਕੈਲੰਡਰ ਦੁਆਰਾ ਨਿਸਚਿਤ ਕੀਤੀਆਂ ਤਰੀਕਾਂ ਤੇ ਮਨਾਉਣਾ ਅਤੇ ਗੁਰਬਾਣੀ ਦੁਆਰਾ ਦਰਸਾਏ ਸਿਧਾਂਤ ਅਤੇ ਵਿਧੀ ਵਿਧਾਨ ਦੀ ਸਾਂਝ ਸੰਭਾਲ ਭਵਿਖ ਵਿਚ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਵਾਸਤੇ ਅਹਿਮ ਅਤੇ ਗੰਭੀਰ ਨਤੀਜਿਆਂ ਦਾ ਸਰੋਤ ਸਾਬਤ ਹੋਵੇਗੀ।

4. ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਧਰਮ ਦੀ ਅਜ਼ਾਦ ਹਸਤੀ ਅਤੇ ਖ਼ੁਦ ਮੁੱਖਤਿਆਰੀ ਦੀ ਦਾਅਵੇਦਾਰੀ ਦਾ ਪ੍ਰਤੀਕ ਹੈ।

5. ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸੰਪੂਰਨ ਰੂਪ ਵਿੱਚ ਨਾਂ ਅਪਨਾਉਣਾ ਜਾਂ ਲਾਗੂ ਕਰਨ ਵਿੱਚ ਢਿੱਲ ਮਠ ਕਰਨੀ ਸਿੱਖ ਜਗਤ ਵਿੱਚ ਛਾਈ ਹੋਈ ਹਫੜਾ ਦਫੜੀ ਅਤੇ ਘੜਮੱਸ ਨੂੰ ਹੋਰ ਵੀ ਘਾਤਕ ਬਣਾ ਦੇਵੇਗੀ।

6. ਬਹੁਤ ਸਾਰੀਆਂ ਸਿੱਖ ਸੰਸਥਾਵਾਂ ਕਾਫ਼ੀ ਸਮੇਂ ਤੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ, ਬੰਦੀ ਛੋਡ ਦਿਵਸ, ਅਤੇ ਹੋਲੇ ਮਹੱਲੇ ਦਿਹਾੜੇ ਤੋਂ ਸਿਵਾਏ ਬਾਕੀ ਸਾਰੇ ਇਤਿਹਾਸਕ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਂਦੇ ਆ ਰਹੇ ਹਨ।

ਉਪਰੋਕਤ ਦਰਸਾਏ ਗਏ ਤੱਥਾਂ ਨੂੰ ਮੁੱਖ ਰੱਖਦਿਆਂ ਮਿਡ-ਵੈਸਟ ਅਤੇ ਹੋਰ ਸਿੱਖ ਧਾਰਮਿਕ ਅਦਾਰਿਆਂ ਦੀ ਅੱਜ ਦੀ ਵਿਸ਼ੇਸ਼ ਇਕੱਤਰਤਾ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਸਦੀਵ ਕਾਲ ਵਾਸਤੇ ਇਸ ਦੁਆਰਾ ਨਿਸਚਿਤ ਕੀਤੀਆਂ ਤਰੀਕਾਂ ਅਨੁਸਾਰ ਹੀ ਸਿੱਖ ਇਤਿਹਾਸਕ ਦਿਹਾੜੇ ਮਨਾਉਣ ਦਾ ਪੱਕਾ ਸੰਕਲਪ ਅਤੇ ਵਚਨਵੱਧਤਾ ਦ੍ਰਿੜਾਉਂਦੀ ਹੈ, ਵਿਸ਼ੇਸ਼ ਤੋਰ ਤੇ

- ***ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ੧੪-ਅਪ੍ਰੈਲ ਨੂੰ (੧-ਵੈਸਾਖ) ਵੈਸਾਖੀ ਵਾਲੇ ਦਿਨ।***
- ***ਬੰਦੀ ਛੋਡ ਦਿਵਸ ੧੨-ਫ਼ਰਵਰੀ (੧-ਫੱਗਣ) ਨੂੰ।***
- ***ਹੋਲਾ ਮਹਲਾ ੧੪-ਮਾਰਚ (੧-ਚੇਤ) ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ।***

ਅੱਜ ਦੀ ਇਕੱਤਰਤਾ ਸਮੂਹ ਸਮਾਜਿਕ, ਸੱਭਿਆਚਾਰਿਕ ਅਤੇ ਪੰਥਕ ਜਥੇਬੰਦੀਆਂ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਸਾਰੇ ਇਕ ਜੁੱਟ ਹੋ ਕੇ ਬਾਬੇ ਨਾਨਕ ਦੇ ਸਿਰਜੇ ਵਿਲੱਖਣ, ਵਡਭਾਗੀ ਵਿਰਸੇ ਨੂੰ ਸਮਰਪਤ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਲਾਗੂ ਕਰਨ ਲਈ ਵਚਨਵਧ ਹੋਣ।

**ਗੁਰੂ ਘਰ ਵਲੋਂ ਇਸ ਕਾਨਫਰੰਸ ਲਈ ਸਹਿਯੋਗ ਕਰਨ ਵਾਲੇ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਜਾਂਦਾ ਹੈ।**

**The Board of Trustees**
**The Sikh Religious Society, Palatine, Illinois - 60067**

# ਕਿਵੇਂ ਰੁਕਣ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ?

**ਡਾ. ਗਿਆਨ ਸਿੰਘ**

ਪੰਜਾਬ ਦੇ ਖੇਤੀਬਾੜੀ ਸੰਕਟ ਦਾ ਦੁਖਦਾਈ ਪੱਖ ਹੈ ਕਿ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਜਿੱਥੇ



ਇਸ ਸਮੱਸਿਆ ਦੇ ਹੱਲ ਲਈ ਵੱਖ ਵੱਖ ਪੱਧਰਾਂ ਉੱਤੇ ਕੁਝ ਕੋਸ਼ਿਸ਼ਾਂ ਹੋ ਰਹੀਆਂ ਹਨ, ਉੱਥੇ ਕੁਝ ਲੋਕ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਿਰੁੱਧ ਕੂੜ ਪ੍ਰਚਾਰ ਵੀ ਕਰ ਰਹੇ ਹਨ। ਇਸ ਦੁਖਦਾਈ ਸਮੱਸਿਆ ਦੇ ਸਥਾਈ ਹੱਲ ਲਈ ਸੰਜੀਦਾ ਤੇ ਨਿਰੰਤਰ ਕੋਸ਼ਿਸ਼ਾਂ ਦੀ ਸਖ਼ਤ ਲੋੜ ਹੈ। ਨਾਮਵਰ ਅਰਥ ਸ਼ਾਸਤਰੀ ਡਾ. ਬਗੀਚਾ ਸਿੰਘ ਮਿਨਹਾਸ ਕੌਮੀ ਯੋਜਨਾ ਕਮਿਸ਼ਨ ਦੇ ਮੈਂਬਰ ਸਨ, ਪਰ ਉਨ੍ਹਾਂ ਨੇ ਇਸ ਕਮਿਸ਼ਨ ਦੇ ਕੰਮ-ਢੰਗ ਤੋਂ ਨਾਖੁਸ਼ ਹੋ ਕੇ ਅਸਤੀਫ਼ਾ ਦੇ ਦਿੱਤਾ। ਉਸ ਤੋਂ ਬਾਅਦ ਉਨ੍ਹਾਂ ਇੱਕ ਪੁਸਤਕ 'ਪਲੈਨਿੰਗ ਐਂਡ ਦਿ ਪੂਅਰ' ਲਿਖੀ। ਇਸ ਪੁਸਤਕ ਵਿੱਚ ਉਨ੍ਹਾਂ ਨੇ ਸਪਸ਼ਟ ਤੌਰ 'ਤੇ ਬਿਆਨ ਕੀਤਾ ਹੈ ਕਿ ਗ਼ਰੀਬਾਂ ਦੀ ਭਲਾਈ ਲਈ ਯੋਜਨਾਵਾਂ ਏਅਰ ਕੰਡੀਸ਼ੰਡ ਕਮਰਿਆਂ ਵਿੱਚ ਬੈਠ ਕੇ ਤਿਆਰ ਕਰਨਾ ਸੰਭਵ ਨਹੀਂ ਹੈ। ਹੁਣ ਵੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਮਸਲਾ ਏਅਰ ਕੰਡੀਸ਼ੰਡ ਕਮਰਿਆਂ ਵਿੱਚ ਹੀ ਵਿਚਾਰਿਆ ਜਾ ਰਿਹਾ ਹੈ। ਜ਼ਮੀਨੀ ਹਕੀਕਤਾਂ ਨਹੀਂ ਸਮਝੀਆਂ ਜਾ ਰਹੀਆਂ।

ਕੇਂਦਰੀ ਅੰਨ-ਭੰਡਾਰ ਵਿੱਚ ਪੰਜਾਬ ਭਰਪੂਰ ਹਿੱਸਾ ਪਾਉਂਦਾ ਆ ਰਿਹਾ ਹੈ। ਇਸ ਨੇ ਇੱਕ ਸਮੇਂ ਮੁੱਖ ਅਨਾਜ ਜਿਣਸਾਂ ਦੇ ਸਬੰਧ ਵਿੱਚ 50 ਫ਼ੀਸਦ ਦੇ ਕਰੀਬ ਹਿੱਸਾ ਪਾਇਆ। ਭਾਵੇਂ ਕੇਂਦਰ ਸਰਕਾਰ ਵੱਲੋਂ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਫਿਰ ਵੀ 36 ਫ਼ੀਸਦ ਦੇ ਕਰੀਬ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਧਿਆਨ ਮੰਗਦਾ ਇੱਕ ਪੱਖ ਇਹ ਹੈ ਕਿ ਜਦੋਂ ਦੇਸ਼ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਿਹਾ ਹੁੰਦਾ ਹੈ ਤਾਂ ਪੰਜਾਬ ਦਾ ਇਹ ਯੋਗਦਾਨ ਸਥਿਰ ਹੀ ਨਹੀਂ ਰਹਿੰਦਾ ਸਗੋਂ ਮੁਕਾਬਲਤਨ ਵਧ ਜਾਂਦਾ ਹੈ। ਸੋਕੇ ਦੌਰਾਨ ਇਸ ਯੋਗਦਾਨ ਨੂੰ ਬਣਾਈ ਰੱਖਣ ਲਈ ਪੰਜਾਬ ਦੇ ਕਿਸਾਨਾਂ ਨੂੰ ਵਧੀ ਹੋਈ ਉਤਪਾਦਨ ਲਾਗਤ ਵੀ ਸਹਿਣੀ ਪੈਂਦੀ ਹੈ।

ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਜਥੇਬੰਦੀਆਂ ਇਨ੍ਹਾਂ ਵਰਗਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਦਿੰਦੀਆਂ ਰਹਿੰਦੀਆਂ ਹਨ। ਇਨ੍ਹਾਂ ਅੰਕੜਿਆਂ ਤੋਂ ਇਲਾਵਾ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਉਹ ਖ਼ੁਦਕੁਸ਼ੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਕਾਨੂੰਨੀ ਅਤੇ ਸਮਾਜਿਕ ਉਲਝਣਾਂ ਤੋਂ ਬਚਣ ਲਈ ਕੁਦਰਤੀ ਜਾਂ ਹਾਦਸਾ ਮੌਤਾਂ ਵਜੋਂ ਦਰਜ ਕਰਵਾਇਆ ਹੈ। ਇਸ ਤੋਂ ਇਲਾਵਾ ਜਿਹੜੇ ਖੇਤ ਮਜ਼ਦੂਰ ਅਤੇ ਕਿਸਾਨ ਘਰੋਂ ਲਾਪਤਾ ਹੋਣ ਤੋਂ ਬਾਅਦ ਖ਼ੁਦਕੁਸ਼ੀਆਂ ਕਰ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ, ਉਨ੍ਹਾਂ ਨੂੰ ਵੀ ਇਨ੍ਹਾਂ ਅੰਕੜਿਆਂ ਵਿੱਚ ਨਹੀਂ ਲਿਆ ਜਾਂਦਾ। ਇੱਥੇ ਇਹ ਤੱਥ ਜਾਨਣਾ ਵੀ ਜ਼ਰੂਰੀ ਹੈ ਕਿ ਭਾਰਤ ਸਰਕਾਰ ਦਾ ਇੱਕ ਅਦਾਰਾ ਐੱਨ.ਐੱਸ.ਐੱਸ.ਓ. 1995 ਤੋਂ ਕਿਸਾਨਾਂ ਦੀਆਂ ਦਰਜ ਹੋਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਦਾ ਹੈ। ਇਨ੍ਹਾਂ ਅੰਕੜਿਆਂ ਵਿੱਚ ਅਨੇਕਾਂ ਖਾਮੀਆਂ ਹਨ, ਪਰ ਇਸ ਅਦਾਰੇ ਨੇ ਕਦੇ ਵੀ ਖੇਤੀਬਾੜੀ ਖੇਤਰ ਦੇ ਅਰਥਚਾਰੇ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ, ਜੋ ਘਸਦਾ ਵੀ ਜ਼ਿਆਦਾ ਅਤੇ ਟੁੱਟਦਾ ਵੀ ਜ਼ਿਆਦਾ ਹੈ ਭਾਵ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਇਕੱਤਰ ਅਤੇ ਜਾਰੀ ਕਰਨ ਦੀ ਕੋਈ ਲੋੜ ਨਹੀਂ ਸਮਝੀ।

ਮਨੁੱਖਾਂ ਦੀਆਂ ਖ਼ੁਦਕੁਸ਼ੀਆਂ ਦੇ ਕਈ ਕਾਰਨ ਹੁੰਦੇ ਹਨ। ਉਹ ਆਰਥਿਕ, ਸਮਾਜਿਕ ਜਾਂ ਮਨੋਵਿਗਿਆਨਕ ਹੋ ਸਕਦੇ ਹਨ, ਪਰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਮੁੱਖ ਕਾਰਨ ਕਰਜ਼ਾ ਅਤੇ ਗ਼ਰੀਬੀ ਹਨ। ਪੰਜਾਬ ਵਿੱਚ ਕੀਤੇ ਗਏ ਵੱਖ-ਵੱਖ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਨਾਲ ਸਬੰਧਿਤ ਖ਼ੁਦਕੁਸ਼ੀਆਂ ਵਿੱਚੋਂ 40 ਫ਼ੀਸਦ ਦੇ ਕਰੀਬ ਖ਼ੁਦਕੁਸ਼ੀਆਂ ਇਕੱਲੇ ਖੇਤ ਮਜ਼ਦੂਰਾਂ ਦੀਆਂ ਹਨ। ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿੱਚੋਂ ਵੀ ਜ਼ਿਆਦਾ ਵੱਡੀ ਗਿਣਤੀ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਨ੍ਹਾਂ ਖ਼ੁਦਕੁਸ਼ੀਆਂ ਸਬੰਧੀ ਇਹ ਤੱਥ ਸਾਹਮਣੇ ਲਿਆਂਦਾ ਗਿਆ ਹੈ ਕਿ ਇਨ੍ਹਾਂ ਵਿੱਚੋਂ ਤਿੰਨ-ਚੌਥਾਈ (75 ਫ਼ੀਸਦ) ਖ਼ੁਦਕੁਸ਼ੀਆਂ ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਜਿਵੇਂ ਪਰਿਵਾਰਕ ਝਗੜਿਆਂ, ਸਰੀਰਕ ਬਿਮਾਰੀਆਂ, ਮਾਨਸਿਕ ਸਿਹਤ ਦੇ ਵਿਗਾੜ, ਅਦਾਲਤੀ ਝਗੜਿਆਂ ਅਤੇ ਨਸ਼ਿਆਂ ਦੀ ਆਦਤ ਕਾਰਨ ਹੋ ਰਹੀਆਂ ਹਨ। ਇਸ ਲੇਖਕ ਦੀ ਸਮਾਜਿਕ ਸਮਾਗਮਾਂ ਉੱਤੇ ਹੁੰਦੇ ਵਾਧੂ ਖ਼ਰਚਿਆਂ ਬਾਰੇ ਅਸਹਿਮਤੀ ਹੈ ਕਿਉਂਕਿ ਸਮਾਜ ਦੇ ਸਾਰੇ ਵਰਗਾਂ ਦਾ ਇੱਕ ਸੱਭਿਆਚਾਰਕ ਨਿਊਨਤਮ ਪੱਧਰ ਵੀ ਹੁੰਦਾ ਹੈ। ਜਿਹੜੇ ਵਰਗ ਸਿਰਫ਼ ਦੋ ਡੰਗਾਂ ਦੀ ਰੁੱਖੀ-ਸੁੱਕੀ ਰੋਟੀ ਲਈ ਸ਼ੰਘਰਸ਼ ਕਰਦੇ ਰਹਿੰਦੇ ਹਨ, ਉਹ ਵਾਧੂ ਖ਼ਰਚ ਕਿੱਥੋਂ ਅਤੇ ਕਿਵੇਂ ਕਰਨਗੇ ? ਬਾਕੀ ਦੇ ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਦੇ ਸਬੰਧ ਵਿੱਚ ਇਹ ਤੱਥ ਵੀ ਧਿਆਨ ਮੰਗਦੇ ਹਨ



ਕਿ ਭਰੇ ਹੋਏ ਭਾਂਡੇ ਕਦੇ ਵੀ ਖੜਕਦੇ ਨਹੀਂ ਸਗੋਂ ਖਾਲੀ ਭਾਂਡੇ ਹੀ ਖੜਕਦੇ ਰਹਿੰਦੇ ਹਨ। ਇਨ੍ਹਾਂ ਨੂੰ ਭਰਨ ਲਈ ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇਲਾ ਹੈ।

ਵਰਤਮਾਨ ਸਮਾਂ ਅਤੇ ਦੇਸ਼ ਦੀਆਂ ਲੋੜਾਂ ਮੰਗ ਕਰਦੀਆਂ ਹਨ ਕਿ ਵਿਦਵਾਨ ਏਅਰ-ਕੰਡੀਸ਼ੰਡ ਕਮਰਿਆਂ ਤੋਂ ਬਾਹਰ ਨਿਕਲ ਕੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਕੋਲ ਜਾ ਕੇ ਉਨ੍ਹਾਂ ਨਾਲ ਉੱਠਣਾ-ਬੈਠਣਾ, ਖਾਣ-ਪੀਣ ਤੇ ਤੰਗੀਆਂ-ਤੁਰਸ਼ੀਆਂ ਝੱਲਣੀਆਂ ਸਿੱਖਣ ਅਤੇ ਉਨ੍ਹਾਂ ਦੁਆਰਾ ਕੀਤੀ ਜਾਂਦੀ ਮਿਹਨਤ ਅਤੇ ਸਮੱਸਿਆਵਾਂ ਦਾ ਸੰਜੀਦਗੀ ਨਾਲ ਅਧਿਐਨ ਕਰਕੇ ਉਨ੍ਹਾਂ ਬਾਰੇ ਕੀਤੇ ਜਾਂਦੇ ਕੂੜ ਪ੍ਰਚਾਰ ਨੂੰ ਤਿਆਗਦਿਆਂ ਇਨ੍ਹਾਂ ਵਰਗਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਾਰਥਿਕ ਸੁਝਾਅ ਦੇਣ।

ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਭਾਰਤ ਸਰਕਾਰ ਪੰਜਾਬ ਦੁਆਰਾ ਘਾਟਾ ਝੱਲ ਕੇ ਕੇਂਦਰੀ ਅਨਾਜ ਭੰਡਾਰ ਵਿੱਚ ਪਾਏ ਯੋਗਦਾਨ ਦੀ ਗਿਣਤੀ-ਮਿਣਤੀ ਕਰਕੇ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦੇਵੇ ਜਿਸ ਦਾ ਫ਼ਾਇਦਾ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਦਿੱਤਾ ਜਾਵੇ। ਉਹ ਇਸ ਸੂਬੇ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫ਼ਸਲੀ-ਚੱਕਰ ਨੂੰ ਮਨਜ਼ੂਰੀ ਦੇ ਕੇ ਖੇਤੀਬਾੜੀ ਨੂੰ ਇੰਨਾ ਕੁ ਲਾਹੇਵੰਦਾ ਬਣਾਵੇ ਤਾਂ ਕਿ ਖੇਤੀਬਾੜੀ ਉੱਪਰ ਨਿਰਭਰ ਸਾਰੇ ਵਰਗ ਆਪਣੀਆਂ ਮੁੱਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਇਸ ਦੇ ਨਾਲ-ਨਾਲ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਹੱਕ ਵਿੱਚ ਜ਼ਮੀਨੀ ਸੁਧਾਰ ਕੀਤੇ ਜਾਣ ਅਤੇ ਇਨ੍ਹਾਂ ਦਾ ਫ਼ਾਇਦਾ ਤਰਜੀਹੀ ਤੌਰ ਉੱਤੇ ਸਦੀਆਂ ਤੋਂ ਦੁਰਕਾਰੇ ਅਤੇ ਲਤਾੜੇ ਜਾਂਦੇ ਖੇਤ ਮਜ਼ਦੂਰਾਂ ਨੂੰ ਦਿੱਤਾ ਜਾਵੇ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਸਮੂਹਿਕ ਲੀਡਰਸ਼ਿਪ ਵਾਲੀਆਂ ਹੋਣ ਤਾਂ ਕਿ ਇੱਕ ਲੀਡਰ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਜਥੇਬੰਦੀ ਦੇ ਪੂਰੇ ਕਾਡਰ ਦੇ ਵਾਜਬ ਹਿੱਤਾਂ ਦੀ ਬੋਲੀ ਨਾ ਲਗਾ ਸਕੇ। ਖੇਤੀਬਾੜੀ ਖੋਜ ਅਤੇ ਵਿਕਾਸ ਦੇ ਕੰਮ ਜਨਤਕ ਜਾਂ ਗ਼ੈਰ-ਮੁਨਾਫ਼ਾਕਾਰੀ ਅਦਾਰਿਆਂ ਰਾਹੀਂ ਕਰਵਾਏ ਜਾਣ। ਕੁਦਰਤੀ ਆਫ਼ਤਾਂ ਮੌਕੇ ਬਣਦਾ ਵਾਜਬ ਮੁਆਵਜ਼ਾ ਸਮੇਂ ਸਿਰ ਦਿੱਤਾ ਜਾਵੇ। ਕਿਸਾਨਾਂ ਨੂੰ ਲੋੜੀਂਦਾ ਕਰਜ਼ਾ ਰਿਆਇਤੀ ਵਿਆਜ ਦੀਆਂ ਦਰਾਂ 'ਤੇ ਦਿੱਤਾ ਜਾਵੇ। ਇਹ ਖੇਤ ਮਜ਼ਦੂਰਾਂ ਅਤੇ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਵੀ ਵਿਆਜ 'ਤੇ ਦਿੱਤਾ ਜਾਵੇ। ਪਿੰਡਾਂ ਵਿੱਚ ਐਗਰੋ-ਪ੍ਰੋਸੈਸਿੰਗ ਅਦਾਰੇ ਕਿਸਾਨਾਂ ਦੀ ਸਹਿਕਾਰੀ ਮਾਲਕੀ ਵਾਲੇ ਸੰਘਾਂ ਦੁਆਰਾ ਚਲਾਏ ਜਾਣ ਤਾਂ ਕਿ ਮੁੱਲ-ਵਾਧੇ ਦਾ ਫ਼ਾਇਦਾ ਕਿਸਾਨਾਂ ਨੂੰ ਮਿਲੇ ਅਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਲਈ ਰੁਜ਼ਗਾਰ ਦੇ ਮੌਕੇ ਵਧਣ। ਸਹਿਕਾਰੀ ਅਦਾਰਿਆਂ ਦੁਆਰਾ ਖੇਤੀਬਾੜੀ ਲਈ ਲੋੜੀਂਦੀ ਮਸ਼ੀਨਰੀ ਸੀਮਾਂਤ ਅਤੇ ਛੋਟੇ ਕਿਸਾਨਾਂ ਲਈ ਰਿਆਇਤੀ ਦਰਾਂ ਉੱਪਰ ਸਮੇਂ ਸਿਰ ਮੁਹੱਈਆ ਕਰਨੀ ਯਕੀਨੀ ਬਣਾਈ ਜਾਵੇ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਲਈ ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ। ਮਨਰੇਗਾ ਅਤੇ ਇਸ ਵਰਗੀਆਂ ਹੋਰ ਸਕੀਮਾਂ ਅਧੀਨ ਖੇਤ ਮਜ਼ਦੂਰਾਂ ਅਤੇ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਘੱਟੋ-ਘੱਟ 100 ਦਿਨਾਂ ਦਾ ਰੁਜ਼ਗਾਰ ਮੰਡੀ ਵਿੱਚ ਚੱਲ ਰਹੀਆਂ ਉਜਰਤਾਂ ਉੱਪਰ ਦੇਣਾ ਯਕੀਨੀ ਬਣਾਇਆ ਜਾਵੇ।

ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਵਰਗਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਕਾਰਨਾਂ ਬਾਰੇ ਜਾਣੂ ਕਰਵਾਉਣ ਅਤੇ ਮੀਡੀਆ ਰਾਹੀਂ ਇਨ੍ਹਾਂ ਵੱਲ ਸਰਕਾਰ ਤੇ ਸਮਾਜ ਦਾ ਧਿਆਨ ਵੀ ਖਿੱਚਣ। ਇਨ੍ਹਾਂ ਜਥੇਬੰਦੀਆਂ ਅਤੇ ਹੋਰ ਜਾਗਰੂਕ ਲੋਕਾਂ ਦਾ ਇਹ ਵੀ ਫਰਜ਼ ਬਣਦਾ ਹੈ ਕਿ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਦੱਸਣ ਕਿ ਖ਼ੁਦਕੁਸ਼ੀਆਂ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀਆਂ। ਜੇਕਰ ਸਰਕਾਰ ਅਤੇ ਸਮਾਜ ਇਨ੍ਹਾਂ ਵਰਗਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਕਰਦੇ ਤਾਂ ਇਹ ਲੋਕਤੰਤਰਿਕ ਅਤੇ ਸ਼ਾਂਤਮਈ ਸੰਘਰਸ਼ ਦਾ ਰਾਹ ਜ਼ਰੂਰ ਅਪਨਾਉਣ।

× ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਸੰਪਰਕ: 99156-82196

## ਪੰਦਰਾਂ ਸਾਲਾਂ 'ਚ 14 ਹਜ਼ਾਰ ਕਿਸਾਨ ਹੋਏ ਖ਼ੁਦਕੁਸ਼ੀ ਕਰਨ ਲਈ ਮਜਬੂਰ

**ਚੰਡੀਗੜ੍ਹ/ਬਿਊਰੋ ਨਿਊਜ਼:** ਮਾਲਵੇ ਦੇ ਛੇ ਜ਼ਿਲ੍ਹਿਆਂ ਸੰਗਰੂਰ, ਬਠਿੰਡਾ, ਮਾਨਸਾ, ਬਰਨਾਲਾ, ਲੁਧਿਆਣਾ ਤੇ ਮੋਗਾ ਵਿੱਚ ਇਕ ਦਿਨ 'ਚ ਛੇ ਕਿਸਾਨ ਖ਼ੁਦ ਮੌਤ ਨੂੰ ਗਲ਼ ਲਾਉਂਦੇ ਹਨ। ਪਿਛਲੇ ਪੰਦਰਾਂ ਸਾਲਾਂ 'ਚ ਇਹ ਔਸਤ ਅੰਕੜਾ ਹੈ। ਇਨ੍ਹਾਂ ਜ਼ਿਲ੍ਹਿਆਂ 'ਚ ਘਰ ਘਰ ਜਾ ਕੇ ਕੀਤੇ ਸਰਵੇਖਣ ਮੁਤਾਬਕ ਸਾਲ 2000 ਤੋਂ 2015 ਦੇ ਅਰਸੇ ਦੌਰਾਨ 14,667 ਖੇਤ ਮਜ਼ਦੂਰਾਂ ਤੇ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਇਹ ਖ਼ੁਲਾਸਾ ਪਿਛਲੇ ਹਫ਼ਤੇ (22 ਨਵੰਬਰ) ਕਿਸਾਨ ਖ਼ੁਦਕੁਸ਼ੀਆਂ ਬਾਰੇ ਵਿਧਾਨ ਸਭਾ ਦੀ ਕਮੇਟੀ ਅੱਗੇ ਰੱਖੀ ਰਿਪੋਰਟ 'ਚ ਕੀਤਾ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਖੇਤੀ ਕਰਜ਼ਿਆਂ 'ਚ ਰਾਹਤ ਦੇਣ ਲਈ ਭਾਵੇਂ ਅਜੇ ਦੁਚਿੱਤੀ ਵਿੱਚ ਹੈ, ਪਰ ਸਰਵੇਖਣ ਮੁਤਾਬਕ 83 ਫੀਸਦ ਕਿਸਾਨਾਂ ਨੂੰ ਕਰਜ਼ੇ ਨੇ ਨਿਗਲਿਆ ਹੈ। ਇਨ੍ਹਾਂ 'ਚੋਂ ਵੱਡੀ ਗਿਣਤੀ ਕਿਸਾਨ ਨਰਮਾ ਕਾਸ਼ਤਕਾਰ ਸਨ। ਸੀਮਾਂਤ ਕਿਸਾਨਾਂ (ਜਿਨ੍ਹਾਂ ਕੋਲ 2.47 ਏਕੜ ਤੋਂ ਵੀ ਘੱਟ ਰਕਬਾ ਹੈ) ਦੀ ਸਥਿਤੀ ਹੋਰ ਵੀ ਤਰਸਯੋਗ ਹੈ। ਕੁੱਲ ਖੁ ?ਦਕੁਸ਼ੀਆਂ 'ਚੋਂ ਸੀਮਾਂਤ ਤੇ ਛੋਟੇ ਕਿਸਾਨਾਂ ਦੀ ਗਿਣਤੀ ਕ੍ਰਮਵਾਰ 45.61 ਤੇ 30.53 ਫੀਸਦ ਬਣਦੀ ਹੈ। ਸਰਵੇਖਣ ਕਰਨ ਵਾਲੀ ਟੀਮ ਦੀ ਅਗਵਾਈ ਕਰਨ ਵਾਲੇ ਪ੍ਰੋ. ਸੁਖਪਾਲ ਸਿੰਘ ਨੇ ਕਿਹਾ ਕਿ ਨਰਮਾ ਉਤਪਾਦਕ ਬਠਿੰਡਾ, ਮਾਨਸਾ ਤੇ ਸੰਗਰੂਰ ਜ਼ਿਲ੍ਹਿਆਂ ਨੂੰ ਸਭ ਤੋਂ ਵੱਧ ਮਾਰ ਪਈ ਹੈ। ਇਹੀ ਵਰਤਾਰਾ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਵੇਖਿਆ ਜਾ ਸਕਦਾ ਹੈ। ਸਰਵੇਖਣ ਕਰਨ ਵਾਲੀ ਟੀਮ 'ਚ ਡਾ. ਮਨਜੀਤ ਕੌਰ ਤੇ ਡਾ. ਐਚ. ਐਸ. ਕਿੰਗਰਾ ਵੀ ਸ਼ਾਮਲ ਸਨ। ਸੰਗਰੂਰ ਵਿੱਚ 3818 ਕਿਸਾਨਾਂ ਨੇ, ਮਾਨਸਾ 'ਚ 3388, ਬਠਿੰਡਾ 3094, ਬਰਨਾਲਾ 1706, ਮੋਗਾ 1423 ਤੇ ਲੁਧਿਆਣਾ ਵਿੱਚ 1238 ਕਿਸਾਨਾਂ ਨੇ ਸਿਰੇ ਦਾ ਕਦਮ ਚੁੱਕਿਆ।

ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੀਐਨਡੀਯੂ ਅੰਮ੍ਰਿਤਸਰ ਤੇ ਪੀਏਯੂ ਲੁਧਿਆਣਾ ਨੂੰ ਕਿਸਾਨ ਖੁ ?ਦਕੁਸ਼ੀਆਂ ਦਾ ਸਰਵੇਖਣ ਕਰਨ ਲਈ ਕਿਹਾ ਸੀ। ਪੰਜਾਬੀ ਯੂਨੀਵਰਸਿਟੀ ਨੇ ਸੱਤ ਜ਼ਿਲ੍ਹਿਆਂ 'ਚ 1674 ਖ਼ੁਦਕੁਸ਼ੀਆਂ ਜਦਕਿ ਜੀਐਨਡੀਯੂ ਨੇ ਸਾਲ 2000 ਤੋਂ 2010 ਦੇ ਅਰਸੇ ਦੌਰਾਨ 433 ਖੁ ?ਦਕੁਸ਼ੀਆਂ ਦੇ ਕੇਸ ਰਿਪੋਰਟ ਕੀਤੇ ਸਨ। ਪ੍ਰੋ. ਸੁਖਪਾਲ ਨੇ ਕਿਹਾ ਕਿ ਸਰਵੇਖਣ ਦੀ ਰਿਪੋਰਟ ਤੇ ਮੌਜੂਦਾ ਅੰਕੜਿਆਂ ਦੇ ਮੱਦੇਨਜ਼ਰ ਸਰਕਾਰ ਨੂੰ ਫੌਰੀ ਸੀਮਾਂਤ ਤੇ ਛੋਟੇ ਕਿਸਾਨਾਂ ਲਈ ਇਕ ਸਾਲ ਲਈ ਕਿਸਾਨੀ ਕਰਜ਼ਿਆਂ 'ਤੇ ਰੋਕ ਦਾ ਐਲਾਨ ਕਰਦਿਆਂ ਕਰਜ਼ੇ ਦੀ ਅਦਾਇਗੀ ਦਾ ਸਮਾਂ ਵਧਾਉਣਾ ਚਾਹੀਦਾ ਹੈ। ਉਨ੍ਹਾਂ ਕਿਸਾਨਾਂ ਨੂੰ ਵਿਆਜ ਰਹਿਤ ਕਰਜ਼ਾ ਦੇਣ ਦੀ ਵੀ ਵਕਾਲਤ ਕੀਤੀ।



### ਪੰਜਾਬ 'ਚ ਖ਼ੁਦਕੁਸ਼ੀਆਂ ਦਾ ਦੁਖਾਂਤ:
## ਕਿਸਾਨਾਂ ਤੋਂ ਵੱਧ ਖੇਤ ਮਜ਼ਦੂਰਾਂ ਕੀਤੀ ਖ਼ੁਦਕਸ਼ੀ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਸਰਵੇਖਣ ਰਿਪੋਰਟ 'ਚ ਸਪੱਸ਼ਟ ਹੋਇਆ ਹੈ ਕਿ ਕਿਸਾਨਾਂ ਤੋਂ ਵਧ ਖੇਤ ਮਜ਼ਦੂਰਾਂ ਨੇ ਕਰਜ਼ਿਆਂ ਕਰਕੇ ਖ਼ੁਦਕੁਸ਼ੀਆਂ ਕੀਤੀਆਂ ਹਨ ਪਰ ਪੰਜਾਬ ਸਰਕਾਰ ਦੀ ਕਰਜ਼ਾ ਰਾਹਤ ਯੋਜਨਾ 'ਚ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾ ਰਹੀ। ਸੰਗਰੂਰ, ਬਠਿੰਡਾ, ਮਾਨਸਾ, ਬਰਨਾਲਾ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ 'ਚ ਘਰ ਘਰ ਜਾ ਕੇ ਤਿਆਰ ਕੀਤੀ ਗਈ ਰਿਪੋਰਟ 'ਚ ਖ਼ੁਲਾਸਾ ਹੋਇਆ ਹੈ ਕਿ ਖੇਤ ਮਜ਼ਦੂਰ ਕਿਤੇ ਵਧ ਸੰਕਟ 'ਚ ਹਨ। ਰਿਪੋਰਟ ਮੁਤਾਬਕ ਸਾਲ 2000 ਤੋਂ 2015 ਦੌਰਾਨ ਪਿੰਡਾਂ 'ਚ ਹੋਈਆਂ ਕੁਲ 14667 ਖ਼ੁਦਕੁਸ਼ੀਆਂ 'ਚੋਂ 44 ਫ਼ੀਸਦੀ ਖੇਤ ਮਜ਼ਦੂਰ ਸਨ ਜਦਕਿ ਛੇ ਜ਼ਿਲ੍ਹਿਆਂ 'ਚ 6373 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀ। ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ 'ਚ 20 ਲੱਖ ਕਿਸਾਨ ਅਤੇ 15 ਲੱਖ ਖੇਤ ਮਜ਼ਦੂਰ ਹਨ। ਇਕ ਲੱਖ ਖੇਤ ਮਜ਼ਦੂਰਾਂ ਅਤੇ ਇਕ ਲੱਖ ਕਿਸਾਨਾਂ ਪਿੱਛੇ ਹਰ ਸਾਲ 26-26 ਖੇਤ ਮਜ਼ਦੂਰ ਤੇ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ ਜਦਕਿ ਦੋਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਖੇਤ ਮਜ਼ਦੂਰ ਵੱਲੋਂ ਖ਼ੁਦਕੁਸ਼ੀਆਂ ਦੀ ਤਾਦਾਤ ਕਿਤੇ ਵਧ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਰਿਪੋਰਟ, ਜੋ ਇਸੇ ਪ੍ਰਾਜੈਕਟ ਦਾ ਹਿੱਸਾ ਹੈ, 'ਚ ਹੋਰ ਸੱਤ ਜ਼ਿਲ੍ਹਿਆਂ 'ਚ ਪਾਇਆ ਗਿਆ ਕਿ ਕੁਲ ਖ਼ੁਦਕੁਸ਼ੀਆਂ 'ਚੋਂ 53.87 ਫ਼ੀਸਦੀ ਖੇਤ ਮਜ਼ਦੂਰ ਨੇ ਕੀਤੀਆਂ। ਪੀਏਯੂ ਦੇ ਪ੍ਰੋਫ਼ੈਸਰ ਸੁਖਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਰਿਪੋਰਟ 'ਚ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲੇ ਬਰਾਬਰ ਹਨ ਪਰ ਪੰਜਾਬੀ ਯੂਨੀਵਰਸਿਟੀ ਦੇ ਅਧਿਐਨ ਨਾਲ ਸਪੱਸ਼ਟ ਹੋ ਗਿਆ ਹੈ ਕਿ ਖੇਤ ਮਜ਼ਦੂਰਾਂ ਵੱਲੋਂ ਕਿਤੇ ਵਧ ਖ਼ੁਦਕੁਸ਼ੀਆਂ ਕੀਤੀਆਂ ਗਈਆਂ ਹਨ। ਸਰਵੇਖਣ ਮੁਤਾਬਕ 77 ਫ਼ੀਸਦੀ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਮੁਖ ਕਾਰਨ ਕਰਜ਼ਾ ਹੈ। ਖੇਤ ਮਜ਼ਦੂਰ ਯੂਨੀਅਨਾਂ ਦੇ ਕਮਜ਼ੋਰ ਹੋਣ ਕਰਕੇ ਵੀ ਉਨ੍ਹਾਂ ਦੀ ਆਵਾਜ਼ ਦੱਬ ਕੇ ਰਹਿ ਜਾਂਦੀ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸੇਵੇਵਾਲਾ ਨੇ ਕਿਹਾ ਕਿ ਪਿਛਲੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਨੇ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ ਅਜਿਹਾ ਵਤੀਰਾ ਅਪਣਾਇਆ ਜਿਵੇਂ ਉਹ ਜ਼ਿਮੀਦਾਰਾਂ ਦੇ ਨੁਮਾਇੰਦੇ ਹਨ। ਉਨ੍ਹਾਂ ਕਿਹਾ,"ਸਾਨੂੰ ਬੈਠਕਾਂ 'ਚ ਸੱਦਿਆ ਜਾਂਦਾ ਰਿਹਾ ਪਰ ਮੁਸ਼ਕਲਾਂ 'ਤੇ ਕਦੇ ਵੀ ਵਿਚਾਰਿਆ ਨਹੀਂ ਗਿਆ। ਹੁਣ ਜਾਪਦਾ ਹੈ ਕਿ ਕਾਂਗਰਸ ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਵੀ ਕੁਝ ਨਹੀਂ ਬਦਲਿਆ ਹੈ।" ਪਹਿਲਾਂ ਸਰਕਾਰ ਨੇ ਖੇਤ ਮਜ਼ਦੂਰਾਂ ਦੇ ਅੰਕੜੇ ਨਾ ਹੋਣ ਦਾ ਬਹਾਨਾ ਬਣਾਇਆ ਸੀ ਪਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕਰਵਾਏ ਗਏ ਸਰਵੇਖਣ 'ਚ ਪਤਾ ਲੱਗਿਆ ਕਿ 85 ਫ਼ੀਸਦੀ ਖੇਤ ਮਜ਼ਦੂਰ ਕਰਜ਼ਦਾਰ ਹਨ ਅਤੇ ਔਸਤਨ ਖੇਤ ਮਜ਼ਦੂਰ ਦੇ ਇਕ ਪਰਿਵਾਰ 'ਤੇ 91 ਹਜ਼ਾਰ ਰੁਪਏ ਦਾ ਕਰਜ਼ਾ ਹੈ।

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

Guru Nanak Sikh Temple Fairfield
Visit Our Website: www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

*South Asian Wedding Cards*

CALL NOW

# ਅੰਤਰਰਾਸ਼ਟਰੀ ਸਿੱਖ ਸਪੋਰਟਸ ਕੌਂਸਲ ਤੇ ਜਰਖੜ ਹਾਕੀ ਅਕਾਦਮੀ ਵਲੋਂ ਕਰਵਾਏ ਸਿੱਖ ਹਾਕੀ ਖਿਡਾਰੀਆਂ ਦੇ ਟੂਰਨਾਮੈਂਟ ਨੂੰ ਭਰਵਾਂ ਹੁੰਗਾਰਾ







## ਟੂਰਨਾਮੈਂਟ ਦੇ ਚੌਥੇ ਦਿਨ ਮੁਹਾਲੀ ਅਤੇ ਜਰਖੜ ਅਕਾਦਮੀ ਫਾਇਨਲ 'ਚ ਪੁੱਜੀਆਂ

**ਲੁਧਿਆਣਾ/ਬਿਊਰੋ ਨਿਊਜ਼:** ਅੰਤਰਰਾਸ਼ਟਰੀ ਸਿੱਖ ਸਪੋਰਟਸ ਕੌਂਸਲ ਵੱਲੋਂ ਜਰਖੜ ਹਾਕੀ ਅਕਾਦਮੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਪਹਿਲੇ ਕੇਸਾਧਾਰੀ ਸਿੱਖ ਹਾਕੀ ਖਿਡਾਰੀਆਂ ਦੇ ਟੂਰਨਾਮੈਂਟ ਨੂੰ ਖਿਡਾਰੀਆਂ ਅਤੇ ਕਬੱਡੀ ਪ੍ਰੇਮੀਆਂ ਦਾ ਬੇਮਿਸਾਲ ਹੁੰਗਾਰਾ ਮਿਲ ਰਿਹਾ ਹੈ। ਸਿੱਖੀ ਸਰੂਪ ਵਾਲੇ ਖਿਡਾਰੀਆਂ ਦੀ ਸ਼ਮੂਲੀਅਤ ਵਾਲੇ ਇਸ ਵਕਾਰੀ ਟੂਰਨਾਮੈਂਟ ਦੇ ਸੈਮੀਫਾਇਨਲ ਮੈਚ ਬਹੁਤ ਹੀ ਸੰਘਰਸ਼ਪੂਰਨ ਅਤੇ ਰੋਮਾਂਚਕ ਰਹੇ। ਵੱਡੀ ਗਿਣਤੀ 'ਚ ਹਾਕੀ ਪ੍ਰੇਮੀਆਂ ਨੇ ਇਹਨਾਂ ਮੈਚਾਂ ਦਾ ਅਨੰਦ ਮਾਣਿਆ। ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਦੇ ਨੀਲੇ ਰੰਗ ਦੇ ਨਵੇਂ ਐਸਟਰੋਟਰਫ 'ਤੇ ਫਲੱਡ ਲਾਇਟਾਂ ਦੀ ਰੌਸ਼ਨੀ 'ਚ ਖੇਡੇ ਗਏ ਪਹਿਲੇ ਸੈਮੀਫਾਇਨਲ ਮੁਕਾਬਲੇ 'ਚ ਪੀ.ਆਈ.ਐਸ. ਅਕਾਦਮੀ ਮੁਹਾਲੀ ਨੇ ਚੰਡੀਗੜ੍ਹ ਅਕਾਦਮੀ 42 ਸੈਕਟਰ ਨੂੰ 3-2 ਨਾਲ ਹਰਾਇਆ। ਅੱਧੇ ਸਮੇਂ ਤੱਕ ਦੋਵੇਂ ਟਿਮਾਂ 2-1 'ਤੇ ਖੇਡੀਆਂ। ਮੁਹਾਲੀ ਟੀਮ ਦੀ ਜਿੱਤ ਦਾ ਮੁੱਖ ਹੀਰੋ ਸ਼ਰਨਜੀਤ ਸਿੰਘ ਰਿਹਾ, ਜਿਸ ਨੇ ਉਪਰੋਥਲੀ ਤਿੰਨ ਗੋਲ ਕਰਕੇ ਆਪਣੀ ਟੀਮ ਦੀ ਜਿੱਤ 'ਚ ਆਪਣੀ ਅਹਿਮ ਭੂਮਿਕਾ ਨਿਭਾਈ। ਜਦਕਿ ਚੰਡੀਗੜ੍ਹ ਵੱਲੋਂ ਸਾਹਿਬਜੀਤ ਸਿੰਘ ਨੇ 2 ਗੋਲ ਕੀਤੇ। ਅੱਧੇ ਸਮੇਂ ਦੇ ਦੂਜੇ ਸੈਮੀਫਾਇਨਲ ਮੁਕਾਬਲੇ 'ਚ ਜਰਖੜ ਹਾਕੀ ਅਕਾਦਮੀ ਨੇ ਕਰੜੇ ਸੰਘਰਸ਼ ਬਾਅਦ ਗਰੇਵਾਲ ਅਕਾਦਮੀ ਕਿਲ੍ਹਾ ਰਾਏਪੁਰ ਨੂੰ 4-3 ਨਾਲ ਹਰਾਇਆ। ਅੱਧੇ ਸਮੇਂ ਤੱਕ ਜੇਤੂ ਟੀਮ 2-3 ਨਾਲ ਪਿੱਛੇ ਸੀ। ਜਰਖੜ ਅਕਾਦਮੀ ਵੱਲੋਂ ਮਨਪ੍ਰੀਤ ਸਿੰਘ ਅਤੇ ਰਘਬੀਰ ਸਿੰਘ ਨੇ ਆਪਣੀ ਟੀਮ ਦੀ ਜਿੱਤ ਲਈ ਅਹਿਮ ਭੂਮਿਕਾ ਨਿਭਾਈ। ਮਨਪ੍ਰੀਤ ਸਿੰਘ ਨੇ 2 ਗੋਲ ਕੀਤੇ, ਰਘਬੀਰ ਸਿੰਘ ਅਤੇ ਕਰਨਦੀਪ ਸਿੰਘ ਨੇ 1 ਗੋਲ ਕਿਤਾ। ਜਦਕਿ ਕਿਲਾ ਰਾਏਪੁਰ ਵੱਲੋ 2 ਪਰਗਟ ਸਿੰਘ ਵੱਲੋਂ 2 ਅਤੇ ਗੁਰਪ੍ਰੀਤ ਸਿੰਘ ਵੱਲੋਂ 1 ਗੋਲ ਕੀਤਾ। ਜਰਖੜ ਅਕਾਦਮੀ ਦਾ ਹਰਮਿਲਾਪ ਸਿੰਘ ਅਤੇ ਮੁਹਾਲੀ ਦਾ ਸ਼ਰਨਜੀਤ ਸਿੰਘ ਮੈਨ ਆਫ ਦਾ ਮੈਚ ਬਣੇ।

ਪੰਜਾਵੇਂ ਦਿਨ ਦੇ ਮੈਚਾਂ ਦੌਰਾਨ ਬਲਜੀਤ ਕੌਰ ਬਲਾਕ ਵਿਕਾਸ ਅਫ਼ਸਰ, ਦਰੋਣਾਚਾਰਿਆ ਅਵਾਰਡੀ ਕੋਚ ਬਲਦੇਵ ਸਿੰਘ , ਓਲੰਪੀਅਨ ਹਰਦੀਪ ਸਿੰਘ ਗਰੇਵਾਲ, ਦਰਸ਼ਨ ਸਿੰਘ ਸ਼ੰਕਰ, ਮੁੱਖ ਸਪੋਕਸਮੈਨ ਆਮ ਆਦਮੀ ਪਾਰਟੀ, ਮਨਦੀਪ ਕੌਰ ਸੰਧੂ, ਕਾਉਂਸਲਰ ਤਨਵੀਰ ਸਿੰਘ ਧਾਲੀਵਾਲ, ਗੁਰਨਾਮ ਸਿੰਘ ਧਾਲੀਵਾਲ, ਕਮਲਜੀਤ ਸਿੰਘ ਅਸਟਰੇਲੀਆ, ਕਰਨੈਲ ਸਿੰਘ ਪੀਰ ਮੁਹੰਮਦ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਤੇ ਬਾਈ ਸੁਰਜੀਤ ਸਿੰਘ ਸਾਹਨੇਵਾਲ, ਮੁੱਖ ਸੇਵਾਦਾਰ, ਗੁਰਦੁਆਰਾ ਮੰਜੀ ਸਾਹਿਬ ਜਰਖੜ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਮੌਕੇ ਸਿੱਖ ਸਪੋਰਟਸ ਕੌਂਸਲ ਦੇ ਪ੍ਰਧਾਨ ਜਸਵੀਰ ਸਿੰਘ ਮੁਹਾਲੀ ਅਤੇ ਜਰਖੜ ਹਾਕੀ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਪਹਿਲਵਾਨ ਹਰਮੇਲ ਸਿੰਘ, ਕਾਲਾ, ਅਮਨਦੀਪ ਸਿੰਘ ਅਤੇ ਸੰਦੀਪ ਸਿੰਘ ਜਰਖੜ, ਮਨਦੀਪ ਸਿੰਘ ਜਰਖੜ, ਸੁਖਰਾਜ ਸਿੰਘ ਗਿੱਲ, ਹਰਮਿੰਦਰਪਾਲ ਸਿੰਘ ਤਕਨੀਕੀ ਡਾਇਰੈਕਟਰ ਟੂਰਨਾਮੈਂਟ ਕਮੇਟੀ, ਮਹਾਂਵੀਰ ਸਿੰਘ ਚੰਡੀਗੜ੍ਹ, ਹਰਬੰਸ ਸਿੰਘ ਗਿੱਲ ਤੇ ਹੋਰ ਖੇਡ ਪ੍ਰੇਮੀ ਹਾਜ਼ਰ ਸਨ।

## ਚੰਡੀਗੜ੍ਹ ਹਵਾਈ ਅੱਡੇ ਤੋਂ ਬੈਂਕਾਕ ਲਈ ਕੌਮਾਂਤਰੀ ਉਡਾਣ 11 ਤੋਂ

**ਚੰਡੀਗੜ੍ਹ/ਬਿਊਰੋ ਨਿਊਜ਼:** ਚੰਡੀਗੜ੍ਹ ਹਵਾਈ ਅੱਡੇ ਤੋਂ ਬੈਂਕਾਕ ਲਈ ਉਡਾਣ 11 ਦਸੰਬਰ ਤੋਂ ਸ਼ੁਰੂ ਹੋ ਰਹੀ ਹੈ। ਇਹ ਇਸ ਹਵਾਈ ਅੱਡੇ ਤੋਂ ਤੀਜੀ ਕੌਮਾਂਤਰੀ ਉਡਾਣ ਹੋਵੇਗੀ, ਜੋ ਹਫਤੇ ਵਿੱਚ ਤਿੰਨ ਵਾਰ ਚੱਲਿਆ ਕਰੇਗੀ। ਇਸ ਤੋਂ ਪਹਿਲਾਂ ਦੁਬਈ ਅਤੇ ਸ਼ਾਰਜਾਹ ਲਈ ਉਡਾਣਾਂ ਚੱਲ ਰਹੀਆਂ ਹਨ। ਏਅਰ ਇੰਡੀਆ ਦੀ ਇਸ ਫਲਾਈਟ ਦਾ ਆਉਣ-ਜਾਣ ਦਾ ਕਿਰਾਇਆ 17 ਹਜ਼ਾਰ ਰੁਪਏ ਰੱਖਿਆ ਗਿਆ ਹੈ, ਜਿਸ ਸਦਕਾ ਇਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਪਹਿਲੀ ਉਡਾਣ ਦੀਆਂ 50 ਦੇ ਕਰੀਬ ਟਿਕਟਾਂ ਵਿੱਕ ਗਈਆਂ ਹਨ। ਏਅਰ ਇੰਡੀਆ ਵਲੋਂ ਸ਼ੁਰੂ ਕੀਤੀ ਜਾ ਰਹੀ ਇਹ ਦੂਜੀ ਫਲਾਈਟ ਹੈ। ਪਿਛਲੇ ਸਤੰਬਰ ਵਿੱਚ ਸ਼ਾਰਜਾਹ ਲਈ ਪਹਿਲੀ ਕੌਮਾਂਤਰੀ ਉਡਾਣ ਸ਼ੁਰੂ ਕੀਤੀ ਗਈ ਸੀ। ਉਸੇ ਮਹੀਨੇ ਇੰਡੀਗੋ ਨੇ ਦੁਬਈ ਲਈ ਉਡਾਣ ਸ਼ੁਰੂ ਕੀਤੀ ਸੀ। ਬੈਂਕਾਕ ਲਈ ਜਹਾਜ਼ ਹਫ਼ਤੇ ਵਿੱਚ ਤਿੰਨ ਦਿਨ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਨੂੰ ਉਡਿਆ ਕਰੇਗਾ। ਚੰਡੀਗੜ੍ਹ ਤੋਂ ਬੈਂਕਾਕ ਜਾਣ ਲਈ ਪੌਣੇ ਪੰਜ ਘੰਟੇ ਅਤੇ ਬੈਂਕਾਕ ਤੋਂ ਚੰਡੀਗੜ੍ਹ ਲਈ ਪੰਜ ਘੰਟੇ ਦਸ ਮਿੰਟ ਲੱਗਿਆ ਕਰਨਗੇ। ਚੰਡੀਗੜ੍ਹ ਤੋਂ ਉਡਾਣ ਦੁਪਹਿਰ 2.00 ਵਜੇ ਚੱਲ ਕੇ ਰਾਤ ਨੂੰ 8.15 ਵਜੇ ਆਪਣੀ ਮੰਜ਼ਲ 'ਤੇ ਪੁੱਜਿਆ ਕਰੇਗੀ। ਬੈਂਕਾਕ ਤੋਂ ਜਾਹਜ਼ ਸਵੇਰੇ 5.40 ਵਜੇ ਉਡਾਣ ਭਰ ਕੇ ਇਥੇ ਸਵੇਰੇ 9.20 ਵਜੇ ਪੁੱਜਿਆ ਕਰੇਗਾ। ਜਹਾਜ਼ 162 ਸੀਟਾਂ ਵਾਲਾ ਹੋਵੇਗਾ। ਇਸ ਵੇਲੇ ਕੌਮਾਂਤਰੀ ਹਵਾਈ ਅੱਡੇ ਤੋਂ ਰੋਜ਼ਾਨਾ 27 ਉਡਾਣਾਂ ਚੱਲ ਰਹੀਆਂ ਹਨ ਤੇ 11 ਦਸੰਬਰ ਤੋਂ ਉਡਾਣਾਂ ਦੀ ਗਿਣਤੀ 28 ਹੋ ਜਾਵੇਗੀ। ਇਸ ਵੇਲੇ ਦੋ ਕੌਮਾਂਤਰੀ ਉਡਾਣਾਂ ਦੁਬਈ ਅਤੇ ਸ਼ਾਰਜਾਹ ਤੋਂ ਇਲਾਵਾ ਘਰੇਲੂ ਤੌਰ 'ਤੇ ਇਥੇ ਮੁੰਬਈ, ਦਿੱਲੀ, ਬੰਗਲੌਰ, ਜੈਪੁਰ, ਜੰਮੂ, ਸ੍ਰੀਨਗਰ ਅਤੇ ਲੇਹ ਆਦਿ ਲਈ ਹਵਾਈ ਸੇਵਾ ਜਾਰੀ ਹੈ, ਜਿਨ੍ਹਾਂ ਦਾ ਸਮਾਂ ਸਮਾਂ ਸਿਰਫ਼ ਸਵੇਰੇ ਪੌਣੇ ਅੱਠ ਤੋਂ ਸ਼ਾਮ ਪੌਣੇ ਚਾਰ ਵਜੇ ਤੱਕ ਹੈ। ਐਤਵਾਰ ਨੂੰ ਹਵਾਈ ਅੱਡਾ ਪੂਰਾ ਦਿਨ ਬੰਦ ਰਹਿੰਦਾ ਹੈ। ਹਵਾਈ ਅੱਡੇ ਦੇ ਰਨਵੇਅ ਦੇ ਵਿਸਤਾਰ ਦਾ ਕੰਮ ਚੱਲ ਰਿਹਾ ਹੈ, ਜੋ ਆਗਾਮੀ ਮਾਰਚ ਤੱਕ ਪੂਰਾ ਹੋ ਜਾਵੇਗਾ। ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਲੋਕਾਂ ਨੂੰ ਬੈਂਕਾਕ ਜਾਣ ਵਾਸਤੇ ਦਿੱਲੀ ਤੋਂ ਜਹਾਜ਼ ਲੈਣਾ ਪੈਂਦਾ ਸੀ। ਦਿੱਲੀ ਤੋਂ ਫਲਾਈਟ ਲੈਣ ਲਈ ਸੜਕ ਰਾਹੀਂ ਸੱਤ ਘੰਟੇ ਲੱਗ ਜਾਂਦੇ ਸਨ। ਚੰਡੀਗੜ੍ਹ ਤੋਂ ਦਿੱਲੀ ਤਕ ਹਵਾਈ ਰਸਤੇ ਜਾ ਕੇ ਉਥੋਂ ਅੱਗੇ ਜਹਾਜ਼ ਲੈਣ ਲਈ ਵੀ ਛੇ-ਸੱਤ ਘੰਟੇ ਲੱਗ ਜਾਂਦੇ ਸਨ। ਸਿੱਧੀ ਉਡਾਣ ਸ਼ੁਰੂ ਹੋਣ ਨਾਲ ਸ਼ਹਿਰ 'ਚ ਵਪਾਰ-ਕਾਰੋਬਾਰ ਵੀ ਵਧੇਗਾ।

# ਲੋਕ ਹਿੱਤਾਂ ਲਈ ਲੜਣ ਵਾਲੇ ਯੋਧੇ ਦੇ ਯੋਗਦਾਨ ਨੂੰ ਸਿਜਦਾ ਕੀਤਾ

## ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਬਾਨੀ ਗੁਰਬਖਸ਼ ਸਿੰਘ ਧਾਲੀਵਾਲ ਦੀ ਬਰਸੀ ਮਨਾਈ





**ਫਰਿਜ਼ਨੋ/ਬਿਊਰੋ ਨਿਊਜ਼:** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਸ. ਗੁਰਬਖਸ਼ ਸਿੰਘ ਧਾਲੀਵਾਲ ਦੀ 12ਵੀਂ ਬਰਸੀ ਮੌਕੇ ਜੁੜੇ ਸਭਨਾਂ ਬੁਰਾਰਿਆਂ ਤੇ ਹਿਤੈਸ਼ੀਆਂ ਨੇ ਲੋਕ ਹਿੱਤਾਂ ਲਈ ਲੜਣ ਵਾਲੇ ਯੋਧੇ ਦੇ ਯੋਗਦਾਨ ਨੂੰ ਸਿਜਦਾ ਕੀਤਾ। ਹੈਰੀਟੇਜ ਫੋਰਮ ਦੇ ਪੱਥਪ੍ਰਦਰਸ਼ਕ ਸਵਰਗੀ ਸ.ਧਾਲੀਵਾਲ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ ਤੇ ਪਹੁੰਚੇ ਹੋਏ ਪਰਿਵਾਰਕ ਮੈਬਰ, ਰਿਸਤੇਦਾਰ ਅਤੇ ਇਲਾਕੇ ਦੀਆਂ ਕਈ ਜੰਥੇਬੰਦੀਆਂ ਦੇ ਨਾਲ ਜੁੜੇ ਹੋਏ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ।

ਵਰਨਣਯੋਗ ਹੈ ਕਿ ਸ.ਗੁਰਬਖਸ ਸਿੰਘ ਆਪਣੇ ਜੀਵਨ ਦਾ ਇਕ ਲੰਬਾ ਹਿਸਾ ਲੋਕ ਘੋਲਾਂ ਦੇ ਲੇਖੇ ਲਾਇਆ ਅਤੇ ਲੋਕਾਂ ਦੀ ਤਰਜਮਾਨੀ ਕਰਦਿਆ ਪੰਜਾਬ ਅਸੰਬਲੀ ਦੇ ਮੈਂਬਰ ਵੀ ਚੁਣੇ ਗਏ। ਅਮਰੀਕਾ ਵਿਚ ਪਹੁੰਚਣ ਤੋਂ ਬਾਅਦ ਹੋਰ ਸਾਥੀਆ ਨਾਲ ਮਿਲ ਕੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਨੀਂਹ ਰੱਖੀ ਜੋ ਕਿ ਪਿਛਲੇ 17 ਸਾਲਾਂ ਤੋਂ ਗਦਰੀ ਬਾਬਿਆਂ ਦੀ ਸੋਚ ਨੂੰ ਲੋਕਾਂ ਵਿਚ ਪਰਚਾਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਸਾਲ 2005 ਵਿਚ ਉਨਾਂ ਦੀ ਮੌਤ ਤੋਂ ਬਾਅਦ ਪਰਿਵਾਰ ਨੇ ਹਰ ਸਾਲ ਉਨਾਂ ਨੂੰ ਯਾਦ ਕਰਨ ਅਤੇ ਉਨਾਂ ਦੀ ਸੋਚ ਪ੍ਰਤੀ ਆਪਣੀ ਵਚਨਵੱਧਤਾ ਦੁਹਰਾਉਣ ਦੀ ਪਿਰਤ ਨੂੰ ਜਾਰੀ ਰੱਖਿਆ ਹੈ।

ਇਸ ਵਾਰ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪ੍ਰੋਗਰਾਮ ਦੀ ਸ਼ੁਰੂਆਤ ਸਟੇਜ ਸੈਕਟਰੀ ਸੁਰਿੰਦਰ ਸਿੰਘ ਮੰਢਾਲੀ ਨੇ ਗੁਰਬਖਸ ਸਿੰਘ ਧਾਲੀਵਾਲ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਉਨਾਂ ਨੂੰ ਸ਼ਰਧਾਜਲੀ ਭੇਟ ਕੀਤੀ। ਘਾਇਕ ਰਾਜ ਬਰਾੜ ਨੇ ਇਕ ਗੀਤ ਨਾਲ ਸੁਰੀਲੀ ਸ਼ੁਰੂਆਤ ਕਰਦਿਆਂ ਦੱਸਿਆ ਕਿ ਉਨਾਂ ਵਲੋਂ ਹੋਰ ਸਾਥੀਆ ਨਾਲ ਰਲ ਕੇ ਸ਼ੁਰੂ ਕੀਤੀ ਲਾਲ ਚੰਦ ਯਮਲਾ ਫਾਉਡੇਸ਼ਨ ਦੇ ਪ੍ਰੇਰਨਾ ਸਰੋਤ ਵੀ ਗੁਰਬਖਸ਼ ਸਿੰਘ ਧਾਲੀਵਾਲ ਹੀ ਸਨ।

ਲਛਮਣ ਸਿੰਘ ਰਾਠੌਰ ਨੇ ਆਪਣੀਆਂ ਕਵਿਤਾਵਾਂ ਰਾਹੀਂ ਗੁਰਬਖਸ ਸਿੰਘ ਦੀ ਸੋਚ ਨੂੰ ਸਲਾਮ ਕੀਤਾ। ਹਰਨੇਕ ਸਿੰਘ ਅਤੇ ਹਰਨਾਮ ਸਿੰਘ ਪਨੂੰ ਨੇ ਵੀ ਇਸ ਮੌਕੇ ਬੋਲਦਿਆਂ ਗੁਰਬਖਸ ਸਿੰਘ ਨੂੰ ਯਾਦ ਕੀਤਾ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਪਰਸਤ ਗੁਰਦੀਪ ਸਿੰਘ ਅਣਖੀ ਨੇ ਸਦਾ ਸੰਘਰਸ਼ਕਾਰੀ ਗੁਰਬਖਸ਼ ਸਿੰਘ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕਰਦਿਆਂ ਉਨਾਂ ਦੇ ਪਰਿਵਾਰ ਵਲੋਂ ਗੁਰਬਖਸ ਸਿੰਘ ਵਲੋਂ ਪਾਈਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਅਪਣਾਈ ਰਖਣ ਲਈ ਧੰਨਵਾਦ ਵੀ ਕੀਤਾ। ਉਨਾਂ ਨੇ ਅੱਜ ਭਾਰਤ ਵਿਚ ਫਿਰਕਾਪਰਸਤ ਤਾਕਤਾ ਵਲੋਂ ਲੋਕਾਂ ਨੂੰ ਧਰਮ ਦੇ ਅਧਾਰ ਤੇ ਲੜਾਉਣ ਦੇ ਮਨਸੂਬਿਆਂ ਦੀ ਸਖਤ ਨਿੰਦਾ ਕਰਦਿਆਂ ਲੋਕਾਂ ਨੂੰ ਅਜਿਹੀਆਂ ਸਮਾਜ ਵਿਰੋਧੀ ਤਾਕਤਾਂ ਤੋਂ ਸੁਚੇਤ ਹੋਣ ਦਾ ਸੱਦਾ ਦਿਤਾ।

ਉੱਘੇ ਲੇਖਕ ਬਲਦੇਵ ਸਿੰਘ ਸੜਕਨਾਮਾ ਵਲੋਂ ਸ. ਗੁਰਬਖਸ ਸਿੰਘ ਧਾਲੀਵਾਲ ਦੇ ਜੀਵਨ ਤੇ ਲਿਖੀ ਹੋਈ ਕਿਤਾਬ ਕਾਲੇ ਪਾਣੀਆ ਦਾ ਚਿੱਟਾ ਮੋਤੀ', ਪਰਿਵਾਰ ਵਲੋਂ ਸੀਨੀਅਰ ਪੱਤਰਕਾਰ ਸ. ਜਗਜੀਤ ਸਿੰਘ ਧਿੰਦ ਨੂੰ ਭੇਂਟ ਕੀਤੀ ਗਈ।

ਸਥਾਨਕ ਕਹਾਣੀਕਾਰ ਕਰਮ ਸਿੰਘ ਮਾਨ ਨੇ ਇਸ ਕਿਤਾਬ ਤੇ ਇਕ ਪੇਪਰ ਵੀ ਪੜਿਆ ਅਤੇ ਗੁਰਬਖਸ਼ ਸਿੰਘ ਦੀ ਲੋਕ ਪੱਖੀ ਸੋਚ ਨੂੰ ਆਪਣੇ ਵਲੋਂ ਸਿਜਦਾ ਕੀਤਾ।

ਪ੍ਰੋਗਰਾਮ ਦੇ ਅਖ਼ੀਰ ਵਿਚ ਸੁਰਿੰਦਰ ਮੰਢਾਲੀ ਨੇ ਆਏ ਹੋਏ ਸਾਰੇ ਸੱਜਣਾ ਦਾ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਗੁਰਬਖਸ਼ ਸਿੰਘ ਹੁਰਾਂ ਅਤੇ ਗਦਰੀ ਬਾਬਿਆਂ ਦੀ ਲੋਕ ਪੱਖੀ ਅਤੇ ਧਰਮ ਨਿਰਪੱਖ ਸੋਚ ਤੇ ਹਮੇਸ਼ਾ ਤੁਰਦੇ ਰਹਿਣ ਦਾ ਅਹਿਦ ਦੁਹਰਾਇਆ।

# ਭਾਰਤੀ ਮੂਲ ਦੀਆਂ ਅਮਰੀਕੀ ਸੰਸਦ ਮੈਂਬਰਾਂ ਕਮਲਾ ਹੈਰਿਸ ਅਤੇ ਪ੍ਰਾਮਿਲਾ ਜੇਪਾਲ ਦੀਆਂ ਵੱਖ ਵੱਖ ਖੇਤਰਾਂ 'ਚ ਅਹਿਮ ਪ੍ਰਾਪਤੀਆਂ

**ਵਾਸ਼ਿੰਗਟਨ/ਬਿਊਰੋ ਨਿਊਜ਼:** ਭਾਰਤੀ ਮੂਲ ਦੀਆਂ ਅਮਰੀਕੀ ਸੰਸਦ ਮੈਂਬਰਾਂ ਕਮਲਾ ਹੈਰਿਸ ਤੇ ਪ੍ਰਾਮਿਲਾ ਜੇਪਾਲ ਦੀਆਂ ਉਨ੍ਹਾਂ ਦੀਆਂ ਵੱਖ ਵੱਖ ਖੇਤਰਾਂ 'ਚ ਅਹਿਮ ਸੇਵਾਵਾਂ ਬਦਲੇ ਅਹਿਮ ਪ੍ਰਾਪਤੀਆਂ ਕਰਨ ਵਾਲੀਆਂ ਉਘੀਆਂ ਸਖ਼ਸ਼ੀਅਤਾਂ ਵਿੱਚ ਸ਼ਾਮਲ ਕੀਤੇ ਦਾ ਮਾਣ ਪ੍ਰਾਪਤ ਹੋਇਆ ਹੈ।





ਭਾਰਤੀ ਮੂਲ ਦੀ ਕੈਲੀਫੋਰਨੀਆ ਦੀ ਸੈਨੇਟਰ ਕਮਲਾ ਹੈਰਿਸ 'ਫਾਰਨ ਪਾਲੀਸੀ ਮੈਗਜ਼ੀਨਜ਼ 2017' ਦੀ ਗਲੋਬਲ ਥਿੰਕਰਜ਼' ਸੂਚੀ 'ਚ ਪ੍ਰਮੁੱਖ 'ਤੇ ਕਾਬਜ਼ ਹੈ । ਸੂਚੀ 'ਚ ਅਮਰੀਕੀ ਰਾਜਦੂਤ ਨਿੱਕੀ ਹੇਲੀ ਦੇ ਨਾਲ ਭਾਰਤੀ ਅਮਰੀਕੀ ਸਟੈਂਡਅੱਪ ਕਾਮੇਡੀਅਨ ਹਸਨ ਮਿਨਹਾਜ਼ ਨੇ ਵੀ ਜਗ੍ਹਾ ਬਣਾਈ । ਇਸ ਸੂਚੀ 'ਚ ਉਨ੍ਹਾਂ ਲੋਕਾਂ ਨੂੰ ਜਗ੍ਹਾ ਦਿੱਤੀ ਜਾਂਦੀ ਹੈ, ਜਿਨ੍ਹਾਂ ਨੇ ਵੱਖ-ਵੱਖ ਖ਼ੇਤਰਾਂ 'ਚ ਅਣਚਿਤਵਿਆ ਤਰੀਕਿਆਂ ਨਾਲ ਆਪਣੀ ਛਾਪ ਛੱਡੀ ਹੈ । ਗਲੋਬਲ ਥਿੰਕਰਜ਼' ਦੀ ਸਾਲਾਨਾ ਸੂਚੀ ਜਾਰੀ ਕਰਦਿਆਂ ਫਾਰਨ ਪਾਲਿਸੀ' ਨੇ ਕਿਹਾ ਕਿ ਇਸ 'ਚ ਇਸ ਤਰ੍ਹਾਂ ਦੇ ਲੋਕ ਹਨ ਜੋ 2017 ਨੂੰ ਪਰਿਭਾਸ਼ਿਤ ਕਰਦੇ ਹਨ । ਇਸ ਸਾਲ 100 ਦੀ ਬਜਾਏ 50 ਲੋਕਾਂ ਦੀ ਇਹ ਸੂਚੀ ਜਾਰੀ ਕੀਤੀ ਗਈ ਹੈ ।ਮੈਗਜ਼ੀਨ ਨੇ ਕਿਹਾ ਹੈ ਕਿ ਕਮਲਾ ਹੈਰਿਸ ਦੇ ਇਸ ਸੂਚੀ 'ਚ ਪ੍ਰਮੁੱਖ ਸਥਾਨ ਹੋਣ ਨਾਲ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸ਼ਾਸਨਕਾਲ 'ਚ ਡੈਮੋਕ੍ਰੇਟਿਕ ਪਾਰਟੀ ਨੂੰ ਇਕ ਉਮੀਦ ਮਿਲਦੀ ਹੈ ।ਕਮਲਾ ਅਮਰੀਕੀ ਸੈਨੇਟ ਚੁਣੀ ਗਈ ਪਹਿਲੀ ਭਾਰਤੀ-ਅਮਰੀਕੀ ਹੈ। ਭਾਰਤੀ ਮੂਲ ਦੀ ਦੂਸਰੀ ਮਹਿਲਾ ਆਗੂ ਪ੍ਰਾਮਿਲਾ ਜੇਪਾਲ ਨੂੰ ਪਾਲਿਟਿਕੋ ਨੇ 2018 ਦੀ ਪਹਿਲੀ ਪਾਵਰ ਸੂਚੀ 'ਚ ਸ਼ਾਮਿਲ ਕੀਤਾ ਹੈ । ਉਸ ਨੂੰ ਇਹ ਸਥਾਨ ਸਦਨ 'ਚ ਵਿਰੋਧ ਦੀ ਅਗਵਾਈ ਕਰਨ ਲਈ ਦਿੱਤਾ ਗਿਆ ਹੈ । ਪਾਵਰ ਸੂਚੀ 'ਚ ਸ਼ਾਮਿਲ 18 ਲੋਕਾਂ 'ਚ 52 ਸਾਲਾ ਜੇਪਾਲ ਨੂੰ ਪੰਜਵਾਂ ਸਥਾਨ ਮਿਲਿਆ ਹੈ । ਉਹ ਭਾਰਤੀ ਮੂਲ ਦੀ ਪਹਿਲੀ ਅਮੀਰੀ ਮਹਿਲਾ ਹਨ ਜਿਨ੍ਹਾਂ ਦਾ ਨਾਂਅ ਪਾਲਿਟਿਕੋ ਪਾਵਰ ਸੂਚੀ 'ਚ ਸ਼ਾਮਿਲ ਕੀਤਾ ਗਿਆ ਹੈ । ਮੈਗਜ਼ੀਨ ਮੁਤਾਬਿਕ 2018 'ਚ ਪੂਰੇ ਦੇਸ਼ ਭਰ ਦੇ 18 ਰਾਜਨੇਤਾਵਾਂ, ਕਾਰਜਕਰਤਾਵਾਂ ਤੇ ਕਾਰਜਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ 2018 'ਚ ਵੱਡੀ ਭੂਮਿਕਾ ਲਈ ਤਿਆਰ ਹਨ । ਮੈਗਜ਼ੀਨ ਅਨੁਸਾਰ ਜੇਪਾਲ ਤੇਜ਼ੀ ਨਾਲ ਵੱਧਦੀ ਹੋਈ ਲੋਕਤੰਤਰਿਕ ਸਟਾਰ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੱਟੜ ਆਲੋਚਕ ਹੈ । ਉਨ੍ਹਾਂ ਨੇ ਸਦਨ 'ਚ ਵਿਰੋਧੀ ਨੇਤਾ ਦੇ ਰੂਪ 'ਚ ਕੰਮ ਕੀਤਾ ਹੈ । ਪਾਲਿਟਿਕੋ 'ਚ ਦੱਸਿਆ ਗਿਆ ਹੈ ਕਿ ਜੇਪਾਲ ਭਾਰਤੀ ਪ੍ਰਤੀਨਿਧੀ ਸਭਾ 'ਚ ਕੰਮ ਕਰਨ ਵਾਲੀ ਪਹਿਲੀ ਭਾਰਤੀ-ਅਮਰੀਕੀ ਮਹਿਲਾ ਹੈ ਜੋ ਸ਼ਾਇਦ ਹੀ ਕਦੇ ਕੋਈ ਚੁਣੌਤੀ ਲੈਣ ਤੋਂ ਪਿੱਛੇ ਰਹਿੰਦੀ ਹੋਵੇ ।

# ਰਾਹੁਲ ਗਾਂਧੀ 11 ਦਸੰਬਰ ਨੂੰ ਸਾਂਭੇਗਾ ਡਗਮਗਾਉਂਦੀ ਕਾਂਗਰਸ ਦੀ ਕਮਾਂਡ

## ਗਾਂਧੀ ਪਰਿਵਾਰ ਦਾ ਲਾਡਲਾ ਪਾਰਟੀ ਦੇ ਸਿਖ਼ਰਲੇ ਅਹੁਦੇ ਲਈ ਇਕਲੌਤਾ ਉਮੀਦਵਾਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦਾ ਪਾਰਟੀ ਪ੍ਰਧਾਨ ਬਣਨਾ ਤੈਅ ਹੈ ਕਿਉਂਕਿ ਇਸ ਅਹੁਦੇ ਲਈ ਉਹ ਇਕਲੌਤੇ ਉਮੀਦਵਾਰ ਹਨ। ਸੋਮਵਾਰ ਨੂੰ ਨਾਮਜ਼ਦਗੀਆਂ ਦੀ ਪੜਤਾਲ ਬਾਅਦ ਇਸ ਚੋਣ ਲਈ ਪਾਰਟੀ ਦੇ ਰਿਟਰਨਿੰਗ ਅਫ਼ਸਰ ਅਤੇ ਕਾਂਗਰਸ ਦੀ ਕੇਂਦਰੀ ਚੋਣ ਅਥਾਰਟੀ ਦੇ ਚੇਅਰਮੈਨ ਐਮ. ਰਾਮਾਚੰਦਰਨ ਨੇ ਦੱਸਿਆ ਕਿ ਕੁੱਲ 89 ਨਾਮਜ਼ਦਗੀ ਕਾਗਜ਼ ਮਿਲੇ ਸਨ ਅਤੇ ਸਾਰਿਆਂ ਨੇ ਰਾਹੁਲ ਗਾਂਧੀ ਦਾ ਨਾਂ ਪ੍ਰਸਤਾਵਿਤ ਕੀਤਾ ਹੈ। ਉਨ੍ਹਾਂ ਕਿਹਾ, ਹੁਣ ਕੇਵਲ ਇਕ ਹੀ ਜਾਇਜ਼ ਉਮੀਦਵਾਰ ਰਹਿ ਗਿਆ ਹੈ। ਉਹ ਸ੍ਰੀ ਰਾਹੁਲ ਗਾਂਧੀ ਹਨ।' ਨਾਮਜ਼ਦਗੀ ਕਾਗਜ਼ ਵਾਪਸ



ਲੈਣ ਦੀ ਅੰਤਿਮ ਮਿਤੀ 11 ਦਸੰਬਰ ਹੈ, ਜਦੋਂ ਰਿਟਰਨਿੰਗ ਅਫ਼ਸਰ ਵੱਲੋਂ ਕਾਂਗਰਸ ਦੇ ਨਵੇਂ ਪ੍ਰਧਾਨ ਦਾ ਐਲਾਨ ਕੀਤਾ ਜਾਵੇਗਾ। ਪਾਰਟੀ ਦੇ ਸੀਨੀਅਰ ਆਗੂਆਂ ਨੇ ਰਾਹੁਲ ਦੀ ਲੀਡਰਸ਼ਿਪ 'ਤੇ ਭਰੋਸਾ ਪ੍ਰਗਟਾਉਂਦਿਆਂ ਕਿਹਾ ਸੀ ਕਿ ਉਹ ਪਾਰਟੀ ਨੂੰ ਹੋਰ ਬੁਲੰਦੀਆਂ ਉਤੇ ਲਿਜਾਵੇਗਾ। ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਰਾਹੁਲ ਨੂੰ 'ਕਾਂਗਰਸ ਦਾ ਲਾਡਲਾ' ਦੱਸਿਆ ਸੀ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ 'ਚੰਗਾ ਭਵਿੱਖੀ ਪ੍ਰਧਾਨ ਮੰਤਰੀ' ਬਣੇਗਾ।

ਦੱਸਣਯੋਗ ਹੈ ਕਿ ਸੋਨੀਆ ਗਾਂਧੀ ਵੱਲੋਂ ਰਾਹੁਲ ਨੂੰ 'ਸੱਤਾ ਜ਼ਹਿਰ ਵਾਂਗ ਹੈ' ਦੱਸਣ ਦੇ ਇਕ ਦਿਨ ਬਾਅਦ ਜਨਵਰੀ 2013 ਵਿੱਚ ਉਸ ਨੂੰ ਕਾਂਗਰਸ ਦਾ ਮੀਤ ਪ੍ਰਧਾਨ ਬਣਾ ਦਿੱਤਾ ਗਿਆ ਸੀ। ਜੈਪੁਰ 'ਚ ਉਸ ਭਾਵਨਾਤਮਕ ਤਕਰੀਰ ਦੇ ਪੰਜ ਵਰ੍ਹਿਆਂ ਬਾਅਦ ਰਾਹੁਲ ਗਾਂਧੀ ਉਸ ਜ਼ਹਿਰ ਦਾ ਪਿਆਲਾ ਮੂੰਹ ਨੂੰ ਲਾਉਣ ਲਈ ਤਿਆਰ ਹੈ। ਦਾਦੀ ਅਤੇ ਪਿਤਾ ਦੀ ਮੌਤ ਦੇਖਣ ਵਾਲੇ ਗਾਂਧੀ ਖਾਨਦਾਨ ਦੇ ਚਿਰਾਗ ਨੂੰ ਕਈ ਵਰ੍ਹੇ ਸ਼ਹਿਜ਼ਾਦਾ ਅਤੇ ਪੱਪੂ ਵਰਗੇ ਅਪਮਾਨਜਨਕ ਨਾਂ ਦਿੱਤੇ ਗਏ ਕਿਉਂਕਿ ਉਹ ਕਾਂਗਰਸ ਦੀ ਅਗਵਾਈ ਦੀ ਜ਼ਿੰਮੇਵਾਰੀ ਤੋਂ ਝਿਜਕਦਾ ਰਿਹਾ। ਗਾਂਧੀ-ਨਹਿਰੂ ਖਾਨਦਾਨ ਵਿੱਚੋਂ ਇਹ ਅਹੁਦਾ ਸੰਭਾਲਣ ਵਾਲਾ ਰਾਹੁਲ ਛੇਵਾਂ ਸ਼ਖ਼ਸ ਹੋਵੇਗਾ। ਇਹ ਲੜੀ ਮੋਤੀਲਾਲ ਨਹਿਰੂ ਨਾਲ ਸ਼ੁਰੂ ਹੋਈ ਸੀ। ਘਰੇਲੂ ਸਿੱਖਿਆ ਬਾਅਦ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨਜ਼ ਕਾਲਜ ਅਤੇ ਇਸ ਬਾਅਦ ਹਾਰਵਰਡ ਤੇ ਰੌਲਿਨਜ਼ ਕਾਲਜ, ਫਲੋਰਿਡਾ ਅਤੇ ਟ੍ਰਿਨਿਟੀ ਕਾਲਜ, ਕੈਂਬ੍ਰਿਜ ਤੋਂ ਪੜ੍ਹਾਈ ਕਰਨ ਵਾਲੇ ਰਾਹੁਲ ਗਾਂਧੀ ਲਈ ਆਖ਼ਰੀ ਮੰਜ਼ਿਲ ਹਮੇਸ਼ਾ ਸਪੱਸ਼ਟ ਸੀ। ਲੰਡਨ 'ਚ ਕੰਸਲਟਿੰਗ ਗਰੁੱਪ 'ਮੌਨੀਟਰ ਗਰੁੱਪ' ਵਿੱਚ ਤਿੰਨ ਸਾਲ ਕੰਮ ਕਰਨ ਬਾਅਦ ਸਿਆਸੀ ਭੂਮਿਕਾ ਲਈ ਉਸ ਨੂੰ ਘਰ ਪਰਤਣਾ ਪਿਆ। ਰਾਹੁਲ ਸਾਲ 2004 'ਚ ਅਮੇਠੀ ਲੋਕ ਸਭਾ ਸੀਟ ਤੋਂ ਐਮਪੀ ਬਣਿਆ ਸੀ।

# ਮੋਦੀ ਦੀ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਨਿਰਾ ਵਿਖਾਵਾ-ਅੰਨਾ ਹਜ਼ਾਰੇ

## ਲੋਕਪਾਲ ਦੇ ਮੁੱਦੇ 'ਤੇ 23 ਮਾਰਚ ਤੋਂ ਪ੍ਰਦਰਸ਼ਨ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼:** ਮੋਦੀ ਸਰਕਾਰ ਵਲੋਂ ਪਿਛਲੇ 4 ਸਾਲਾਂ ਵਿਚ ਲੋਕਪਾਲ ਦੀ ਨਿਯੁਕਤੀ ਨਾ ਕੀਤੇ ਜਾਣ ਤੋਂ ਪ੍ਰੇਸ਼ਾਨ ਭ੍ਰਿਟਾਚਾਰ ਵਿਰੋਧੀ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਕਿਹਾ ਹੈ ਕਿ ਮੋਦੀ ਦੀ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਨਿਰਾ ਵਿਖਾਵਾ ਹੈ। ਉਨ੍ਹਾਂ ਨੇ ਅਗਲੇ ਸਾਲ 23 ਮਾਰਚ ਨੂੰ ਸਰਕਾਰ ਦੇ ਖ਼ਿਲਾਫ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇੱਥੇ ਸਥਿੱਤ ਮਹਾਰਾਸ਼ਟਰ ਸਦਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਅੰਨਾ ਹਜ਼ਾਰੇ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਬਣਾਏ ਜਾਣ ਵਾਲੇ ਲੋਕਪਾਲ ਕਾਨੂੰਨ 'ਚ ਹਾਲੀਆ ਸੋਧਾਂ ਵਿਚ ਇੱਕ ਮੁੱਖ ਬਿੰਦੂ ਨੂੰ ਹਟਾ ਦਿੱਤਾ ਗਿਆ ਹੈ। ਇਸ ਅਨੁਸਾਰ ਲੋਕ ਸੇਵਕਾਂ ਨੂੰ ਆਪਣੀ ਜਾਇਦਾਦ ਦਾ ਐਲਾਨ ਕਰਨਾ ਲਾਜ਼ਮੀ ਸੀ, ਇਸ ਨਾਲ ਭ੍ਰਿਸ਼ਟਾਚਾਰ ਦੇ ਖ਼ਿਲਾਫ ਲੜਾਈ ਬਾਰੇ ਸਰਕਾਰ ਦੇ ਇਰਾਦਿਆਂ ਬਾਰੇ ਸਵਾਲ ਉਠਣਾ ਲਾਜ਼ਮੀ ਹੈ ਅੰਨਾ ਨੇ ਦੇਸ਼ ਵਿਚ ਕਿਸਾਨਾਂ ਦੀ ਦੁਰਦਸ਼ਾ ਨੂੰ ਲੈ ਕੇ ਵੀ ਕੇਂਦਰ 'ਤੇ ਹਮਲਾ ਕੀਤਾ ਅਤੇ ਆਖਿਆ ਕਿ ਸਰਕਾਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਪੂਰਾ ਕਰਨ 'ਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਸੰਨ 1995 ਤੋਂ ਦੇਸ਼ ਵਿਚ 12 ਲੱਖ ਦੇ ਕਰੀਬ ਕਿਸਾਨ ਖ਼ੁਦਕਸ਼ੀਆਂ ਕਰ ਚੁੱਕੇ ਹਨ ਅਤੇ ਸਰਕਾਰਾਂ ਨੇ ਉਨ੍ਹਾਂ ਦੇ ਪ੍ਰਤੀ ਕੋਈ ਸੰਵੇਦਨਾ ਨਹੀਂ ਵਿਖਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੇ ਸ਼ਬਦਾਂ ਅਤੇ ਕੰਮਾਂ ਵਿਚਕਾਰ ਬਹੁਤ ਵੱਡੀ ਖਾਈ ਹੈ।



# ਮਨਪ੍ਰੀਤ ਸਿੰਘ ਬਾਦਲ ਨੇ ਵੰਡ ਤੋਂ ਪਹਿਲਾਂ ਪੰਜਾਬ ਦੀ ਸਾਂਝੀ ਅਸੈਂਬਲੀ 'ਚ ਹੁੰਦੀ ਬਹਿਸ ਬਾਰੇ ਇਤਿਹਾਸਕ ਦਸਤਾਵੇਜ਼ ਸਪੀਕਰ ਨੂੰ ਭੇਟ ਕੀਤੇ

**ਚੰਡੀਗੜ੍ਹ/ਬਿਊਰੋ ਨਿਊਜ਼ ,** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੰਗਲਵਾਰ ਨੂੰ ਵਿਧਾਨ ਸਭਾਵਾਂ ਕੰਪਲੈਕਸ ਵਿਚ ਕੀਤੇ ਗਏ ਇੱਕ ਸਾਦੇ ਜਿਹੇ ਸਮਾਗਮ ਵਿਚ ਹਿੰਦੁਸਤਾਨ ਦੀ ਵੰਡ ਤੋਂ ਪਹਿਲਾਂ ਵਾਲੀ ਪੰਜਾਬ ਅਸੈਂਬਲੀ ਦੀ (1937 ਤੋਂ 1947 ਤੱਕ) ਕਾਰਵਾਈ 'ਤੇ ਆਧਾਰਤ ਇਤਿਹਾਸਕ ਬਹਿਸਾਂ ਨਾਲ ਸਬੰਧਿਤ ਦਸਤਾਵੇਜ਼ ਦਾ ਅੰਗਰੇਜ਼ੀ ਵਿਚ ਤਿਆਰ ਕੀਤਾ ਖਰੜਾ ਮੌਜੂਦਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਭੇਟ ਕੀਤਾ ਜੋ ਇਸ ਹਾਊਸ ਦੀ ਲਾਇਬਰੇਰੀ ਦਾ ਸ਼ਿੰਗਾਰ ਬਣੇਗਾ। ਇਸ ਦਸਤਾਵੇਜ਼ ਵਿਚ 1947 ਤੋਂ ਪਹਿਲਾਂ ਵਾਲੇ ਪੰਜਾਬ ਦੇ ਵਜ਼ੀਰ-ਏ-ਆਲਾ (ਮੁੱਖ ਮੰਤਰੀ) ਸਰ ਖਿਜ਼ਰ ਹਯਾਤ ਖ਼ਾਨ ਟਿਵਾਣਾ ਦਾ ਉਹ ਬਿਆਨ ਵੀ ਸ਼ਾਮਿਲ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 'ਪਾਕਿਸਤਾਨ ਮੇਰੀ ਲਾਸ਼ 'ਤੇ ਬਣੇਗਾ।' ਟਿਵਾਣਾ ਉਸ ਸਮੇਂ ਯੂਨੀਨੈਸਟ ਪਾਰਟੀ ਦੇ ਮਮਤਾਜ਼ ਲੀਡਰ ਮੰਨੇ ਜਾਂਦੇ ਸਨ। ਅੱਜ ਦੇ ਸਮਾਗਮ ਵਿਚ ਕਈ ਕਾਂਗਰਸੀ ਤੇ ਆਮ ਆਦਮੀ ਪਾਰਟੀ ਨਾਲ ਸਬੰਧਿਤ ਵਿਧਾਇਕ ਮੌਜੂਦ ਸਨ ਪਰ ਕੋਈ ਅਕਾਲੀ ਨਜ਼ਰ ਨਹੀਂ ਆਇਆ। ਪ੍ਰਭਾਵਸ਼ਾਲੀ



ਸਮਾਗਮ ਦੇ ਦੌਰਾਨ 23 ਮਾਰਚ 1937 ਤੋਂ 3 ਮਾਰਚ 1947 ਤੱਕ ਹੋਈਆਂ ਬਹਿਸਾਂ ਦਾ ਰਿਕਾਰਡ 43 ਖਰੜਿਆਂ 'ਤੇ ਆਧਾਰਤ ਹੈ। ਇਸ ਮੌਕੇ ਬੋਲਦਿਆਂ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਅਸੈਂਬਲੀ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਤਰਜਮਾਨੀ ਕਰਦੀ ਸੀ ਅਤੇ ਇਸ ਹਿਸਾਬ ਨਾਲ ਇਨ੍ਹਾਂ ਬਹਿਸਾਂ ਦੀ ਇਤਿਹਾਸਕ ਪੱਧਰ 'ਤੇ ਬਹੁਤ ਜ਼ਿਆਦਾ ਮਹੱਤਤਾ ਹੈ ਅਤੇ ਇਹ ਰਿਕਾਰਡ ਬਹੁਤ ਹੀ ਜ਼ਿਆਦਾ ਲਾਹੇਵੰਦ ਸਿੱਧ ਹੋਵੇਗਾ। ਰਾਣਾ ਕੇ.ਪੀ. ਸਿੰਘ ਨੇ ਵਿਧਾਨ ਸਭਾ ਵੱਲੋਂ ਮਨਪ੍ਰੀਤ ਸਿੰਘ ਬਾਦਲ ਦਾ ਧੰਨਵਾਦ ਕੀਤਾ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਇਸ ਬਹਿਸ ਨੂੰ 43 ਖਰੜਿਆਂ ਦੇ ਰੂਪ ਵਿਚ ਉਨ੍ਹਾਂ ਨੇ ਪਾਕਿਸਤਾਨ ਤੋਂ ਫ਼ੋਟੋ ਕਾਪੀਆਂ ਦੇ ਰੂਪ ਵਿਚ ਹਾਸਲ ਕੀਤਾ।

ਉਨ੍ਹਾਂ ਦੱਸਿਆ ਕਿ ਇਸ ਰਿਕਾਰਡ ਵਿਚ ਬਹੁਤ ਸਾਰੇ ਅਹਿਮ ਬਿੱਲਾਂ ਦੀਆਂ ਬਹਿਸਾਂ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਸਾਰਾ ਰਿਕਾਰਡ ਅੰਗਰੇਜ਼ੀ ਵਿਚ ਉਪਲਬਧ ਹੈ। ਮਨਪ੍ਰੀਤ ਨੇ ਕਿਹਾ ਕਿ ਇਸ ਰਿਕਾਰਡ ਦੀ ਇਕ-ਇਕ ਕਾਪੀ ਹਰਿਆਣਾ ਵਿਧਾਨ ਸਭਾ ਅਤੇ ਕੌਮੀ ਪੁਰਾਤਤਵ ਵਿਭਾਗ ਨੂੰ ਵੀ ਦਿੱਤੀ ਜਾਵੇਗੀ। ਉਨ੍ਹਾਂ ਰਿਕਾਰਡ ਹਾਸਲ ਕਰਨ ਵਿਚ ਆਈ.ਏ.ਐਸ ਅਧਿਕਾਰੀ ਰਵਿੰਦਰ ਕੁਮਾਰ ਕੌਸ਼ਿਕ ਵੱਲੋਂ ਕੀਤੀ ਮਦਦ ਦੀ ਪ੍ਰਸ਼ੰਸਾ ਵੀ ਕੀਤੀ। ਇਸ ਮੌਕੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ, ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਰਾਕੇਸ਼ ਪਾਂਡੇ, ਅਮਰੀਕ ਸਿੰਘ ਢਿੱਲੋਂ, ਨੱਥੂ ਰਾਮ, ਦਰਸ਼ਨ ਲਾਲ, ਸੁਰਜੀਤ ਸਿੰਘ ਧੀਮਾਨ, ਡਾ. ਰਾਜ ਕੁਮਾਰ ਚੱਬੇਵਾਲ, ਪ੍ਰੋ. ਬਲਜਿੰਦਰ ਕੌਰ, ਅਮਨ ਅਰੋੜਾ, ਬਲਦੇਵ ਸਿੰਘ, ਅਮਰਜੀਤ ਸਿੰਘ, ਮਨਜੀਤ ਸਿੰਘ ਬਿਲਾਸਪੁਰ, ਵਿਧਾਨ ਸਭਾ ਦੀ ਸਕੱਤਰ ਸ੍ਰੀਮਤੀ ਸ਼ਸ਼ੀ ਲਖਨਪਾਲ ਮਿਸ਼ਰਾ ਅਤੇ ਸਪੀਕਰ ਦੇ ਨਿੱਜੀ ਸਕੱਤਰ ਰਾਮਲੋਕ ਹਾਜ਼ਰ ਸਨ।

# ਮਨੁੱਖੀ ਹੱਕਾਂ ਦੇ ਰਾਖਿਆਂ ਨੂੰ ਭਾਰਤ ਵਿਚ ਭਾਰੀ ਖਤਰਾ

## ਐਮਨੈਸਟੀ ਵੱਲੋਂ ਜਾਰੀ ਰਿਪੋਰਟ ਵਿਚ ਕੀਤਾ ਅਹਿਮ ਖੁਲਾਸਾ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਮਨੁੱਖੀ ਹੱਕਾਂ ਦੀ ਕੌਮਾਂਤਰੀ ਜਥੇਬੰਦੀ ਐਮਨੈਸਟੀ ਇੰਟਰਨੈਸ਼ਨਲ ਵੱਲੋਂ ਅੱਜ ਜਾਰੀ ਕੀਤੀ ਗਈ ਰਿਪੋਰਟ ਵਿਚ ਤੱਥਾਂ ਦੀ ਮਦਦ ਨਾਲ ਦਰਸਾਇਆ ਗਿਆ ਹੈ ਕਿ ਮਨੁੱਖੀ ਹੱਕਾਂ ਦੀ ਰਾਖੀ ਲਈ ਕੰਮ ਕਰਨ ਵਾਲੇ ਕਾਰਕੁੰਨ ਭਾਰਤ ਸਮੇਤ ਪੂਰੀ ਦੁਨੀਆਂ ਵਿਚ ਭਾਰੀ ਖਤਰਿਆਂ ਦਾ ਸਾਹਮਣਾ ਕਰ ਰਹੇ ਹਨ।"ਘਾਤਕ ਪਰ ਰੋਕੇ ਜਾ ਸਕਣ ਵਾਲੇ ਹਮਲੇ" (Deadly But Preventable Attacks: Killings and Enforced Disappearances of Those Who Defend Human Rights) ਸਿਰਲੇਖ ਹੇਠ ਜਾਰੀ ਹੋਈ ਇਸ ਰਿਪੋਰਟ ਉਨ੍ਹਾਂ ਕਾਰਕੁੰਨਾਂ ਦੇ ਮਾਮਲਿਆਂ ਨੂੰ ਅਧਾਰ ਬਣਾ ਕੇ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੂੰ ਮਨੁੱਖੀ ਹੱਕਾਂ ਦੀ ਰਾਖੀ ਕਰਨ ਬਦਲੇ ਮਾਰ ਦਿੱਤਾ ਗਿਆ ਜਾਂ ਜ਼ਬਰੀ ਲਾਪਤਾ ਕਰ ਦਿੱਤਾ ਗਿਆ।

ਇਸ ਰਿਪੋਰਟ ਦੇ ਸਰਵਰਕ ਉੱਤੇ ਹਾਲ ਹੀ ਵਿੱਚ ਬੰਗਲੌਰ ਵਿਚ ਕਤਲ ਕੀਤੀ ਗਈ ਕਾਰਕੁੰਨ ਗੌਰੀ ਲੰਕੇਸ਼ ਨੂੰ ਮੋਮਬੱਤੀਆਂ ਬਾਲ ਕੇ ਸ਼ਰਧਾਂਜਲੀ ਦਿੱਤੇ ਜਾਣ ਦੀ ਤਸਵੀਰ ਛਾਪੀ ਗਈ ਹੈ।

ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ 1998 ਤੋਂ ਬਾਅਦ ਸੰਸਾਰ ਭਰ ਵਿੱਚ 3500 ਦੇ ਕਰੀਬ ਲੋਕਾਂ ਨੂੰ ਮਨੁੱਖੀ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨ ਬਦਲੇ ਮਾਰਿਆ ਗਿਆ ਹੈ। 2015 ਵਿਚ 136 ਅਤੇ 2016 ਵਿਚ 251 ਰਾਖਿਆਂ ਨੂੰ ਮਨੁੱਖੀ ਹੱਕਾਂ ਲਈ ਕੰਮ ਕਰਨ ਬਦਲੇ ਆਪਣੀ ਜਾਨ ਦੇਣੀ ਪਈ।

ਰਿਪੋਰਟ ਵਿਚ "ਪੱਤਰਕਾਰਾਂ ਦੀ ਰਾਖੀ ਲਈ ਕਮੇਟੀ" ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 2016 ਵਿਚ ਸੰਸਾਰ ਭਰ ਵਿੱਚ 48 ਪੱਤਰਕਾਰਾਂ ਨੂੰ ਮਨੁੱਖੀ ਹੱਕਾਂ ਦੇ ਮਾਮਲਿਆਂ ਨਾਲ ਸੰਬੰਧਤ ਮਾਮਲਿਆਂ ਨੂੰ ਉਜਾਗਰ ਕਰਨ ਕਰਕੇ ਕਤਲ ਕਰ ਦਿੱਤਾ ਗਿਆ।

ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿਚ ਪੱਤਰਕਾਰ, ਆਦਿਵਾਸੀਆਂ, ਦਲਿਤਾਂ ਅਤੇ ਨਸਲੀ ਤੇ ਧਾਰਮਿਕ ਘੱਟਗਿਣਤੀਆਂ ਦੇ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੇ ਲੋਕ ਖਤਰੇ ਵਿੱਚ ਹਨ ਅਤੇ ਜ਼ਮੀਨ ਤੇ ਵਾਤਾਵਰਣ ਨਾਲ ਜੁੜੇ ਹੱਕਾਂ ਦੇ ਮਾਮਲਿਆਂ 'ਤੇ ਆਵਾਜ਼ ਬੁਲੰਦ ਕਰਨ ਵਾਲਿਆਂ ਲਈ ਭਾਰਤ ਸੰਸਾਰ ਭਰ ਵਿੱਚ ਸਭ ਤੋਂ ਘਾਤਕ ਖਿੱਤਾ ਹੈ।

# ਅਮਰੀਕਾ ਗਏ ਗੁਆਚੇ ਮੁੰਡੇ ਦੇ ਮਾਪਿਆਂ ਦੀ ਸੁਸ਼ਮਾ ਸਵਰਾਜ ਕੋਲ ਸਹਿਯੋਗ ਲਈ ਗੁਹਾਰ

**ਜਲੰਧਰ/ਬਿਊਰੋ ਨਿਊਜ਼ :** ਅਮਰੀਕਾ ਪੁੱਜਣ ਲਈ ਚਾਰ ਮਹੀਨੇ ਪਹਿਲਾਂ ਘਰੋਂ ਗਏ ਨੌਜਵਾਨਾਂ ਦੇ ਲਾਪਤਾ ਹੋਣ 'ਤੇ ਮਾਪਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਉਨ੍ਹਾਂ ਦੇ ਲੜਕਿਆਂ ਦਾ ਪਤਾ ਲਾਉਣ ਤੇ ਦੋਸ਼ੀ ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਅਮਰੀਕਾ ਜਾਣ ਲਈ ਕਪੂਰਥਲਾ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ 6 ਨੌਜਵਾਨ ਦੋ ਟਰੈਵਲ ਏਜੰਟਾਂ ਰਣਜੀਤ ਸਿੰਘ ਰਾਣਾ ਅਤੇ ਸੁਖਵਿੰਦਰ ਸਿੰਘ ਰਾਹੀਂ ਗਏ ਸਨ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਿੱਖ ਰੈਜਮੈਂਟ ਦੀ 22ਵੀਂ ਬਟਾਲੀਅਨ ਦੇ ਸੂਬੇਦਾਰ ਸ਼ਮਸ਼ੇਰ ਸਿੰਘ, ਜਿਸ ਦਾ ਪੁੱਤਰ ਇੰਦਰਜੀਤ ਸਿੰਘ ਅਮਰੀਕਾ ਜਾਣ ਲਈ ਘਰੋਂ ਗਿਆ ਸੀ, ਨੇ ਦੱਸਿਆ ਕਿ ਦੋ ਅਗਸਤ ਤੋਂ ਉਨ੍ਹਾਂ ਦੀ ਆਪਣੇ ਪੁੱਤਰ ਨਾਲ ਗੱਲ ਨਹੀਂ ਹੋਈ। ਉਹ ਟਰੈਵਲ ਏਜੰਟ ਖ਼ਿਲਾਫ਼ ਕਾਰਵਾਈ ਲਈ ਐਸ.ਐਸ.ਪੀ. ਹੁਸ਼ਿਆਰਪੁਰ ਨੂੰ ਵੀ ਮਿਲੇ ਸਨ। ਉਨ੍ਹਾਂ ਦੱਸਿਆ ਕਿ ਸੁਖਵਿੰਦਰ ਸਿੰਘ ਨਾਂ ਦਾ ਟਰੈਵਲ ਏਜੰਟ, ਜੋ ਕਿ ਪੰਜਾਬ ਪੁਲੀਸ ਪੀ.ਏ.ਪੀ. ਵਿੱਚ ਏ.ਐਸ.ਆਈ. ਹੈ, ਨਾਲ ਇੰਦਰਜੀਤ ਨੂੰ ਵਿਦੇਸ਼ ਭੇਜਣ ਲਈ 35 ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ ਸੀ। ਟਰੈਵਲ ਏਜੰਟ ਨੂੰ 12 ਲੱਖ ਰੁਪਏ ਪਹਿਲਾਂ ਤੇ ਬਾਕੀ ਬਾਅਦ ਵਿੱਚ ਦਿੱਤੇ ਗਏ ਸਨ। ਪਿੰਡ ਪੁਰੀਕਾ ਦੇ ਰਹਿਣ ਵਾਲੇ ਜਰਨੈਲ ਸਿੰਘ ਤੇ ਉਨ੍ਹਾਂ ਦੀ ਪਤਨੀ ਸਤਪਾਲ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਰ ਸਰਬਜੀਤ ਨੂੰ ਅਮਰੀਕਾ ਭੇਜਣ ਲਈ 35 ਲੱਖ ਰੁਪਏ ਏਜੰਟ ਸੁਖਵਿੰਦਰ ਸਿੰਘ ਨੂੰ ਦਿੱਤੇ ਸਨ। ਸਰਬਜੀਤ ਨਾਲ ਆਖ਼ਰੀ ਵਾਰ 2 ਅਗਸਤ ਨੂੰ ਗੱਲ ਹੋਈ ਸੀ। ਉਸ ਨੇ ਆਪਣੇ ਵੀਜ਼ੇ ਦੀਆਂ ਤਸਵੀਰਾਂ ਵੀ ਮੋਬਾਈਲ 'ਤੇ ਭੇਜੀਆਂ ਸਨ। ਸੁਖਵਿੰਦਰ ਨੇ ਉਨ੍ਹਾਂ ਦੇ ਘਰ ਆ ਕੇ ਵਧਾਈਆਂ ਵੀ ਦਿੱਤੀਆਂ ਸਨ ਕਿ ਸਰਬਜੀਤ ਅਮਰੀਕਾ ਪਹੁੰਚ ਗਿਆ ਹੈ। ਮਗਰੋਂ ਜਦੋਂ ਉਨ੍ਹਾਂ ਦੇ ਪੁੱਤਰ ਦਾ ਕੋਈ ਪਤਾ ਨਾ ਲੱਗਾ ਤਾਂ ਟਰੈਵਲ ਏਜੰਟ ਉਨ੍ਹਾਂ ਨੂੰ ਧਮਕੀਆਂ ਦੇਣ ਲੱਗ ਪਿਆ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਮਾਨਾ ਤਲਵੰਡੀ ਦੇ ਨਵਦੀਪ ਸਿੰਘ (19 ਸਾਲ) ਤੇ ਭੰਡਾਲ ਦੋਨੇ ਦੇ ਰਹਿਣ ਵਾਲੇ ਉਸ ਦੇ ਰਿਸ਼ਤੇਦਾਰ ਜਸਪ੍ਰੀਤ ਸਿੰਘ ਨੇ ਟਰੈਵਲ ਏਜੰਟ ਰਣਜੀਤ ਸਿੰਘ ਰਾਣਾ ਵਾਸੀ ਖੱਸਣ ਨੂੰ 52 ਲੱਖ ਰੁਪਏ ਦਿੱਤੇ ਸਨ। ਨਵਦੀਪ ਸਿੰਘ ਦੇ ਪਿਤਾ ਪ੍ਰਗਟ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਰਾਣਾ ਨੇ ਸਾਰੇ ਪੈਸੇ ਲੈਣ ਮਗਰੋਂ ਦੋਵਾਂ ਨੌਜਵਾਨਾਂ ਨੂੰ ਅਮਰੀਕਾ ਲਈ ਰਵਾਨਾ ਕੀਤਾ ਸੀ। ਤਿੰਨ ਮਹੀਨੇ ਪਹਿਲਾਂ ਮੁੰਡਿਆਂ ਨਾਲ ਗੱਲ ਹੋਈ ਸੀ ਪਰ ਹੁਣ ਕੁਝ ਪਤਾ ਨਹੀਂ ਲੱਗ ਰਿਹਾ। ਉਨ੍ਹਾਂ ਦੇ ਲੜਕੇ ਨਾਲ ਅੰਮ੍ਰਿਤਸਰ ਦਾ ਰਹਿਣ ਵਾਲਾ ਜਸਵਿੰਦਰ ਸਿੰਘ ਵੀ ਗਿਆ ਸੀ, ਜਿਸ ਨੇ 32 ਲੱਖ ਰੁਪਏ ਏਜੰਟ ਨੂੰ ਦਿੱਤੇ ਸਨ। ਪੀੜਤ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਪਹਿਲਾਂ ਦੁਬਈ ਲਿਜਾਇਆ ਗਿਆ ਸੀ, ਉਥੋਂ ਮਾਸਕੋ ਤੇ ਫਿਰ ਬਾਹਮਾਸ ਲੈ ਗਏ। ਮਗਰੋਂ ਲੜਕਿਆਂ ਦਾ ਕੋਈ ਥਹੁ-ਪਤਾ ਨਹੀਂ ਲੱਗਾ।

# 84 ਦੇ ਸਿੱਖ ਕਤਲੇਆਮ ਬਾਰੇ 'ਤੇ ਪੀ.ਐਚ.ਡੀ. ਕਰਨ ਵਾਲੀ ਡਾ. ਅਰੋੜਾ ਦਾ ਸਨਮਾਨ

**ਸਰੀ/ਬਿਊਰੋ ਨਿਊਜ਼:** ਇੰਡੀਅਨਜ਼ ਅਬਰੌਡ ਫਾਰ ਪਲੂਰਲਿਸਟ ਇੰਡੀਆ (ਆਈਏਪੀਆਈ) ਤੇ ਰੈਡੀਕਲ ਦੇਸੀ ਨੇ 1984 ਸਿੱਖ ਕਤਲੇਆਮ ਦੇ ਪੀੜਤਾਂ 'ਤੇ ਪੀਐਚ.ਡੀ. ਕਰਨ ਵਾਲੀ ਖੋਜਾਰਥੀ ਡਾ. ਕਮਲ ਅਰੋੜਾ ਨੂੰ ਐਕਸੀਲੈਂਸ ਐਵਾਰਡ ਨਾਲ ਸਨਮਾਨਤ ਕੀਤਾ ਹੈ। ਡਾ. ਅਰੋੜਾ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੀ ਖੋਜਾਰਥੀ ਹੈ। ਉਨ੍ਹਾਂ ਨੇ ਨਵੀਂ ਦਿੱਲੀ ਵਿੱਚ ਕਈ ਸਾਲ ਪੀੜਤ ਪਰਿਵਾਰਾਂ ਦੇ ਨਾਲ ਰਹਿੰਦਿਆਂ ਆਪਣੇ ਇਸ ਵਿਸ਼ੇ ਦਾ ਗਹਿਰਾਈ ਨਾਲ ਅਧਿਐਨ ਕੀਤਾ। ਸਮਾਗਮ ਵਿੱਚ ਆਪਣੇ ਲੈਕਚਰ ਤੇ ਆਪਣੇ ਕੰਮ ਬਾਰੇ ਸਵਾਲ ਜਵਾਬ ਦੇ ਦੌਰ ਮਗਰੋਂ ਉਨ੍ਹਾਂ ਨੂੰ ਰਿਸਰਚ ਐਕਸੀਲੈਂਸ ਐਵਾਰਡ ਨਾਲ ਸਨਮਾਨਿਆ ਗਿਆ। ਡਾ. ਅਰੋੜਾ ਨੂੰ ਇਹ ਐਵਾਰਡ ਸਿੱਖ ਕਤਲੇਆਮ ਦੀਆਂ ਯਾਦਾਂ ਨੂੰ ਸੁਰਜੀਤ ਰੱਖਣ ਤੇ ਭਾਰਤ ਦੇ



ਧਰਮਨਿਰਪੱਖ ਇਤਿਹਾਸ 'ਤੇ ਲੱਗੇ ਦਾਗ਼ ਬਾਰੇ ਵਿਸ਼ਵ ਦੀਆਂ ਅੱਖਾਂ ਖੋਲ੍ਹਣ ਲਈ ਦਿੱਤਾ ਗਿਆ ਹੈ। ਡਾ. ਅਰੋੜਾ ਨੇ ਆਪਣੇ ਸੰਬੋਧਨ ਵਿੱਚ '84 ਦੇ ਸਿੱਖ ਕਤਲੇਆਮ ਨੂੰ ਭਾਰਤ ਵਿੱਚ ਅੱਜਕੱਲ੍ਹ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਨੱਕ ਹੇਠ ਧਾਰਮਿਕ ਘੱਟਗਿਣਤੀਆਂ ਖ਼ਿਲਾਫ਼ ਹੋ ਰਹੀ ਹਿੰਸਾ ਨਾਲ ਜੋੜਨ ਦਾ ਯਤਨ ਕੀਤਾ। ਉਨ੍ਹਾਂ ਹਾਜ਼ਰੀਨ ਨੂੰ ਹੱਲਾਸ਼ੇਰੀ ਦਿੱਤੀ ਕਿ ਉਹ ਜਬਰ ਦੇ ਕਿਸੇ ਵੀ ਰੂਪ ਖ਼ਿਲਾਫ਼ ਖੁੱਲ੍ਹ ਕੇ ਆਵਾਜ਼ ਬੁਲੰਦ ਕਰਨ। ਖੋਜਾਰਥੀ ਡਾ. ਕਮਲ ਅਰੋੜਾ ਨੂੰ ਐਵਾਰਡ ਨਾਲ ਸਨਮਾਨਤ ਕਰਨ ਵਾਲਿਆਂ 'ਚ ਵਿਧਾਇਕ ਰਚਨਾ ਸਿੰਘ, ਮਨੁੱਖੀ ਅਧਿਕਾਰ ਕਾਰਕੁਨ ਤੇ ਵਕੀਲ ਅਮਨਦੀਪ ਸਿੰਘ, ਦਸਮੇਸ਼ ਦਰਬਾਰ ਗੁਰਦੁਆਰੇ ਦੇ ਬੁਲਾਰੇ ਗਿਆਨ ਸਿੰਘ ਗਿੱਲ, ਮੁਸਲਿਮ ਕਾਰਕੁਨ ਤੇ ਅਲ ਅਮੀਨ' ਦੇ ਪਬਲਿਸ਼ਰ ਜਾਫ਼ਰ ਭਾਮਜੀ ਤੇ ਰੈਡੀਕਲ ਦੇਸੀ ਦੇ ਸਹਿ ਬਾਨੀ ਪਰਸ਼ੋਤਮ ਦੋਸਾਂਝ ਸ਼ਾਮਲ ਹਨ। ਸਮਾਗਮ ਵਿੱਚ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਸਹਿ ਬਾਨੀ ਪ੍ਰੇਮ ਸਿੰਘ ਵਿਨਿੰਗ ਅਤੇ ਬੰਦਾ ਸਿੰਘ ਬਹਾਦਰ ਸੁਸਾਇਟੀ ਦੇ ਆਗੂ ਰਣਜੀਤ ਸਿੰਘ ਖ਼ਾਲਸਾ ਮੌਜੂਦ ਸਨ।

# ਸਿਗਰਟ ਤੇ ਜਵਾਲਾਮੁਖੀਆਂ ਦਾ ਵਾਤਾਵਰਣ ਪ੍ਰਦੂਸ਼ਿਤ ਕਰਨ ਵਿਚ ਰੋਲ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
(ਫੋਨ ਨੰ: 0175-2216783)

ਅਮਰੀਕਾ ਦੇ ਤਾਜ਼ਾ ਜਿਓਲੌਜੀਕਲ ਸਰਵੇਖਣ ਅਨੁਸਾਰ ਧਰਤੀ ਉੱਪਰਲੇ ਤੇ ਸਮੁੰਦਰ ਹੇਠਲੇ ਜਵਾਲਾਮੁਖੀ ਦੁਨੀਆ ਭਰ ਵਿਚ ਹਰ ਸਾਲ 200 ਮਿਲੀਅਨ ਟਨ ਕਾਰਬਨ ਡਾਇਓਕਸਾਈਡ ਕੱਢਦੇ ਹਨ। ਇਨਸਾਨਾਂ ਵੱਲੋਂ ਬਣਾਏ ਆਵਾਜਾਈ ਦੇ ਸਾਧਨ ਤੇ ਫੈਕਟਰੀਆਂ ਰਾਹੀਂ 24 ਬਿਲੀਅਨ ਟਨ ਕਾਰਬਨ ਡਾਇਓਕਸਾਈਡ ਹਰ ਸਾਲ ਪੂਰੀ ਦੁਨੀਆ ਵਿਚ ਪੈਦਾ ਹੋ ਰਹੀ ਹੈ।

ਇਆਨ ਪਲਾਈਮਰ ਦਾ ਮੰਨਣਾ ਸੀ ਕਿ ਪਿਛਲੇ 250 ਸਾਲਾਂ ਵਿਚ ਇਨਸਾਨਾਂ ਨੇ ਜਵਾਲਾਮੁਖੀਆਂ ਵਿੱਚੋਂ ਨਿਕਲੇ 10,000 ਕਣਾਂ ਵਿੱਚੋਂ ਸਿਰਫ਼ ਇਕ ਫੀਸਦੀ ਤੋਂ ਘੱਟ ਹਿੱਸਾ ਹਵਾ ਪ੍ਰਦੂਸ਼ਿਤ ਕਰਨ ਵਿਚ ਪਾਇਆ ਹੈ। ਜਿੰਨੀ ਤੋਹਮਤ ਇਨਸਾਨਾਂ ਉੱਤੇ ਲਾਈ ਜਾ ਰਹੀ ਹੈ, ਏਨਾ ਕੁ ਗੰਧਲਾ ਵਾਤਾਵਰਣ ਤਾਂ ਇਕ ਵਾਰ ਦੇ ਜਵਾਲਾਮੁਖੀ ਫਟਣ ਨਾਲ ਹੋ ਜਾਂਦਾ ਹੈ। ਕੁੱਝ ਤਾਜ਼ਾ ਖੋਜਾਂ ਅਨੁਸਾਰ ਇਨਸਾਨਾਂ ਵੱਲੋਂ ਘੋਲਿਆ ਜਾ ਰਿਹਾ ਜ਼ਹਿਰ ਜਵਾਲਾਮੁਖੀ ਤੋਂ ਵੀ ਕਿਤੇ ਵੱਧ ਚੁੱਕਿਆ ਹੈ। ਦੁਨੀਆ ਭਰ ਵਿਚਲੇ ਸੈਂਪਲਿੰਗ ਸਟੇਸ਼ਨਾਂ ਰਾਹੀਂ ਇਕੱਤਰ ਕੀਤੀ ਹਵਾ ਵਿਚਲੀ ਕਾਰਬਨ ਡਾਇਓਕਸਾਈਡ ਦੀ ਮਾਤਰਾ ਹਰ ਸਾਲ ਵਧਦੀ ਜਾ ਰਹੀ ਹੈ।

ਜਵਾਲਾਮੁਖੀਆਂ ਵਿੱਚੋਂ ਨਿਕਲੀ ਕਾਰਬਨ ਡਾਇਓਕਸਾਈਡ ਵਿਚਲੀ ਮਾਤਰਾ ਦਾ ਗਰਾਫ਼ ਬਣਾਇਆ ਜਾਵੇ ਤਾਂ ਉਹ ਪਹਿਲਾਂ ਵਾਲੀ ਪੱਧਰ ਉੱਤੇ ਹੀ ਖੜ੍ਹਾ ਹੈ ਜਦਕਿ ਇਨਸਾਨਾਂ ਵੱਲੋਂ ਬਣਾਏ ਹਵਾਈ ਜਹਾਜ਼, ਕਾਰਾਂ, ਬਸਾਂ, ਮੋਟਰਸਾਈਕਲਾਂ, ਟਰੱਕਾਂ ਆਦਿ ਅਤੇ ਫੈਕਟਰੀਆਂ ਰਾਹੀਂ ਕੱਢਿਆ ਜਾ ਰਿਹਾ ਕਾਰਬਨ ਡਾਇਓਕਸਾਈਡ ਉਸ ਗਰਾਫ਼ ਵਿਚ ਕਾਫੀ ਉਤਾਂਹ ਜਾ ਚੁੱਕਿਆ ਹੈ।

1991 ਵਿਚਲੇ ਫਟੇ ਜਵਾਲਾਮੁਖੀ ਰਾਹੀਂ ਵਾਤਾਵਰਣ ਵਿਚ ਘੁਲੀ ਸਲਫਰ ਡਾਇਓਕਸਾਈਡ ਦੀ ਮਾਤਰਾ 250 ਮੈਗਾ ਟਨ ਇੱਕੋ ਦਿਨ ਵਿਚ ਪਹੁੰਚ ਗਈ ਸੀ। ਸਲਫਰ ਡਾਇਓਕਸਾਈਡ ਤੋਂ ਇਲਾਵਾ ਕਾਰਬਨ ਡਾਇਓਕਸਾਈਡ, ਹਾਈਡਰੋਜਨ ਸਲਫਾਈਡ ਤੇ ਹਾਈਡਰੋਜਨ ਹੈਲਾਈਡ ਨਿਕਲਦੇ ਹਨ ਜੋ ਇਨਸਾਨਾਂ, ਜਾਨਵਰਾਂ ਤੇ ਬੂਟਿਆਂ ਲਈ ਹਾਨੀਕਾਰਕ ਹਨ।

ਧਰਤੀ ਦੇ ਦੁਆਲੇ 0.04 ਫੀਸਦੀ ਕਾਰਬਨ ਡਾਇਓਕਸਾਈਡ ਘੁੰਮਦੀ ਹੈ। ਹਰ ਸਾਲ ਜਵਾਲਾਮੁਖੀ ਲਗਭਗ 180 ਤੋਂ 440 ਮਿਲੀਅਨ ਟਨ ਕਾਰਬਨ ਡਾਇਓਕਸਾਈਡ ਕੱਢਦੇ ਹਨ। ਇਹ ਗੈਸ ਬਾਹਰ ਨਿਕਲਦੇ ਸਾਰ ਇਕਦਮ ਹਵਾ ਵਿਚ ਘੁਲ ਕੇ ਘੱਟ ਮਾਤਰਾ ਵਿਚ ਇਕ ਥਾਂ ਰਹਿ ਜਾਂਦੀ ਹੈ ਜਿਸ ਸਦਕਾ ਇਕਦਮ ਕੋਈ ਖ਼ਤਰਾ ਨਹੀਂ ਹੁੰਦਾ। ਪਰ, ਜੇ ਨੀਵੇਂ ਇਲਾਕੇ ਵਿਚ ਠੰਡ ਕਾਰਨ ਇਕ ਥਾਂ ਇਕੱਠੀ ਹੋਣ ਲੱਗ ਪਵੇ ਅਤੇ ਤਿੰਨ ਫੀਸਦੀ ਤਕ ਪਹੁੰਚ ਜਾਵੇ ਤਾਂ ਖ਼ਤਰਨਾਕ ਸਾਬਤ ਹੋ ਜਾਂਦੀ ਹੈ। ਜੇ 15 ਫੀਸਦੀ ਝਟਪਟ ਪਹੁੰਚ ਜਾਵੇ ਤਾਂ ਮੌਤ ਹੋ ਜਾਂਦੀ ਹੈ ਅਜਿਹੇ ਨੀਵੇਂ ਇਲਾਕੇ ਵਿਚ ਧਰਿਆ ਇਕ ਪੈਰ ਵੀ ਮੌਤ ਦਾ ਕਾਰਨ ਬਣ ਸਕਦਾ ਹੈ। ਸੰਨ 2006 ਵਿਚ ਅਲਾਸਕਾ ਵਿਚ ਬਰਫ਼ ਵਿਚਲੀ ਅਜਿਹੀ ਡੂੰਘੀ ਥਾਂ ਜੋ ਔਗਸਟੀਨ ਜਵਾਲਾਮੁਖੀ ਤੋਂ ਕੁੱਝ ਦੂਰ ਸੀ, ਵਿਚ ਸਕੀਂਗ ਕਰਦੇ ਬੰਦੇ ਠੰਡੀ ਕਾਰਬਨ ਡਾਇਓਕਸਾਈਡ ਇਕੱਠੀ ਹੋਈ ਹੋਣ ਕਰਕੇ ਉੱਥੋਂ ਲੰਘਦੇ ਮਰ ਗਏ ਸਨ। ਜੇ ਭਲਾ ਇਹ ਪਤਾ ਲੱਗੇ ਕਿ ਹੁਣ ਇਨਸਾਨ ਫੈਕਟਰੀਆਂ ਤੇ ਆਵਾਜਾਈ ਸਾਧਨਾਂ ਨਾਲ ਜਵਾਲਾਮੁਖੀ ਵਿੱਚੋਂ ਨਿਕਲਦੇ ਕਾਰਬਨ ਡਾਇਓਕਸਾਈਡ ਨਾਲੋਂ ਵੱਧ ਬਣਾਉਣ ਲੱਗ ਪਿਆ ਹੈ, ਤਾਂ ਕੀ ਕਹੀਏ?

ਜੇ ਸਲਫਰ ਡਾਇਓਕਸਾਈਡ ਦੀ ਗੱਲ ਕਰੀਏ ਤਾਂ ਜਵਾਲਾਮੁਖੀ ਫਟਣ ਨਾਲ 10 ਕਿਲੋਮੀਟਰ ਉਤਾਂਹ ਤਕ ਇਹ ਗੈਸ ਫੈਲ ਜਾਂਦੀ ਹੈ ਤੇ ਇਨਸਾਨਾਂ ਤੇ ਜਾਨਵਰਾਂ ਉੱਤੇ ਕਹਿਰ ਢਾਅ ਦਿੰਦੀ ਹੈ। ਇਸ ਨਾਲ ਸੂਰਜ ਦੀ ਰੌਸ਼ਨੀ ਧਰਤੀ ਤਕ ਪੂਰੀ ਨਹੀਂ ਪਹੁੰਚਦੀ ਤੇ ਧਰਤੀ ਉੱਤੇ ਠੰਡ ਪਸਰ ਜਾਂਦੀ ਹੈ। ਇਸ ਨਾਲ ਓਜ਼ੋਨ ਦਾ ਵੀ ਨੁਕਸਾਨ ਹੁੰਦਾ ਹੈ।

ਹਾਈਡਰੋਜਨ ਸਲਫਾਈਡ (ਜੋ ਸੀਵਰੇਜ ਵਿੱਚੋਂ ਨਿਕਲਦੀ ਹੈ), ਹਵਾ ਵਿਚ 0.01 ਫੀਸਦੀ ਹੋਵੇ ਤਾਂ ਸਾਡੀ ਸੁੰਘਣ ਸ਼ਕਤੀ ਇਸ ਨੂੰ ਲੱਭ ਨਹੀਂ ਸਕਦੀ ਪਰ ਇਹ ਸਾਹ ਦੀ ਨਾਲੀ ਅੰਦਰ ਨੁਕਸਾਨ ਕਰਨ ਲੱਗ ਪੈਂਦੀ ਹੈ ਤੇ ਲੰਮੇ ਸਮੇਂ ਇਸਦੇ ਅਸਰ ਹੇਠ ਫੇਫੜਿਆਂ ਵਿਚ ਪਾਣੀ ਭਰ ਜਾਂਦਾ ਹੈ।

ਜੇ ਇਹ ਮਾਤਰਾ 500 ਹਿੱਸੇ ਪ੍ਰਤੀ ਮਿਲੀਅਨ ਹੋ ਜਾਵੇ ਤਾਂ ਇਕਦਮ ਬੇਹੋਸ਼ੀ ਤੇ ਅੱਧੇ ਘੰਟੇ ਵਿਚ ਮੌਤ ਤਕ ਹੋ ਜਾਂਦੀ ਹੈ।

ਜਦੋਂ ਜਵਾਲਾਮੁਖੀ ਵਿਚਲੇ ਅੰਸ਼ ਧਰਤੀ ਨਾਲ ਚਿਪਕ ਜਾਣ ਤਾਂ ਉਸ ਵਿੱਚੋਂ ਹੈਲੋਜਨ-ਫਲੋਰੀਨ, ਕਲੋਰੀਨ ਤੇ ਬਰੋਮੀਨ ਨਿਕਲਦੇ ਹਨ ਜਿਨ੍ਹਾਂ ਨੂੰ ਹਾਈਡਰੋਜਨ ਹੈਲਾਈਡ ਕਹਿੰਦੇ ਹਨ। ਇਹ ਤੇਜ਼ਾਬੀ ਬਾਰਿਸ਼ ਕਰਨ ਦੇ ਸਮਰਥ ਹੁੰਦੇ ਹਨ। ਜਵਾਲਾਮੁਖੀ ਵਿਚਲੀ ਰਾਖ ਵੀ ਪੀਣ ਵਾਲਾ ਪਾਣੀ, ਖੇਤ ਤੇ ਵਨਸਪਤੀ ਉੱਤੇ ਮਾਰੂ ਅਸਰ ਪਾਉਂਦੀ ਹੈ।

ਲਗਭਗ 500 ਜਵਾਲਾਮੁਖੀ ਇਸ ਵੇਲੇ ਵੱਖੋ-ਵੱਖਰੇ ਸਮੇਂ ਫਟ ਕੇ ਅੱਧੇ ਬਿਲੀਅਨ ਲੋਕਾਂ ਨੂੰ ਦੁਨੀਆ ਭਰ ਵਿਚ ਬੀਮਾਰ ਕਰ ਰਹੇ ਹਨ। ਹਰ ਸਾਲ 10 ਤੋਂ 40 ਜਵਾਲਾਮੁਖੀ ਫਟਦੇ ਹਨ।

ਕਾਰਬਨ ਡਾਇਓਕਸਾਈਡ ਤੇ ਸਲਫਰ ਡਾਇਓਕਸਾਈਡ ਤੋਂ ਇਲਾਵਾ ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਲਫਾਈਡ, ਕਾਰਬਨ ਸਲਫਾਈਡ, ਕਾਰਬਨ ਡਾਈਸਲਫਾਈਡ, ਹਾਈਡਰੋਜਨ ਕਲੋਰਾਈਡ, ਹਾਈਡਰੋਜਨ, ਮੀਥੇਨ, ਹਾਈਡਰੋਜਨ ਫਲੋਰਾਈਡ, ਹਾਈਡਰੋਜਨ ਬਰੋਮਾਈਡ, ਪਾਰਾ, ਲੈੱਡ, ਸੋਨਾ ਆਦਿ ਲਾਵੇ ਵਿੱਚੋਂ ਨਿਕਲਦੇ ਹਨ। ਜਿਹੜੀ ਲਾਵੇ ਵਿਚਲੀ ਸੁਆਹ ਨਿਕਲਦੀ ਹੈ, ਉਹ ਕਾਫੀ ਖ਼ਤਰਨਾਕ ਸਾਬਤ ਹੋ ਚੁੱਕੀ ਹੈ ਤੇ ਸਾਹ ਦੀ ਨਾਲੀ, ਫੇਫੜੇ, ਅੱਖਾਂ ਤੇ ਚਮੜੀ ਉੱਤੇ ਅਸਰ ਵਿਖਾਉਂਦੀ ਹੈ। ਨੇੜੇ ਰਹਿੰਦੇ ਲੋਕਾਂ ਦੇ ਦਿਮਾਗ਼ ਉੱਤੇ ਇਸ ਦਾ ਕਾਫੀ ਡੂੰਘਾ ਅਸਰ ਵੇਖਿਆ ਗਿਆ ਹੈ ਜੋ ਢਹਿੰਦੀ ਕਲਾ ਵਿਚ ਵੀ ਚਲੇ ਜਾਂਦੇ ਹਨ ਤੇ ਮਨੋਰੋਗੀ ਵੀ ਬਣ ਜਾਂਦੇ ਹਨ।

ਮਿਆਕੇ ਵਿਖੇ ਕੁੱਝ ਮਹੀਨੇ ਪਹਿਲਾਂ ਫਟੇ ਜਵਾਲਾਮੁਖੀ ਨੂੰ ਵੇਖਣ ਗਏ 611 ਸਿਹਤਮੰਦ ਸੈਲਾਨੀਆਂ ਉੱਤੇ ਕੀਤੀ ਖੋਜ ਰਾਹੀਂ ਪਤਾ



ਲੱਗਿਆ ਕਿ ਖੰਘ, ਗਲਾ ਖ਼ਰਾਬ, ਸਾਹ ਚੜ੍ਹਣ, ਅੱਖਾਂ, ਚਮੜੀ ਦੇ ਰੋਗਾਂ ਦੇ ਲੱਛਣ ਦਿਸਣ ਉੱਤੇ ਟੈਸਟ ਕਰਨ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੇ ਸਰੀਰਾਂ ਅੰਦਰ ਸਲਫਰ ਡਾਇਓਕਸਾਈਡ ਵੱਧ ਲੰਘ ਚੁੱਕੀ ਸੀ। ਹਵਾ ਵਿਚ ਸਲਫਰ ਡਾਇਓਕਸਾਈਡ ਦੀ ਮਾਤਰਾ ਕਾਫੀ ਘੱਟ ਚੁੱਕੀ ਸੀ ਪਰ 0.6 ਹਿੱਸੇ ਪ੍ਰਤੀ ਮਿਲੀਅਨ ਨਾਲ ਵੀ ਖੰਘ ਸ਼ੁਰੂ ਹੋ ਗਈ ਸੀ।

ਇਕ ਵੱਖ ਗੱਲ ਸਾਹਮਣੇ ਆਈ ਕਿ ਜਿਹੜੇ ਜਣੇ ਸਿਗਰਟ ਪੀ ਰਹੇ ਸਨ, ਉਨ੍ਹਾਂ ਵਿਚ ਖੰਘ ਦੇ ਲੱਛਣ ਨਹੀਂ ਦਿਸੇ। ਪੂਰੇ ਟੈਸਟਾਂ ਬਾਅਦ ਗੱਲ ਸਾਫ਼ ਹੋਈ ਕਿ ਸਿਗਰਟ ਦੇ ਧੂੰਏ ਨੇ ਉਨ੍ਹਾਂ ਦੇ ਖੰਘ ਵਾਲੇ ਰਿਸੈਪਟਰ ਹੀ ਸਾੜ ਦਿੱਤੇ ਹੋਏ ਸਨ ਤੇ ਉਹ ਜਵਾਲਾਮੁਖੀ ਵਿਚਲੀਆਂ ਖ਼ਤਰਨਾਕ ਗੈਸਾਂ ਤੋਂ ਕਿਤੇ ਵੱਧ ਨੁਕਸਾਨ ਆਪ ਹੀ ਕਰੀ ਬੈਠੇ ਸਨ।

ਇਸ ਖੋਜ ਨੇ ਇਹ ਤਾਂ ਸਪਸ਼ਟ ਕਰ ਦਿੱਤਾ ਕਿ ਸਿਗਰਟ ਜਵਾਲਾਮੁਖੀ ਤੋਂ ਵੱਧ ਖ਼ਤਰਨਾਕ ਹੈ। ਸਿਗਰਟ ਨੂੰ ਪੀਣ ਵਾਲੇ ਨਾਲੋਂ ਸਾਹਮਣੇ ਬਹਿ ਕੇ ਸੁੰਘਣ ਵਾਲੇ ਇਸਦੇ ਮਾਰੂ ਅਸਰ ਹੇਠ ਛੇਤੀ ਆਉਂਦੇ ਹਨ ਕਿਉਂਕਿ ਸਿਗਰਟ ਪੀਣ ਵਾਲੇ ਫਿਲਟਰ ਰਾਹੀਂ ਕੁੱਝ ਘੱਟ ਜ਼ਹਿਰ ਅੰਦਰ ਲੰਘਾਉਂਦੇ ਹਨ।

ਹਰ ਸਾਲ ਲਗਭਗ 6 ਲੱਖ ਸਿਗਰਟ ਨਾ ਪੀਣ ਵਾਲੇ ਬੰਦੇ ਸਿਗਰਟ ਪੀਣ ਵਾਲਿਆਂ ਸਦਕਾ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਸੱਠ ਲੱਖ ਮੌਤਾਂ ਹਰ ਸਾਲ ਸਿਗਰਟ ਪੀਣ ਵਾਲਿਆਂ ਦੀਆਂ ਹੋ ਰਹੀਆਂ ਹਨ। ਦੂਰ ਬੈਠੇ ਸੁੰਘਣ ਵਾਲੇ ਫੇਫੜਿਆਂ ਦੇ ਕੈਂਸਰ, ਦਿਲ ਦੇ ਰੋਗ, ਦਮਾ, ਬਰੌਂਕਾਈਟਿਸ, ਐਲਰਜੀ ਆਦਿ ਨਾਲ ਜੂਝਦੇ ਰਹਿੰਦੇ ਹਨ। ਨਿੱਕੇ ਬੱਚਿਆਂ ਦੇ ਫੇਫੜੇ ਸਿਗਰਟ ਦੇ ਧੂੰਏਂ ਨਾਲ ਉਮਰ ਭਰ ਦਾ ਰੋਗ ਸਹੇੜ ਲੈਂਦੇ ਹਨ, ਉਨ੍ਹਾਂ ਦੀ ਇਕਦਮ ਮੌਤ ਹੋ ਸਕਦੀ ਹੈ, ਕੰਨਾਂ ਦਾ ਵਗਣਾ, ਨਿਮੂਨੀਆ, ਭਾਰ ਨਾ ਵਧਣਾ ਆਦਿ ਵੀ ਵੇਖੇ ਗਏ ਹਨ।

ਗਰਭਵਤੀ ਔਰਤਾਂ ਵੱਲੋਂ ਸਿਗਰਟ ਦਾ ਧੂੰਆਂ ਸੁੰਘਣ ਨਾਲ ਔਲ ਦਾ ਇਕਦਮ ਫਟਣਾ, ਭਰੂਣ ਦਾ ਮਰਨਾ, ਬੱਚੇ ਦਾ ਵਧਣਾ ਫੁੱਲਣਾ ਰੁਕ ਜਾਣਾ ਤੇ ਢਿੱਡ ਵਿਚ ਬੱਚੇਦਾਨੀ ਤੋਂ ਬਾਹਰ ਬੱਚਾ ਠਹਿਰਨਾ, ਆਦਿ ਵੇਖੇ ਗਏ ਹਨ। ਸਿਗਰਟ ਪੀਣ ਵਾਲੇ ਮਹੀਨੇ ਵਿਚ ਇਕ ਤੋਂ ਪੰਜ ਦਿਨ ਵੀ ਸਿਗਰਟ ਪੀਂਦੇ ਹੋਣ ਤਾਂ ਉਨ੍ਹਾਂ ਨੂੰ ਹਾਰਟ ਅਟੈਕ ਤੇ ਫੇਫੜਿਆਂ ਦੇ ਰੋਗ ਹੋਣ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ। ਨਸਾਂ ਦੇ ਰੋਗ ਸਦਕਾ ਲੱਤ ਵੱਢਣੀ ਪੈ ਸਕਦੀ ਹੈ। ਕਬਜ਼, ਨੀਂਦਰ ਨਾ ਆਉਣੀ, ਹੱਥ ਕੰਬਣੇ, ਭਾਰ ਵਧਣਾ ਆਦਿ ਵੀ ਵੇਖਿਆ ਗਿਆ ਹੈ। ਕਿਸੇ ਡੀਜ਼ਲ ਕਾਰ ਵਿੱਚੋਂ ਨਿਕਲਦੇ ਧੂੰਏਂ ਨਾਲੋਂ ਇਕ ਸਿਗਰਟ ਦਾ ਧੂੰਆਂ 10 ਗੁਣਾਂ ਵੱਧ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ। ਇਸ ਨਾਲ ਨਾ ਸਿਰਫ਼ ਹਵਾ, ਬਲਕਿ ਪਾਣੀ ਤੇ ਧਰਤੀ ਵੀ ਪ੍ਰਦੂਸ਼ਿਤ ਹੋ ਜਾਂਦੇ ਹਨ।

ਸਿਗਰਟ ਵਿਚ 4000 ਕੈਮੀਕਲ ਹੁੰਦੇ ਹਨ। ਉੱਤਰੀ ਅਮਰੀਕਾ ਵਿਚਲੇ 30 ਫੀਸਦੀ ਲੋਕ ਸਿਗਰਟ ਪੀ ਰਹੇ ਹਨ। ਹਰ ਰੋਜ਼ ਕਰੋੜਾਂ ਸਿਗਰਟਾਂ ਦੇ ਟੋਟੇ ਧਰਤੀ ਉੱਤੇ ਸੁੱਟੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਬਥੇਰੇ ਪਾਣੀ ਵਿਚ ਵੀ ਡੇਗੇ ਜਾ ਰਹੇ ਹਨ। ਪਾਣੀ ਵਿਚਲੇ ਜਾਨਵਰ ਇਨ੍ਹਾਂ ਨੂੰ ਅੰਦਰ ਲੰਘਾਉਣ ਨਾਲ ਮਰ ਰਹੇ ਹਨ। ਧਰਤੀ ਉੱਪਰ ਸੁੱਟੇ ਹੋਏ ਟੋਟੇ 25 ਤੋਂ 26 ਸਾਲਾਂ ਵਿਚ ਪੂਰੇ ਗਲਦੇ ਹਨ। ਧਰਤੀ ਵਿਚ ਇਨ੍ਹਾਂ ਵਿਚਲੇ ਕੈਮੀਕਲ ਰਲ ਕੇ ਉਸ ਨੂੰ ਜ਼ਹਿਰੀਲੀ ਕਰ ਰਹੇ ਹਨ। ਜੰਗਲਾਂ ਵਿਚਲੀ ਲੱਗੀ ਅੱਗ ਦਾ ਕਾਰਨ ਵੀ ਬਹੁਤੀ ਵਾਰ ਸਿਗਰਟਾਂ ਹੀ ਹੁੰਦੀਆਂ ਹਨ।

300 ਸਿਗਰਟਾਂ ਨੂੰ ਬਣਾਉਣ ਵਿਚ ਪੂਰਾ ਵੱਡਾ ਇਕ ਦਰਖ਼ਤ ਲੱਗ ਜਾਂਦਾ ਹੈ। ਇਕ ਘੰਟੇ ਵਿਚ ਸਿਗਰਟ ਬਣਾਉਣ ਵਾਲੀ ਫੈਕਟਰੀ ਕਾਗਜ਼ ਦਾ ਚਾਰ ਮੀਲ ਲੰਬਾ ਰੋਲ ਵਰਤ ਲੈਂਦੀ ਹੈ।

3000 ਸਕੁਏਅਰ ਫੁੱਟ ਜ਼ਮੀਨ ਦੀ ਪਰਾਲੀ ਸਾੜਨ ਵਿਚ ਵੀ ਓਨੀ ਹਵਾ ਜ਼ਹਿਰੀਲੀ ਨਹੀਂ ਹੁੰਦੀ ਜਿੰਨੀ ਇਕ ਸਿਗਰਟ ਕਰ ਦਿੰਦੀ ਹੈ। ਬੀਜਿੰਗ ਵਿਚ ਹੋਈ ਖੋਜ ਨੇ ਸਾਬਤ ਕੀਤਾ ਕਿ ਫੈਕਟਰੀਆਂ ਤੇ ਵਾਹਨਾਂ ਤੋਂ ਪੈਦਾ ਹੋਇਆ ਪ੍ਰਦੂਸ਼ਣ 40 ਸਿਗਰਟਾਂ ਰੋਜ਼ ਪੀਣ ਜਿੰਨਾ ਮਾੜਾ ਅਸਰ ਵਿਖਾ ਰਿਹਾ ਹੈ। ਢਾਈ ਮਾਈਕਰੋਨ ਤੋਂ ਛੋਟੇ ਕਣ ਸਿੱਧਾ ਫੇਫੜੇ ਅੰਦਰ ਡੂੰਘਾ ਲੰਘ ਕੇ ਪੂਰਾ ਨਾਸ ਮਾਰ ਦਿੰਦੇ ਹਨ ਜੋ ਸਟਰੋਕ, ਹਾਰਟ ਅਟੈਕ ਤੇ ਫੇਫੜੇ ਦਾ ਕੈਂਸਰ ਕਰਦੇ ਹਨ। ਇਸੇ ਲਈ ਸਿਗਰਟ ਸਭ ਤੋਂ ਵੱਧ ਹਾਨੀਕਾਰਕ ਬਣ ਕੇ ਉਭਰ ਰਹੀ ਹੈ।

ਕੋਲਾ ਬਾਲ ਰਹੇ ਪਾਵਰ ਪਲਾਂਟ ਵੀ ਸਿਗਰਟਾਂ ਜਿੰਨਾ ਖ਼ਤਰਨਾਕ ਧੂੰਆਂ ਕੱਢ ਰਹੇ ਹਨ। ਕੋਲਾ ਬਾਲਣ ਨਾਲ ਹਰ ਸਾਲ ਦੁਨੀਆਂ ਭਰ ਵਿਚ 34 ਬਿਲੀਅਨ ਟਨ ਕਾਰਬਨ ਡਾਇਓਕਸਾਈਡ ਹਵਾ ਵਿਚ ਰਲ ਰਹੀ ਹੈ ਜਦਕਿ ਵੱਡੇ ਪੱਥਰਾਂ ਵਿੱਚੋਂ ਨਿਕਲਦੀ ਕਾਰਬਨ ਡਾਇਓਕਸਾਈਡ ਕੁਦਰਤੀ ਤੌਰ ਉੱਤੇ 65 ਤੋਂ 310 ਮਿਲੀਅਨ ਟਨ ਹਰ ਸਾਲ ਹਵਾ ਵਿਚ ਰਲਦੀ ਹੈ।

ਐਲਿਜ਼ਬਥ ਮੁੱਲਰ, ਬਰਕਲੇ ਦੇ ਡਾਇਰੈਕਟਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਏਡਜ਼, ਮਲੇਰੀਆ, ਸ਼ੱਕਰ ਰੋਗ, ਟੀ.ਬੀ. ਤੇ ਸੜਕ ਵਿਚਲੇ ਐਕਸੀਡੈਂਟਾਂ ਤੋਂ ਵੀ ਵੱਧ ਹਵਾ ਦਾ ਪ੍ਰਦੂਸ਼ਣ ਮੌਤਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਸੰਨ 20 14 ਵਿਚ 4 ਮਹੀਨਿਆਂ ਦੀ ਖੋਜ ਬਾਅਦ ਇਹ ਡਾਟਾ ਇਕੱਠਾ ਕੀਤਾ ਗਿਆ ਸੀ।

ਇਨ੍ਹਾਂ ਤੱਥਾਂ ਨੂੰ ਜਾਨਣ ਬਾਅਦ ਸਮਝ ਆ ਜਾਂਦੀ ਹੈ ਕਿ ਸਿਰਫ਼ ਪਰਾਲੀ ਸਾੜਨ ਤੋਂ ਧਿਆਨ ਹਟਾ ਕੇ ਸਿਗਰਟਾਂ ਉੱਤੇ ਸੰਪੂਰਨ ਰੋਕ, ਕੋਲੇ ਦੇ ਬਾਲਣ ਉੱਤੇ ਰੋਕ, ਫੈਕਟਰੀਆਂ ਵਿੱਚੋਂ ਨਿਕਲਦੀ ਗੰਦਗੀ ਉੱਤੇ ਰੋਕ, ਆਵਾਜਾਈ ਦੇ ਸਾਧਨ ਇਲੈਕਟ੍ਰਿਕ ਕਰਨ ਦੀ ਲੋੜ ਤੇ ਕੂੜੇ ਨੂੰ ਅੱਗ ਲਾਉਣ ਤੋਂ ਰੋਕਣਾ ਕਿੰਨਾ ਜ਼ਰੂਰੀ ਹੋ ਚੁੱਕਿਆ ਹੈ।

ਜਵਾਲਾਮੁਖੀਆਂ ਵਿੱਚੋਂ ਨਿਕਲਦੀਆਂ ਗੈਸਾਂ ਕਾਬੂ ਉੱਤੇ ਪਾਉਣੀਆਂ ਔਖੀਆਂ ਹਨ, ਪਰ ਜ਼ਿਆਦਾ ਦਰਖ਼ਤ ਬੀਜ ਕੇ ਹੌਲੀ-ਹੌਲੀ ਹਵਾ ਜ਼ਰੂਰ ਸਾਫ਼ ਕੀਤੀ ਜਾ ਸਕਦੀ ਹੈ।

ਅਖ਼ੀਰ ਵਿਚ ਧਿਆਨ ਕਰੀਏ ਗੁਰਬਾਣੀ ਵੱਲ! ਜਿਨ੍ਹਾਂ ਸਮਿਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਸੀ, ਉਦੋਂ ਉਨ੍ਹਾਂ ਕੋਲ ਕੋਈ ਪ੍ਰਦੂਸ਼ਣ ਮਾਪਣ ਦਾ ਮੀਟਰ ਨਹੀਂ ਸੀ। ਆਪਣੀ ਦੂਰ ਦ੍ਰਿਸ਼ਟੀ ਨਾਲ ਵਾਤਾਵਰਣ ਨੂੰ ਆਉਣ ਵਾਲੀਆਂ ਪੁਸ਼ਤਾਂ ਲਈ ਸਾਂਭ ਕੇ ਰੱਖਣ ਦਾ ਆਦੇਸ਼ ਦਿੰਦਿਆਂ ਇਕ ਸੂਖਮ ਨੁਕਤਾ ਫੜ ਲਿਆ। ਜੇ ਅਸੀਂ ਆਪਣੀ ਮਾਂ ਜਾਂ ਪਿਓ ਜਾਂ ਗੁਰੂ ਦੀ ਬੇਪਤੀ ਹੁੰਦੀ ਵੇਖ ਕੇ ਮਰਨ ਮਾਰਨ ਤਕ ਪਹੁੰਚ ਜਾਂਦੇ ਹਾਂ ਤਾਂ ਧਰਤੀ ਮਾਂ, ਪਾਣੀ ਰੂਪੀ ਪਿਤਾ ਤੇ ਹਵਾ ਰੂਪੀ ਗੁਰੂ ਦੀ ਬੇਪਤੀ ਕਿਉਂ ਜਰ ਰਹੇ ਹਾਂ? ਕਿਉਂ ਰਲ ਕੇ ਆਵਾਜ਼ ਨਹੀਂ ਚੁੱਕਦੇ ਤੇ ਆਪਣੇ ਗੁਰੂ, ਮਾਂ ਤੇ ਪਿਓ ਦੀ ਪੂਰੀ ਤਰ੍ਹਾਂ ਰਾਖੀ ਕਰਨ ਵਿਚ ਅਸਮਰਥ ਹੋ ਰਹੇ ਹਾਂ?

ਇਸ ਬੇਪਤੀ ਦਾ ਨੁਕਸਾਨ ਸਾਡੀਆਂ ਆਪਣੀਆਂ ਹੀ ਪੁਸ਼ਤਾਂ ਨੇ ਝੱਲਣਾ ਹੈ! ਹਾਲੇ ਵੀ ਵੇਲਾ ਹੈ ਸੰਭਲ ਜਾਈਏ। ਕਿਸਾਨ ਵੀਰਾਂ ਉੱਤੇ ਤਾਂ ਤਰਸ ਖਾਣਾ ਚਾਹੀਦਾ ਹੈ। ਉਹ ਵਿਚਾਰੇ ਪਰਾਲੀ ਸਾੜ ਕੇ ਸਿਰਫ਼ ਆਪਣਾ ਤੇ ਆਪਣੇ ਟੱਬਰ ਦਾ ਹੀ ਨਾਸ ਮਾਰ ਰਹੇ ਹਨ। ਕਿਸੇ ਹੋਰ ਦਾ ਨੁਕਸਾਨ ਕਰਨ ਨਾਲੋਂ ਕਿਤੇ ਵੱਧ ਆਪਣੀ ਹੀ ਧਰਤੀ ਦਾ ਕਲੇਜਾ ਸਾੜਦੇ ਹਨ ਤੇ ਅੱਗੋਂ ਹੌਲੀ-ਹੌਲੀ ਆਪਣੀ ਹੀ ਫਸਲ ਦਾ ਝਾੜ ਘੱਟ ਕਰ ਰਹੇ ਹਨ। ਜੇ ਉਹ ਪਰਾਲੀ ਸਾੜਨ ਤੋਂ ਹਟਣਗੇ ਤਾਂ ਆਪਣੀ ਹੀ ਉਮਰ ਲੰਮੀ ਕਰਨਗੇ।

ਅਸਲੀ ਨਕੇਲ ਕੱਸਣ ਦੀ ਲੋੜ ਹੈ ਸਰਮਾਏਦਾਰਾਂ ਤੇ ਵੱਡੇ ਫੈਕਟਰੀਆਂ ਦੇ ਮਾਲਕਾਂ ਉੱਤੇ। ਨਾਲੇ ਲੋੜ ਹੈ ਸਰਕਾਰਾਂ ਨੂੰ ਉਨ੍ਹਾਂ ਦਾ ਰੋਲ ਯਾਦ ਕਰਵਾਉਣ ਲਈ ਤੇ ਆਵਾਜਾਈ ਦੇ ਸਾਧਨਾਂ ਨੂੰ ਤੁਰੰਤ ਇਲੈਕਟ੍ਰਿਕ ਕਰਵਾਉਣ ਅਤੇ ਬਿਜਲੀ ਘਰਾਂ ਵਿੱਚੋਂ ਕੋਲੇ ਦੇ ਸਾੜਨ ਨੂੰ ਬੰਦ ਕਰਨ ਦੀ! ਆਓ ਫੇਰ ਰਲ ਮਿਲ ਆਵਾਜ਼ ਚੁੱਕੀਏ ਤੇ ਸਾਬਤ ਕਰੀਏ :-

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।" (ਅੰਗ 8)

## ਸੌਦਾ ਸਾਧ ਨੂੰ ਸਜ਼ਾ ਬਾਅਦ ਸਾੜ ਫੂਕ ਦੇ ਕੇਸਾਂ 'ਚ ਡੇਰਾ ਪ੍ਰੇਮੀਆਂ ਖ਼ਿਲਾਫ਼ 25 ਗਵਾਹ ਮੈਦਾਨ 'ਚ ਨਿੱਤਰੇ

*ਸਫ਼ਾ 23 ਦਾ ਬਾਕੀ*

ਅੱਗ ਲਾਉਣ ਅਤੇ ਇਸ ਦਫਤਰ ਦੇ ਇੱਕ ਕਰਮਚਾਰੀ ਉਪਰ ਪੈਟਰੋਲ ਪਾਉਣ ਦੀ ਵਾਪਰੀ ਘਟਨਾ ਸਬੰਧੀ ਥਾਣਾ ਸਿਟੀ-2, ਮਾਨਸਾ ਦੀ ਪੁਲੀਸ ਵੱਲੋਂ ਮੁਕੱਦਮਾ ਨੰਬਰ 62 ਦਰਜ ਕੀਤਾ ਗਿਆ ਸੀ।

22 ਨਵੰਬਰ ਨੂੰ ਇਸ ਮੁਕੱਦਮੇ ਵਿੱਚ ਨਾਮਜ਼ਦ ਕਥਿਤ ਦੋਸ਼ੀਆਂ ਖ਼ਿਲਾਫ਼ ਮਾਨਸਾ ਅਦਾਲਤ ਵਿੱਚ ਚਲਾਨ ਪਹਿਲਾਂ ਹੀ ਪੇਸ਼ ਕੀਤਾ ਜਾ ਚੁੱਕਾ ਹੈ। ਪੇਸ਼ ਕੀਤੇ ਗਏ ਚਲਾਨ ਵਿੱਚ 25 ਗਵਾਹ ਰੱਖੇ ਗਏ ਹਨ, ਜੋ 31 ਡੇਰਾ ਪ੍ਰੇਮੀਆਂ ਖ਼ਿਲਾਫ਼ ਆਪਣੀ ਗਵਾਹੀ ਅਦਾਲਤ ਵਿੱਚ ਰਿਕਾਰਡ ਕਰਵਾਉਣਗੇ। ਜ਼ਿਕਰਯੋਗ ਹੈ ਕਿ ਨਾਮਜ਼ਦ ਕੀਤੇ ਗਏ 31 ਦੋਸ਼ੀਆਂ ਵਿੱਚੋਂ ਪੁਲੀਸ ਨੇ ਕੁਲਦੀਪ ਸਿੰਘ ਬੌਬੀ, ਬਲਵਿੰਦਰ ਸਿੰਘ ਉਰਫ ਬਿੰਦਰ, ਸੱਤਪਾਲ ਸਿੰਘ, ਬਲਜਿੰਦਰ ਸਿੰਘ ਬੰਟੀ, ਗੁਰਦੀਪ ਸਿੰਘ, ਰਜਿੰਦਰ ਸਿੰਘ ਉਰਫ ਕਾਲਾ, ਉਜਾਗਰ ਸਿੰਘ ਉਰਫ ਮੱਘਰ ਸਿੰਘ, ਹਰਪ੍ਰੀਤ ਸਿੰਘ, ਸ਼ੀਤਲ ਕੁਮਾਰ, ਹਰੀ ਸਿੰਘ, ਸੁਖਦੇਵ ਸਿੰਘ, ਗੌਰਵ ਸਿੰਗਲਾ, ਮੇਜਰ ਸਿੰਘ ਖਿਆਲਾ, ਪੁਸ਼ਪਿੰਦਰ ਸਿੰਘ ਰੋਮੀ, ਸ਼ੇਖਰ ਗੋਇਲ, ਸੂਰਜ ਭਾਨ ਬੁਢਲਾਡਾ, ਵਰਿੰਦਰ



ਕੁਮਾਰ ਉਰਫ ਬਿੱਟਾ ਸਰਦੂਲਗੜ੍ਹ, ਵਿੱਕੀ ਕੁਮਾਰ, ਕੁਲਦੀਪ ਸਿੰਘ, ਤਰਸੇਮ ਸਿੰਘ ਉਰਫ ਸੇਮੀ, ਪਰਮਜੀਤ ਸਿੰਘ ਨੰਗਲ ਕਲਾਂ, ਅਵਤਾਰ ਸਿੰਘ ਠੂਠਿਆਂਵਾਲੀ, ਕਿਰਨਜੀਤ ਸਿੰਘ, ਅਮਨਦੀਪ ਵਿਰਿੰਗ ਅਤੇ ਰਕੇਸ਼ ਕੁਮਾਰ ਕਾਲਾ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ ਅਤੇ ਇਹ ਸਾਰੇ ਵਿਅਕਤੀ ਜੁਡੀਸ਼ੀਅਲ ਰਿਮਾਂਡ 'ਤੇ ਮਾਨਸਾ ਜੇਲ੍ਹ ਵਿੱਚ ਬੰਦ ਹਨ, ਜਦੋਂ ਕਿ ਨਾਨਕ ਚੰਦ ਵਾਸੀ ਵਾਰਡ ਨੰਬਰ 9, ਸਰਦੂਲਗੜ੍ਹ, ਰਵੇਲ ਸਿੰਘ ਵਾਸੀ ਕੋਟਲੱਲੂ ਰੋਡ ਮਾਨਸਾ, ਪਰਵਿੰਦਰ ਸਿੰਘ ਬਿੱਟੂ ਹਿਸਾਬ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰੇਟਾ ਵਾਸੀ ਕੋਰਟ ਰੋਡ ਮਾਨਸਾ, ਸਤਪਾਲ ਵਾਸੀ ਸਿਵਜੀ ਰਾਮ ਠੇਕੇਦਾਰ ਸਟਰੀਟ ਮਾਨਸਾ, ਬਲਵਿੰਦਰ ਸਿੰਘ ਉਰਫ ਬਿੰਦਰ ਮੋਟਾ ਵਾਸੀ ਵਨ ਵੇ ਟ੍ਰੈਫਿਕ ਰੋਡ, ਮਾਨਸਾ ਅਤੇ ਪਵਨ ਕੁਮਾਰ ਵਾਸੀ ਕੋਟ ਲੱਲੂ ਰੋਡ, ਮਾਨਸਾ ਅਜੇ ਪੁਲੀਸ ਗ੍ਰਿਫਤ ਤੋਂ ਬਾਹਰ ਹਨ ਅਤੇ ਇਨ੍ਹਾਂ ਸਾਰਿਆਂ ਖ਼ਿਲਾਫ਼ ਪੁਲੀਸ ਵੱਲੋਂ ਅਦਾਲਤ ਪਾਸੋਂ ਤੀਜੀ ਵਾਰ ਗ੍ਰਿਫਤਾਰੀ ਵਾਰੰਟ ਲਏ ਜਾ ਚੁੱਕੇ ਹਨ, ਪਰ ਇਸ ਦੇ ਬਾਵਜੂਦ ਪੁਲੀਸ ਇਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਸਕੀ ਹੈ।

## ਟਵਿਟਰੀ ਟੈਂ ਟੈਂ : ਇਵਾਂਕਾ ਟਰੰਪ, ਤਾਂ ਆਧਾਰ ਕਾਰਡ ਲੈਣ ਆਈ ਸੀ ਭਾਰਤ !

**ਨਵੀਂ ਦਿੱਲੀ/ਬਿਊਰੋ ਨਿਊਜ਼:**
ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੇਟੀ ਇਵਾਂਕਾ ਟਰੰਪ ਦੇ ਭਾਰਤ ਦੌਰੇ ਸਬੰਧੀ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਇਵਾਂਕਾ ਦੀਆਂ ਕਈ ਤਸਵੀਰਾਂ 'ਤੇ ਮਜ਼ਾਕੀਆ ਟਵੀਟ ਕੀਤੇ ਜਾ ਰਹੇ ਹਨ । ਅਜਿਹਾ ਹੀ ਇਕ ਟਵੀਟ ਕਾਮੇਡੀਅਨ ਜੋਸ ਕੋਵਾਕੋ ਨੇ ਕੀਤਾ । ਉਸ ਨੇ ਇਵਾਂਕਾ ਦੀ ਇਕ ਵੀਡੀਓ ਨੂੰ ਮਜ਼ਾਕੀਆ 'ਵਾਇਸ ਓਵਰ' ਦੇ ਨਾਲ ਐਡਿਟ ਕੀਤਾ । ਇਸ ਵੀਡੀਓ 'ਚ ਇਵਾਂਕਾ ਇਹ ਕਹਿੰਦੀ ਨਜ਼ਰ ਆ ਰਹੀ ਸੀ ਕਿ ਉਹ ਆਧਾਰ ਕਾਰਡ ਬਣਵਾਉਣ ਲਈ ਭਾਰਤ ਆਈ ਹੈ । ਟਵਿਟਰ 'ਤੇ ਵਾਇਰਲ ਹੋਈ ਇਸ ਵੀਡੀਓ ਨੂੰ 2,000 ਤੋਂ ਵੱਧ ਵਾਰ ਰੀਟਵੀਟ ਕੀਤਾ ਗਿਆ । ਇਸ ਦੇ ਬਾਅਦ ਯੂ. ਆਈ. ਡੀ. ਏ. ਆਈ. ਨੇ ਇਸ ਟਵੀਟ ਦੇ ਜਵਾਬ 'ਚ ਲਿਖਿਆ ਕਿ ਇਵਾਂਕਾ ਟਰੰਪ ਆਪਣਾ ਆਧਾਰ ਕਾਰਡ ਨਹੀਂ ਬਣਵਾ ਸਕੀ ਕਿਉਂਕਿ ਉਹ ਭਾਰਤ ਦੀ ਨਾਗਰਿਕ ਨਹੀਂ ਹੈ ।



## ਫੇਸਬੁੱਕ ਵਾਲੇ ਮਾਰਕ ਜ਼ੁਕਰਬਰਗ ਦੀ ਭੈਣ ਨਾਲ ਜਹਾਜ਼ 'ਚ ਛੇੜਛਾੜ ਦਾ ਮਾਮਲਾ ਉਭਰਿਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੋਸ਼ਲ ਨੈੱਟਵਰਕਿੰਗ ਵੈੱਬਸਾਈਟ ਫੇਸਬੁੱਕ ਦੇ ਸੰਸਥਾਪਕ ਮਾਰਕ ਜੁਕਰਬਰਗ ਦੀ ਭੈਣ ਰੈਂਡੀ ਜੁਕਰਬਰਗ ਨਾਲ ਫਲਾਈਟ 'ਚ ਛੇੜਛਾੜ ਦਾ ਮਾਮਲਾ ਸਾਹਮਣੇ ਆਇਆ ਹੈ । ਰੈਂਡੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰ ਆਪਣੇ ਨਾਲ ਹੋਈ ਛੇੜਛਾੜ ਦੀ ਘਟਨਾ ਦੇ ਬਾਰੇ 'ਚ ਜਾਣਕਾਰੀ ਦਿੱਤੀ । ਇਹ ਪਹਿਲਾ ਮਾਮਲਾ ਨਹੀਂ ਹੈ ਜਦ ਉਡਾਨ 'ਚ ਮਾਰਕ ਜੁਕਰਬਰਗ ਦੀ ਭੈਣ ਨਾਲ ਛੇੜਛਾੜ ਹੋਈ ਹੈ । ਇਸ ਤੋਂ ਪਹਿਲਾਂ ਵੀ ਹਵਾਈ ਜਹਾਜ਼ਾਂ 'ਚ ਕਈ ਵਾਰ ਛੇੜਛਾੜ ਦੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ । ਰੈਂਡੀ ਜੁਕਰਬਰਗ ਦੇ ਨਾਲ ਛੇੜਛਾੜ ਦੀ ਇਹ ਘਟਨਾ ਅਲਾਸਕਾ ਏਅਰ ਲਾਈਨਜ਼ ਦੀ ਉਡਾਨ 'ਚ ਹੋਈ । ਰੈਂਡੀ ਨੇ ਆਪਣੇ ਟਵਿੱਟਰ ਹਾਡਲ 'ਤੇ ਆਪਣੇ ਨਾਲ ਵਾਪਰੀ ਸਾਰੀ ਘਟਨਾ ਦੇ ਬਾਰੇ 'ਚ ਦੱਸਿਆ । ਰੈਂਡੀ ਨੇ ਕਿਹਾ ਕਿ ਉਸ ਨੇ ਇਸ ਬਾਰੇ 'ਚ ਹਵਾਈ ਜਹਾਜ਼ ਦੇ ਕਰਮਚਾਰੀ ਨੂੰ ਵੀ ਦੱਸਿਆ ਪਰ ਉਸ ਨੇ ਕੁਝ ਨਹੀਂ ਕੀਤਾ। ਹਵਾਈ ਜਹਾਜ਼ ਕੰਪਨੀ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ।



# ਟਰੰਪ ਦੀ ਦੱਖਣ ਏਸ਼ਿਆਈ ਰਣਨੀਤੀ 'ਚ ਭਾਰਤ ਨੂੰ ਦਿੱਤੀ ਅਹਿਮ ਭੂਮਿਕਾ

**ਵਾਸ਼ਿੰਗਟਨ/ਬਿਊਰੋ ਨਿਊਜ਼:**
ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਵੀਂ ਦੱਖਣ ਏਸ਼ਿਆਈ ਰਣਨੀਤੀ, ਜਿਸ 'ਚ ਭਾਰਤ ਨੂੰ ਵੱਡੀ ਭੂਮਿਕਾ ਦਿੱਤੀ ਗਈ ਹੈ, ਪਹਿਲੇ 100 ਦਿਨਾਂ ਅੰਦਰ ਹੀ ਤਰੱਕੀ ਦਿਖਾ ਰਹੀ ਹੈ। ਵ੍ਹਾਈਟ ਹਾਊਸ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਰ ਇਸ ਰਣਨੀਤੀ ਨੂੰ ਅਜੇ ਜੜ੍ਹਾਂ ਫੜਨ ਲਈ ਸਮਾਂ ਦਿੱਤੇ ਜਾਣ ਦੀ ਲੋੜ ਹੈ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ 100 ਦਿਨਾਂ 'ਚ ਵੱਡੀਆਂ ਮੱਲਾਂ ਮਾਰਨ ਦੀ ਆਸ ਨਹੀਂ ਕੀਤੀ ਸੀ ਪਰ ਰਣਨੀਤੀ ਦੇ ਕੁਝ ਹਾਂ-ਪੱਖੀ ਸੰਕੇਤ ਦਿਖਣੇ ਸ਼ੁਰੂ ਹੋ ਗਏ ਹਨ। ਟਰੰਪ ਨੇ ਅਫ਼ਗਾਨਿਸਤਾਨ 'ਚ ਸ਼ਾਂਤੀ ਲਈ ਭਾਰਤ ਨੂੰ ਵੱਡੀ ਭੂਮਿਕਾ ਨਿਭਾਉਣ ਲਈ ਕਿਹਾ ਸੀ ਅਤੇ ਉਥੋਂ ਆਪਣੀਆਂ ਫ਼ੌਜਾਂ ਦੀ ਫ਼ੌਰੀ ਵਾਪਸੀ ਨੂੰ



ਨਕਾਰ ਦਿੱਤਾ ਸੀ। ਅਧਿਕਾਰੀ ਨੇ ਕਿਹਾ ਕਿ ਟਰੰਪ ਵੱਲੋਂ ਅਮਰੀਕੀ ਫ਼ੌਜ ਨੂੰ ਮੁਹੱਈਆ ਕਰਵਾਏ ਗਏ ਵਾਧੂ ਫ਼ੌਜੀ ਸਰੋਤਾਂ ਨਾਲ ਵੀ ਉਥੇ ਹਾਲਾਤ 'ਚ ਫਰਕ ਪੈਣਾ ਸ਼ੁਰੂ ਹੋ ਗਿਆ ਹੈ। ਉਸ ਨੇ ਕਿਹਾ ਕਿ ਪੂਰਬੀ ਅਫ਼ਗਾਨਿਸਤਾਨ 'ਚ ਇਸਲਾਮਿਕ ਸਟੇਟ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਇਕ ਤਿਹਾਈ ਜਹਾਦੀਆਂ ਨੂੰ ਮਾਰ ਦਿੱਤਾ ਗਿਆ ਹੈ।

**ਟਰੰਪ ਵੱਲੋਂ ਐਫਬੀਆਈ ਦੀ ਆਲੋਚਨਾ**

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਫਬੀਆਈ ਅਤੇ ਨਿਆਂ ਵਿਭਾਗ ਦੀ ਆਲੋਚਨਾ ਕਰਦਿਆਂ ਦਾਅਵਾ ਕੀਤਾ ਹੈ ਕਿ ਪ੍ਰਾਈਵੇਟ ਈ-ਮੇਲਾਂ ਦੇ ਮਾਮਲੇ 'ਚ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਖ਼ਿਲਾਫ਼ ਤਾਂ ਕਰਾਵਾਈ ਕਰ ਦਿੱਤੀ ਗਈ ਪਰ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਟਰੰਪ ਨੇ ਟਵਿੱਟਰ 'ਤੇ ਕਿਹਾ ਕਿ ਐਫਬੀਆਈ ਨੇ ਜਨਰਲ ਫਲਿਨ ਦਾ ਜੀਵਨ ਤਾਂ ਬਰਬਾਦ ਕਰ ਦਿੱਤਾ ਪਰ ਹਿਲੇਰੀ ਕਲਿੰਟਨ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ।

## ਜੰਗ ਲੱਗੀ ਤਾਂ ਉੱਤਰੀ ਕੋਰੀਆ ਦਾ ਤਬਾਹ ਹੋਣਾ ਤਹਿ : ਅਮਰੀਕਾ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼:**
ਅਮਰੀਕਾ ਨੇ ਕਿਮ ਜੋਂਗ-ਉਨ ਦੀ ਅਗਵਾਈ ਹੇਠਲੀ ਉੱਤਰੀ ਕੋਰੀਆ ਦੀ ਹਕੂਮਤ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਿਜ਼ਾਈਲ ਪ੍ਰੀਖਣਾਂ ਨਾਲ ਜੰਗ ਲੱਗਣ ਦਾ ਖ਼ਤਰਾ ਬਣਿਆ ਤਾਂ ਉਸ ਨੂੰ ਤਬਾਹ ਕਰ ਦਿੱਤਾ ਜਾਵੇਗਾ। ਉਨ੍ਹਾਂ ਸਾਰੇ ਮੁਲਕਾਂ ਨੂੰ ਪਯੋਂਗਯੈਂਗ ਦੀਆਂ ਭੜਕਾਊ ਕਾਰਵਾਈਆਂ ਲਈ ਉਸ ਨਾਲ ਆਰਥਿਕ ਅਤੇ ਕੂਟਨੀਤਕ ਸਬੰਧ ਤੋੜੇ ਜਾਣ ਲਈ ਕਿਹਾ ਹੈ। ਉੱਤਰੀ ਕੋਰੀਆ ਵੱਲੋਂ ਮਿਜ਼ਾਈਲ ਦਾਗੇ ਜਾਣ 'ਤੇ ਚਰਚਾ ਲਈ ਸੱਦੀ ਗਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਬੈਠਕ ਦੌਰਾਨ ਅਮਰੀਕੀ ਸਫ਼ੀਰ ਨਿੱਕੀ ਹੇਲੀ ਨੇ ਕਿਹਾ ਕਿ ਪਯੋਂਗਯੈਂਗ ਨੇ ਬੈਲਿਸਟਿਕ ਮਿਜ਼ਾਈਲ ਦਾਗ਼ ਕੇ ਦੁਨੀਆ 'ਚ ਜੰਗ ਲੱਗਣ ਦਾ ਖ਼ਤਰਾ ਵਧਾ ਦਿੱਤਾ ਹੈ। ਹੇਲੀ ਨੇ ਕਿਹਾ, ਜੇਕਰ ਜੰਗ ਲੱਗੀ ਤਾਂ ਉੱਤਰੀ ਕੋਰੀਆ ਦੀ ਹਕੂਮਤ ਵਲੋਂ ਨਵੀਂ ਮਿਜ਼ਾਈਲ ਦਾਗਣ ਵਰਗੀਆਂ ਭੜਕਾਊ ਕਾਰਵਾਈਆਂ ਕਰਕੇ ਲੱਗੇਗੀ ਅਤੇ ਉੱਤਰੀ ਕੋਰੀਆ ਹਕੂਮਤ ਨੂੰ ਬਿਲਕੁਲ ਤਬਾਹ ਕਰ ਦਿੱਤਾ ਜਾਵੇਗਾ।' ਉਸ ਨੇ ਕਿਹਾ ਕਿ ਅਮਰੀਕਾ ਕਦੇ ਵੀ ਉੱਤਰੀ ਕੋਰੀਆ ਨਾਲ ਜੰਗ ਦੇ ਪੱਖ 'ਚ ਨਹੀਂ ਹੈ ਪਰ ਉਥੋਂ ਦੀ ਹਕੂਮਤ ਅਜੇ ਵੀ ਅਜਿਹੇ ਹਾਲਾਤ ਪੈਦਾ ਕਰ ਰਹੀ ਹੈ ਜਿਸ ਨਾਲ ਜੰਗ ਲੱਗਣ ਦਾ ਖ਼ਤਰਾ ਵਧ ਗਿਆ ਹੈ। ਅਮਰੀਕਾ ਦੇ ਨਾਲ ਜਾਪਾਨ ਅਤੇ ਦੱਖਣੀ ਕੋਰੀਆ ਨੇ ਸੁਰੱਖਿਆ ਪ੍ਰੀਸ਼ਦ ਦੀ ਹੰਗਾਮੀ ਬੈਠਕ ਸੱਦਣ ਲਈ ਕਿਹਾ ਸੀ। ਹੇਲੀ ਨੇ ਕਿਹਾ ਕਿ ਸਾਰੇ ਮੁਲਕਾਂ ਨੂੰ ਉੱਤਰੀ ਕੋਰੀਆ ਨਾਲ ਕੂਟਨੀਤਕ ਸਬੰਧ ਤੋੜ ਲੈਣੇ ਚਾਹੀਦੇ ਹਨ ਅਤੇ ਫ਼ੌਜੀ, ਵਿਗਿਆਨਕ, ਤਕਨੀਕੀ ਜਾਂ ਵਪਾਰਕ ਸਹਿਯੋਗ ਦੇ ਸਬੰਧਾਂ ਨੂੰ ਘਟਾ ਲੈਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਾਰੇ ਮੁਲਕ ਉੱਤਰੀ ਕੋਰੀਆ ਨਾਲ ਦਰਾਮਦ ਅਤੇ ਬਰਾਮਦ ਰੋਕ ਦੇਣ ਅਤੇ ਉਥੋਂ ਦੇ ਕਾਮਿਆਂ ਨੂੰ ਆਪਣੇ-ਆਪਣੇ ਮੁਲਕਾਂ 'ਚੋਂ ਕੱਢ ਦੇਣ। ਉਧਰ ਵ੍ਹਾਈਟ ਹਾਊਸ ਦੇ ਪ੍ਰਿੰਸੀਪਲ ਡਿਪਟੀ ਪ੍ਰੈੱਸ ਸਕੱਤਰ ਰਾਜ ਸ਼ਾਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉੱਤਰੀ ਕੋਰੀਆ ਦੁਨੀਆ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ, ਉੱਤਰੀ ਕੋਰੀਆ ਨਾ ਸਿਰਫ਼ ਅਮਰੀਕਾ ਜਾਂ ਖਿੱਤੇ ਲਈ ਖ਼ਤਰਾ ਹੈ ਸਗੋਂ ਇਸ ਨੇ ਪੂਰੀ ਦੁਨੀਆ ਲਈ ਖ਼ਤਰਾ ਖੜ੍ਹਾ ਕਰ ਦਿੱਤਾ ਹੈ।' ਸੰਯੁਕਤ ਰਾਸ਼ਟਰ 'ਚ ਬ੍ਰਿਟੇਨ ਦੇ ਸਫ਼ੀਰ ਮੈਥਿਊ ਰੀਕ੍ਰਾਫਟ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਸੁਰੱਖਿਆ ਅਤੇ ਕੌਮਾਂਤਰੀ ਸ਼ਰਤਾਂ ਦਾ ਅਪਮਾਨ ਕੀਤਾ ਹੈ। ਬੈਠਕ ਦੀ ਪ੍ਰਧਾਨਗੀ ਕਰਦਿਆਂ ਇਟਲੀ ਦੇ ਸਫ਼ੀਰ ਸਬੈਸਟੀਅਨ ਕਾਰਡੀ ਨੇ ਉੱਤਰੀ ਕੋਰੀਆ ਵੱਲੋਂ ਕੀਤੇ ਗਏ ਮਿਜ਼ਾਈਲ ਪ੍ਰੀਖਣ ਦੀ ਨਿਖੇਧੀ ਕੀਤੀ।



## ਬਰਤਾਨੀਆ ਦੇ ਸਿੱਖ ਟੈਕਸੀ ਡਰਾਈਵਰ ਦੀ ਹਰ ਪਾਸਿਓਂ ਸ਼ਲਾਘਾ ਨਾਬਾਲਿਗ ਕੁੜੀ ਨੂੰ ਗੁੰਡਿਆਂ ਹੱਥੋਂ ਅਗ਼ਵਾ ਹੋਣ ਤੋਂ ਬਚਾਇਆ

**ਲੰਡਨ/ਬਿਊਰੋ ਨਿਊਜ਼:** ਯੂਕੇ 'ਚ 13 ਵਰ੍ਹਿਆਂ ਦੀ ਸਕੂਲ 'ਚ ਪੜ੍ਹਦੀ ਲੜਕੀ ਨੂੰ ਜਿਨਸੀ ਸ਼ੋਸ਼ਣ ਅਤੇ ਅਗ਼ਵਾ ਹੋਣ ਤੋਂ ਸਿੱਖ ਟੈਕਸੀ ਡਰਾਈਵਰ ਨੇ ਬਚਾਅ ਲਿਆ ਜਿਸ ਕਰਕੇ ਲੋਕਾਂ 'ਚ ਉਸ ਦੀ ਨਾਇਕ ਵਜੋਂ ਵਾਹ-ਵਾਹ ਹੋ ਰਹੀ ਹੈ।
ਇਹ ਘਟਨਾ ਇਸ ਸਾਲ 20 ਫਰਵਰੀ ਦੀ ਹੈ ਜਦੋਂ ਸਤਬੀਰ ਅਰੋੜਾ ਨੇ ਸਕੂਲ ਵਰਦੀ ਪਹਿਨੀ ਲੜਕੀ ਨੂੰ ਉਸ ਦੇ ਘਰੋਂ ਔਕਸਫੋਰਡਸ਼ਾਇਰ ਤੋਂ ਗਲੌਸਟਰ ਟਰੇਨ ਸਟੇਸ਼ਨ 'ਤੇ ਪਹੁੰਚਾਇਆ। ਮੈਟਰੋ.ਕੋ.ਯੂਕੇ ਦੀ ਰਿਪੋਰਟ ਮੁਤਾਬਕ ਇਹ ਲੜਕੀ 24 ਵਰ੍ਹਿਆਂ ਦੇ ਸੈਮ ਹੇਵਿੰਗਜ਼ ਦੀ ਉਡੀਕ ਕਰ ਰਹੀ ਸੀ ਜਿਸ ਨੇ ਲੜਕੀ ਨੂੰ ਅਗ਼ਵਾ ਕਰਨ ਦੀ ਯੋਜਨਾ ਬਣਾਈ ਹੋਈ ਸੀ। ਉਸ ਨੇ ਆਨਲਾਈਨ ਸਾਈਟਾਂ 'ਤੇ ਪੀੜਤਾ ਨੂੰ ਅਗ਼ਵਾ ਕਰਨ, ਨਸ਼ੀਲੀਆਂ ਦਵਾਈਆਂ ਦੇਣ ਅਤੇ ਬਲਾਤਕਾਰ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਹੋਈ ਸੀ। ਲੜਕੀ ਨੂੰ ਵਿਅਕਤੀ ਨਾਲ ਦੇਖ ਕੇ ਕਥਿਤ ਅਗ਼ਵਾਕਾਰ ਉਸ ਦੇ ਨੇੜੇ ਨਹੀਂ ਆਇਆ। ਜਦੋਂ ਸਟੇਸ਼ਨ 'ਤੇ ਲੜਕੀ ਨੂੰ ਮਿਲਣ ਲਈ ਕੋਈ ਨਹੀਂ ਆਇਆ ਤਾਂ ਟੈਕਸੀ ਡਰਾਈਵਰ ਨੇ ਫਿਕਰ ਜਤਾਉਂਦਿਆਂ ਉਸ ਤੋਂ ਜਾਣਕਾਰੀ ਮੰਗੀ। ਜਦੋਂ ਉਸ ਦੀ ਵਾਹ ਨਾ ਚੱਲੀ ਤਾਂ ਸਤਬੀਰ ਨੇ ਆਪਣੀ ਪਤਨੀ ਨਾਲ ਲੜਕੀ ਦੀ ਫੋਨ 'ਤੇ ਗੱਲ ਕਰਵਾਈ। ਇਸ ਮਗਰੋਂ ਪੁਲੀਸ ਨੂੰ ਸੱਦਿਆ ਗਿਆ। ਸਤਬੀਰ ਅਰੋੜਾ ਨੂੰ ਲੜਕੀ ਨੂੰ ਬਚਾਉਣ ਲਈ ਸਨਮਾਨਿਤ ਕੀਤਾ ਗਿਆ।

# ਪ੍ਰਵਾਸੀ ਰਾਜਦੀਪ ਰੰਧਾਵਾ ਨੇ ਪਿੰਡ ਦੇ ਹਾਈ ਤੇ ਪ੍ਰਾਇਮਰੀ ਸਕੂਲਾਂ ਨੂੰ ਮਾਡਲ ਸਕੂਲ ਬਣਾਉਣ ਦਾ ਬੀੜਾ ਚੁਕਿਆ

**ਬਟਾਲਾ/ਬਿਊਰੋ ਨਿਊਜ਼:**
ਵਿਦੇਸ਼ੀ ਧਰਤੀ 'ਤੇ ਆਪਣੀ ਮਿਹਨਤ ਨਾਲ ਸਫ਼ਲਤਾ ਹਾਸਲ ਕਰਨ ਮਗਰੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਤਲਵੰਡੀ ਲਾਲ ਸਿੰਘ ਦੇ ਜੰਮਪਲ ਰਾਜਦੀਪ ਸਿੰਘ ਰੰਧਾਵਾ ਨੇ ਆਪਣੇ ਪਿੰਡ ਦੇ ਪ੍ਰਾਇਮਰੀ ਤੇ ਹਾਈ ਸਕੂਲਾਂ ਨੂੰ ਮਾਡਲ ਸਕੂਲ ਬਣਾਉਣ ਦਾ ਬੀੜਾ ਚੁੱਕਿਆ ਹੈ । ਰਾਜਦੀਪ ਰੰਧਾਵਾ ਦਾ ਸੁਪਨਾ ਹੈ ਕਿ ਉਸ ਦੇ ਪਿੰਡ ਦੇ ਬੱਚੇ ਵਧੀਆ ਸਿੱਖਿਆ ਹਾਸਲ ਕਰਕੇ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ । ਇਸ ਮਕਸਦ ਨੂੰ ਮੁੱਖ ਰੱਖਦੇ ਹੋਏ 7 ਸੁਮੰਦਰੋਂ ਪਾਰ ਨੀਦਰਲੈਂਡ ਤੋਂ ਆਏ ਪ੍ਰਵਾਸੀ ਭਾਰਤੀ ਰਾਜਦੀਪ ਸਿੰਘ ਰੰਧਾਵਾ ਨੇ ਆਪਣੇ ਪਿੰਡ ਤਲਵੰਡੀ ਲਾਲ ਸਿੰਘ ਦੇ ਪ੍ਰਾਇਮਰੀ ਅਤੇ ਹਾਈ ਸਕੂਲਾਂ ਨੂੰ ਗੋਦ ਲਿਆ ਹੈ ਅਤੇ ਇਨ੍ਹਾਂ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ ਹਨ । ਅੱਜ ਤਲਵੰਡੀ ਲਾਲ ਸਿੰਘ ਦੇ ਸਕੂਲ ਵਿਚ ਪਿੰਡ ਵਾਲਿਆਂ ਅਤੇ ਸਕੂਲ ਸਟਾਫ ਵਲੋਂ ਇਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਐਸ.ਡੀ.ਐਮ. ਗੁਰਦਾਸਪੁਰ ਸਕੱਤਰ ਸਿੰਘ ਬੱਲ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ । ਸਮਾਗਮ ਦੌਰਾਨ ਪ੍ਰਵਾਸੀ ਭਾਰਤੀ ਰਾਜਦੀਪ ਸਿੰਘ ਰੰਧਾਵਾ, ਉਨ੍ਹਾਂ ਦੀ ਮਾਤਾ ਹਰਜੀਤ ਕੌਰ ਰੰਧਾਵਾ ਅਤੇ ਧਰਮ ਪਤਨੀ ਸਮਿੰਦਰ ਕੌਰ ਰੰਧਾਵਾ ਨੇ ਸਵਰਗਵਾਸੀ ਗੁਰਦਿਆਲ ਸਿੰਘ ਰੰਧਾਵਾ ਦੀ ਯਾਦ ਵਿਚ ਕਰੀਬ 10 ਲੱਖ ਰੁਪਏ ਖਰਚ ਕਰਕੇ ਪਿੰਡ ਦੇ ਪ੍ਰਾਇਮਰੀ ਤੇ ਹਾਈ ਸਕੂਲ ਦੇ ਸਾਰੇ ਬੱਚਿਆਂ ਨੂੰ ਵਰਦੀਆਂ, ਕੋਟੀਆਂ, ਬੂਟ ਅਤੇ ਸਕੂਲ ਪੜ੍ਹਦੇ ਬੱਚਿਆਂ ਦੇ ਲੋੜਵੰਦ ਮਾਪਿਆਂ ਨੂੰ ਸੂਟ ਵੰਡੇ । ਇਸ ਮੌਕੇ ਐਨ.ਆਰ. ਆਈ. ਰੰਧਾਵਾ ਵਲੋਂ ਸਕੂਲ ਵਿਚ ਦੋ ਕਮਰੇ ਬਣਾਉਣ ਦਾ ਕੰਮ ਵੀ ਸ਼ੁਰੂ ਕਰਵਾਇਆ, ਜਿਸ ਉਪਰ ਕਰੀਬ 20 ਲੱਖ ਰੁਪਏ ਖਰਚੇ ਜਾਣਗੇ । ਰਾਜਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦਾ ਸੁਪਨਾ ਹੈ ਕਿ ਉਨ੍ਹਾਂ ਦੇ ਪਿੰਡ ਦੇ ਦੋਵੇਂ ਸਕੂਲ ਮਾਡਲ ਸਕੂਲ ਬਣਨ ਅਤੇ ਇੱਥੇ ਬੱਚਿਆਂ ਨੂੰ ਮਿਆਰੀ ਸਿੱਖਿਆ ਗ੍ਰਹਿਣ ਕਰਨ ਨੂੰ ਮਿਲੇ । ਉਨ੍ਹਾਂ ਕਿਹਾ ਕਿ ਉਹ ਦੋਹਾਂ ਸਕੂਲਾਂ ਨੂੰ ਗੋਦ ਲੈਂਦੇ ਹਨ ਅਤੇ ਸਕੂਲ ਦੀਆਂ ਜੋ ਵੀ ਲੋੜਾਂ ਹੋਣਗੀਆਂ, ਉਨ੍ਹਾਂ ਨੂੰ ਪੂਰਿਆਂ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕਿ ਹਰ ਸਾਲ ਪਹਿਲੀ ਤੋਂ ਦਸਵੀਂ ਜਮਾਤ ਤੱਕ ਇਮਤਿਹਾਨਾਂ 'ਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ 30 ਵਿਦਿਆਰਥੀਆਂ ਨੂੰ ਇਨਾਮ ਵਜੋਂ ਸਾਈਕਲ ਦਿੱਤੇ ਜਾਇਆ ਕਰਨਗੇ । ਇਸ ਤੋਂ ਇਲਾਵਾ ਸਕੂਲ ਵਿਚ ਸਮਾਰਟ ਕਲਾਸ ਰੂਮ, ਕੰਪਿਊਟਰ ਲੈਬ, ਟੈਨਿਸ ਤੇ ਬੈਡਮਿੰਟਨ ਕੋਰਟ ਬਣਾ ਕੇ ਦਿੱਤੇ ਜਾਣਗੇ । ਰਾਜਦੀਪ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦਾ ਸੁਪਨਾ ਪਿੰਡ ਵਿਚ ਕਾਲ ਸੈਂਟਰ ਖੋਲਣ ਦਾ ਹੈ ਤਾਂ ਜੋ ਇਲਾਕੇ ਦੇ ਨੌਜਵਾਨ ਇਸ ਕਾਲ ਸੈਂਟਰ ਵਿਚ ਨੌਕਰੀ ਕਰਕੇ ਰੁਜ਼ਗਾਰ ਪ੍ਰਾਪਤ ਕਰ ਸਕਣ । ਉਨ੍ਹਾਂ ਕਿਹਾ ਭਵਿੱਖ ਵਿਚ ਸਕੂਲ 'ਚ ਸਵੀਮਿੰਗ ਪੂਲ ਵੀ ਬਣਾਇਆ ਜਾਵੇਗਾ ਅਤੇ ਹੋਰ ਖੇਡਾਂ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ । ਰਾਜਦੀਪ ਰੰਧਾਵਾ ਨੇ ਕਿਹਾ ਕਿ 80 ਫ਼ੀਸਦੀ ਤੋਂ ਵੱਧ ਅੰਕ ਲੈਣ ਵਾਲੇ ਬੱਚਿਆਂ ਦੀ ਕਾਲਜ ਪੜ੍ਹਾਈ ਕਰਵਾਈ ਜਾਵੇਗੀ ਤੇ ਭਵਿੱਖ ਵਿਚ ਕੰਪਿਊਟਰ ਦੀ ਸਿੱਖਿਆ ਵੀ ਦਿੱਤੀ ਜਾਵੇਗੀ । ਇਸ ਮੌਕੇ ਐਸ.ਡੀ.ਐਮ. ਸਕੱਤਰ ਸਿੰਘ ਬੱਲ ਨੇ ਰਾਜਦੀਪ ਸਿੰਘ ਅਤੇ ਉਸ ਦੇ ਸਮੁੱਚੇ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ । ਉਨ੍ਹਾਂ ਸਾਰੇ ਪ੍ਰਵਾਸੀ ਭਾਰਤੀ ਨੂੰ ਅਪੀਲ ਕੀਤੀ ਕਿ ਉਹ ਰਾਜਦੀਪ ਵਾਂਗ ਆਪਣੇ ਪਿੰਡਾਂ ਦੇ ਵਿਕਾਸ ਲਈ ਅੱਗੇ ਆਉਣ । ਇਸ ਮੌਕੇ ਪਰਮਿੰਦਰ ਸਿੰਘ ਸੈਣੀ, ਬਿੱਟੂ ਰੰਧਾਵਾ, ਪਰਮਿੰਦਰ ਸਿੰਘ ਗਿੱਲ, ਬਲਰਾਜ ਸਿੰਘ ਸੰਧੂ, ਸਕੂਲ ਅਧਿਆਪਕ ਹਰਪ੍ਰੀਤ ਸਿੰਘ ਤੁੰਗ, ਹਨੀ ਸ਼ੇਰਗਿਲ ਬੱਬਰੀ, ਬਿਊਟੀ ਰੰਧਾਵਾ, ਨੀਰਜ ਲੂਥਰਾ ਜਿਊਲਰਜ਼, ਜਸਵਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।



**ਪਿੰਡ ਤਲਵੰਡੀ ਲਾਲ ਸਿੰਘ ਦੇ ਸਕੂਲਾਂ ਨੂੰ ਗੋਦ ਲੈਣ ਸਮੇਂ ਸੰਬੋਧਨ ਕਰਦੇ ਹੋਏ ਅਤੇ ਬੱਚਿਆਂ ਨੂੰ ਵਰਦੀਆਂ ਵੰਡਦੇ ਹੋਏ ਪਰਵਾਸੀ ਭਾਰਤੀ ਰਾਜਦੀਪ ਸਿੰਘ ਰੰਧਾਵਾ, ਨਾਲ ਖੜ੍ਹੇ ਸਕੱਤਰ ਸਿੰਘ ਬੱਲ ਅਤੇ ਹੋਰ।**

## ਪੰਜਾਬ ਦੇ ਸਕੂਲ ਦੀ ਮੁਰੰਮਤ ਕਰਵਾਉਣਗੇ ਸਿੰਗਾਪੁਰ ਦੇ ਪੰਜਾਬੀ ਨੌਜਵਾਨ

**ਚੰਡੀਗੜ੍ਹ/ਬਿਊਰੋ ਨਿਊਜ਼:** ਸਿੰਗਾਪੁਰ ਦੇ ਭਾਰਤੀ ਮੂਲ ਦੇ 20 ਨੌਜਵਾਨ ਪੰਜਾਬ ਦੇ ਇਕ ਪਿੰਡ ਵਿੱਚ ਸਕੂਲ ਦੀ ਮੁਰੰਮਤ ਕਰਨਗੇ। ਉਹ ਇਥੇ ਤਿੰਨ ਹਫ਼ਤਿਆਂ ਦੀ ਛੁੱਟੀ ਬਿਤਾਉਣਗੇ। ਇਹ ਜਾਣਕਾਰੀ ਇਕ ਮੀਡੀਆ ਰਿਪੋਰਟ ਵਿੱਚ ਦਿੱਤੀ ਗਈ ਹੈ। ਇਨ੍ਹਾਂ ਨੌਜਵਾਨਾਂ ਦੀ ਉਮਰ 18-21 ਸਾਲ ਵਿਚਾਲੇ ਹੈ। ਇਹ ਵੱਖ ਵੱਖ ਜਾਤੀ ਅਤੇ ਸਮਾਜਿਕ ਆਰਥਿਕ ਪਿਛੋਕੜ ਨਾਲ ਸਬੰਧਤ ਹਨ। ਇਹ ਨੌਜਵਾਨ ਸੰਗਰੂਰ ਜ਼ਿਲ੍ਹੇ ਦੇ ਪਿੰਡ ਰੱਤੋਕੇ ਦੇ ਲੋਕਾਂ ਨਾਲ ਰਹਿਣਗੇ ਅਤੇ ਨੌਂ ਦਸੰਬਰ ਤੋਂ ਸਕੂਲ ਦੀ ਮੁਰੰਮਤ ਦੇ ਨਾਲ ਨਾਲ ਰੰਗ ਰੋਗਨ ਦਾ ਕੰਮ ਕਰਨਗੇ। ਸੰਡੇ ਟਾਈਮਜ਼ ਦੀ ਰਿਪੋਰਟ ਅਨੁਸਾਰ ਇਹ ਪ੍ਰੋਗਰਾਮ 'ਖਾਹਿਸ਼' ਪ੍ਰਾਜੈਕਟ ਤਹਿਤ ਕੀਤਾ ਜਾ ਰਿਹਾ ਹੈ ਜੋ ਯੰਗ ਸਿੱਖ ਐਸੋਸੀਏਸ਼ਨ(ਵਾਈਐਸਏ) ਦੀ ਪਹਿਲ ਹੈ। ਇਸ ਸੰਸਥਾ ਦੀ ਨੀਂਹ 2003 ਵਿੱਚ ਸਿੰਗਾਪੁਰ ਦੇ ਸਤਵੰਤ ਸਿੰਘ ਨੇ ਰੱਖੀ ਸੀ। ਸਤਵੰਤ ਸਿੰਘ ਨੇ ਦੱਸਿਆ ਕਿ ਇਹ ਨੌਜਵਾਨ ਇਸ ਦੌਰਾਨ ਇਥੇ ਇਕ ਲਾਇਬਰੇਰੀ ਦਾ ਨਿਰਮਾਣ ਕਰਨਗੇ ਅਤੇ ਉਸ ਵਿੱਚ 3000 ਕਿਤਾਬਾਂ ਰੱਖਣਗੇ। ਸਾਫ਼ ਪਾਣੀ ਲਈ ਸਕੂਲ ਵਿੱਚ ਫਿਲਟਰ ਮਸ਼ੀਨ ਲਾਉਣ ਦੇ ਨਾਲ ਨਾਲ ਪਖਾਨਿਆਂ ਦੀ ਵੀ ਮੁਰੰਮਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਹ ਇਸ ਦੌਰਾਨ ਪਿੰਡ ਦੇ ਗਰੀਬ ਬੱਚਿਆਂ ਨੂੰ ਸਟੇਸ਼ਨਰੀ ਅਤੇ ਕੱਪੜਿਆਂ ਦੇ ਨਾਲ ਹੋਰ ਲੋੜੀਂਦੀਆਂ ਚੀਜ਼ਾਂ ਵੀ ਵੰਡਣਗੇ। ਸ੍ਰੀ ਸਿੰਘ ਜੋ ਪੇਸ਼ੇ ਵਜੋਂ ਵਕੀਲ ਹਨ ਨੇ ਦੱਸਿਆ ਕਿ ਉਹ ਬੀਤੇ 14 ਸਾਲਾਂ ਤੋਂ ਇਹ ਸੇਵਾ ਦਸੰਬਰ ਮਹੀਨੇ ਵਿੱਚ ਕਰਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਰੱਤੋਕੇ ਸਕੂਲ 17 ਸਕੂਲ ਹੈ ਜਿਸ ਦੀ ਮੁਰੰਮਤ ਨੌਜਵਾਨ ਵਾਲੰਟੀਅਰਾਂ ਦੀ ਟੀਮ ਵੱਲੋਂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਲਈ ਫੰਡ ਦਾ ਕੁਝ ਹਿੱਸਾ ਸਿੰਗਾਪੁਰ ਦੀ ਨੈਸ਼ਨਲ ਯੂਥ ਕੌਂਸਲ ਵੱਲੋਂ ਮੁਹੱਈਆ ਕਰਾਇਆ ਜਾਂਦਾ ਹੈ, ਜਦੋਂ ਕਿ ਬਾਕੀ ਹਿੱਸਾ ਸਤਵੰਤ ਸਿੰਘ ਅਤੇ ਵਾਲੰਟੀਅਰਾਂ ਵੱਲੋਂ ਇਕੱਠਾ ਕੀਤਾ ਜਾਂਦਾ ਹੈ।

## Classified

### ਵਰ ਦੀ ਲੋੜ

ਜੱਟ ਸਿੱਖ ਧਾਮੀ ਉਮਰ 24 ਸਾਲ 5' 7" MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ। ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ 916-813-6863

### Bride WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

### Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279

For Classified Contact

510.240.5949


## ਸਿੱਖ ਸੰਘਰਸ਼ ਦੌਰਾਨ ਪੁਲੀਸ ਜ਼ੁਲਮਾਂ ਦਾ ਮਸਲਾ ਮੁੜ ਭਖਿਆ

ਸਿੰਘ ਬਟਾਲਾ, ਜਗਜੀਤ ਸਿੰਘ ਬਾਜਵਾ, ਬਲਜਿੰਦਰ ਸਿੰਘ, ਮਹਿੰਦਰ ਸਿੰਘ ਨੇ ਦੱਸਿਆ ਕਿ 87 ਹਜ਼ਾਰ ਦੇ ਕਰੀਬ ਚਸ਼ਮਦੀਦ ਗਵਾਹਾਂ, ਦਸਤਾਵੇਜ਼, ਅੰਕੜਿਆਂ ਦੀ ਰਿਪੋਰਟ, ਵੱਖ-ਵੱਖ ਜ਼ਿਲ੍ਹਿਆਂ 'ਚ ਪੀੜਤਾਂ ਨਾਲ ਗੱਲਬਾਤ ਕਰਨ ਅਤੇ ਨਗਰ ਕੌਂਸਲਾਂ ਤੋਂ ਇਕੱਠੇ ਕੀਤੇ ਰਿਕਾਰਡ ਤੋਂ ਇਹ ਤੱਥ ਪ੍ਰਾਪਤ ਕੀਤੇ ਗਏ ਹਨ ਕਿ 1980 ਤੋਂ 1995 ਦਰਮਿਆਨ ਹੋਏ ਕਤਲਾਂ ਅਤੇ ਝੂਠੇ ਮੁਕਾਬਲਿਆਂ ਵਿੱਚ 8257 ਬੰਦੇ ਲਾਪਤਾ ਹੋਏ ਸਨ। ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਿਰਫ 1527 ਮਾਮਲਿਆਂ ਵਿੱਚ ਹੀ ਪੀੜਤਾਂ ਨੂੰ ਨਾਮ ਮਾਤਰ ਮੁਆਵਜ਼ਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਾਂਚ ਦਾ ਘੇਰਾ ਸਰਹੱਦੀ ਤਿੰਨ ਜ਼ਿਲ੍ਹਿਆਂ ਦੇ ਸਿਰਫ 2067 ਕਤਲਾਂ ਤੱਕ ਹੀ ਸੀਮਤ ਰੱਖਿਆ ਸੀ ਜਦਕਿ ਅੰਮ੍ਰਿਤਸਰ ਸ਼ਮਸ਼ਾਨ ਘਾਟ 'ਚ 2097 ਲੋਕਾਂ ਦੇ ਸਸਕਾਰ ਕਰਨ ਦਾ ਰਿਕਾਰਡ ਸੀ। ਸੰਸਥਾ ਦੇ ਆਗੂਆਂ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੇ ਸੂਬੇ ਦੇ 22 ਜ਼ਿਲ੍ਹਿਆਂ ਦੇ ਕਸਬਿਆਂ, ਸ਼ਹਿਰਾਂ 'ਚ ਪੀੜਤਾਂ ਨਾਲ ਰਾਬਤਾ ਕਾਇਮ ਕੀਤਾ ਪਰ ਗੁਰਦਾਸਪੁਰ ਜ਼ਿਲ੍ਹੇ ਦੇ 1700 ਪਿੰਡਾਂ ਦਾ ਦੌਰਾ ਕਰਨ ਮੌਕੇ ਪਤਾ ਲੱਗਾ ਕਿ ਇਹ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਰਿਹਾ ਹੈ। ਮਨੁੱਖੀ ਅਧਿਕਾਰਾਂ ਦੀ ਸਭ ਤੋਂ ਪਹਿਲਾਂ ਅਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ, ਜਿਸ ਨੂੰ ਪੁਲਿਸ ਨੇ ਘਰੋਂ ਚੁੱਕਿਆ ਤੇ ਤਸੀਹੇ ਦੇ ਕੇ ਮਾਰ ਦਿੱਤਾ ਸੀ, ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਸਰਕਾਰ ਅਣਪਛਾਤੇ ਲੋਕਾਂ ਦੀ ਪਛਾਣ ਲਈ ਕੁਝ ਨਹੀਂ ਕਰ ਰਹੀ। ਉਹ ਪਿਛਲੇ 22 ਸਾਲ ਤੋਂ ਨਿਆਂ ਦੀ ਲੜਾਈ ਲੜ ਰਹੇ ਹਨ ਅਤੇ ਸਮੇਂ ਦੇ ਹੁਕਮਰਾਨਾਂ ਨੇ ਲਾਸ਼ਾਂ 'ਤੇ ਰਾਜ ਤਾਂ ਕੀਤਾ ਹੈ, ਪਰ ਪੀੜਤਾਂ ਦੇ ਹਿਤ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬੇਵਕਤੀ ਮੌਤ ਦੇ ਮੂੰਹ ਵਿਚ ਜਾਣ ਵਾਲਿਆਂ ਵਿੱਚੋਂ 90%ੜ ਲੋਕ ਸਿੱਖ ਸਨ। ਸਤਨਾਮ ਸਿੰਘ ਬੈਂਸ ਨੇ ਹੁਕਮਰਾਨਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਐਨ.ਆਰ.ਆਈ ਦੀਆਂ ਜ਼ਮੀਨਾਂ ਦੇ ਮਾਮਲੇ ਨਜਿੱਠਣ ਲਈ ਤਾਂ ਐਨ.ਆਰ.ਆਈ ਕੋਰਟ ਤੱਕ ਬਣਾ ਦਿੱਤੀ ਹੈ ਤੇ ਕੇਸਾਂ ਦਾ ਨਿਪਟਾਰਾ ਵੀ ਸਮਾਂਬੱਧ ਕਰ ਦਿੱਤਾ ਹੈ ਪਰ ਪਿਛਲੇ ਢਾਈ ਦਹਾਕਿਆਂ ਤੋਂ ਲਮਕ ਰਹੇ ਇਨ੍ਹਾਂ ਮਾਮਲਿਆਂ ਬਾਰੇ ਕੁਝ ਨਹੀਂ ਕੀਤਾ।

## ਪੰਜਾਬ ਪੁਲਿਸ ਨੇ ਜੰਮੂ ਤੋਂ ਇਕ ਹੋਰ ਸਿੱਖ ਨੌਜਵਾਨ ਨੂੰ ਚੁਕਿਆ

ਸਿੱਖ ਨੌਜਵਾਨਾਂ ਨੂੰ ਜਬਰਦਸਤੀ ਸੜਕ ਤੋਂ ਹਟਾਇਆ। ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਅਵਤਾਰ ਸਿੰਘ ਖ਼ਾਲਸਾ ਅਤੇ ਯੂਨਾਈਟਿਡ ਸਿੱਖ ਕਾਸਲ ਦੇ ਮੁੱਖ ਸਕੱਤਰ ਮਹਿੰਦਰਪਾਲ ਸਿੰਘ ਖ਼ਾਲਸਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਹਿਲਾਂ ਪੰਜਾਬ ਕਾਂਗਰਸ ਸਰਕਾਰ ਤਲਜੀਤ ਸਿੰਘ ਜਿੰਮੀ ਤੇ ਹੁਣ ਜਗਜੀਤ ਸਿੰਘ ਜੱਗੀ 'ਤੇ ਝੂਠੇ ਕੇਸ ਪਾ ਕੇ ਪੰਜਾਬ ਪੁਲਿਸ ਜੰਮੂ ਵਿਚ ਦਹਿਸ਼ਤ ਫ਼ੈਲਾ ਰਹੀ ਹੈ ਗ਼ ਯੂ. ਡੀ. ਪੀ. ਪ੍ਰਧਾਨ ਐਮ. ਪੀ. ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਬਾਘਾ ਪੁਰਾਣਾ ਤੇ ਸੀ. ਆਈ. ਏ. ਸਟਾਫ਼ ਨੇ ਦਿਨ-ਦਿਹਾੜੇ ਪ੍ਰਾਈਵੇਟ ਦਫ਼ਤਰ ਜਾ ਕੇ ਜਗਜੀਤ ਸਿੰਘ ਜੱਗੀ ਨੂੰ ਘਰ ਵਾਲਿਆਂ ਨੂੰ ਇਤਲਾਹ ਕਰਨ ਬਗੈਰ ਚੁੱਕਿਆ ਹੈ ਅਤੇ ਦਫ਼ਤਰ ਵਾਲਿਆਂ ਵੀ ਦੱਸਿਆ ਹੈ ਕਿ ਪੰਜਾਬ ਪੁਲਿਸ ਸਾਡੇ ਮੋਬਾਈਲ, ਲੈਪਟਾਪ ਅਤੇ ਨਕਦੀ ਵੀ ਕੱਢ ਕੇ ਲੈ ਗਈ ਹੈ, ਜਿਸ ਦੀ ਗਾਂਧੀਨਗਰ ਥਾਣੇ 'ਚ ਰਿਪੋਰਟ ਵੀ ਲਿਖਾਈ ਗਈ ਹੈ। ਪ੍ਰਧਾਨ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੇ ਜੰਮੂ ਦੇ ਸਿੱਖ ਬੇਕਸੂਰ ਨੌਜਵਾਨਾਂ ਨੂੰ ਤੰਗ ਕਰਨਾ ਨਾ ਛੱਡਿਆ ਤਾਂ ਅਸੀਂ ਸੜਕਾਂ 'ਤੇ ਆ ਕੇ ਪ੍ਰਦਸ਼ਨ ਕਰਾਂਗੇ।

## ਕੈਪਟਨ ਨੂੰ ਰਾਹੁਲ ਗਾਂਧੀ ਦੇ ਕੌਮੀ ਪ੍ਰਧਾਨ ਬਣਨ ਦਾ ਚਾਅ

ਗੁਜਰਾਤ ਵਿਚ ਪਿਛਲੇ ਕੁਝ ਦਿਨਾਂ ਦੌਰਾਨ ਉਨ੍ਹਾਂ ਦੀ ਕਾਰਗੁਜ਼ਾਰੀ ਨੇ ਮਜ਼ਬੂਤ ਲੀਡਰਸ਼ਿਪ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਆਖਿਆ ਕਿ ਗੁਜਰਾਤ ਵਿੱਚ ਰੈਲੀਆਂ ਦੌਰਾਨ ਵੱਡੀ ਗਿਣਤੀ 'ਚ ਲੋਕ ਰਾਹੁਲ ਦੇ ਵਿਚਾਰ ਸੁਣਨ ਲਈ ਪਹੁੰਚ ਰਹੇ ਹਨ ਅਤੇ ਬੀਤੇ ਸਮੇਂ ਵਿਚ ਵੀ ਵੱਖ ਵੱਖ ਮੌਕਿਆਂ 'ਤੇ ਉਨ੍ਹਾਂ ਨੇ ਸਿਆਸੀ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ ਜੋ ਕਾਂਗਰਸ ਲਈ ਕਾਰਗਰ ਸਿੱਧ ਹੋਵੇਗਾ। ਰਾਹੁਲ ਗਾਂਧੀ ਨੂੰ 'ਪ੍ਰੌੜ੍ਹ ਤੇ ਸਮਰੱਥ' ਸਿਆਸਤਦਾਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਧਾਨ ਬਣਾਏ ਜਾਣ ਦਾ ਕਦਮ ਸਹੀ ਦਿਸ਼ਾ ਵਿਚ ਚੁੱਕਿਆ ਗਿਆ ਹੈ, ਜੋ ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਅੰਦਰ ਨਵਾਂ ਜੋਸ਼ ਭਰਨ ਵਿੱਚ ਸਹਾਈ ਹੋਵੇਗਾ।

## ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਖ਼ਤ ਨਿਖੇਧੀ

ਨਿਖੇਧੀ ਕਰਦਾ ਹੈ। ਜਥੇਬੰਦੀ ਨੇ ਭਾਰਤ ਸਰਕਾਰ ਅਤੇ ਇਸ ਦੀਆਂ ਹਿੰਦੂਤਵੀ ਏਜੰਸੀਆਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਖਾਲਿਸਤਾਨ ਸਾਡਾ ਜਨਮ ਸਿੱਧ ਅਧਿਕਾਰ ਹੈ ਜਿਸ ਦੀ ਨੀਂਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਚਲਾਈ ਹੋਈ ਦਮਦਮੀ ਟਕਸਾਲ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਰੱਖੀ ਹੋਈ ਅਤੇ ਹਜਾਰਾਂ ਸਿੱਖ ਨੌਜਵਾਨਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ।

## ਸਿਰਸਾ ਡੇਰੇ ਨਾ ਜਾਣ ਦੇ ਅਪਣੇ ਬਿਆਨ 'ਚ ਬੁਰੀ ਤਰ੍ਹਾਂ ਘਿਰ ਰਿਹੈ ਸ਼੍ਰੋਮਣੀ ਕਮੇਟੀ ਦਾ ਨਵਾਂ ਪ੍ਰਧਾਨ ਲੌਂਗੋਵਾਲ

ਸੱਤ ਮਹੀਨੇ ਬਾਅਦ ਗਬਿੰਦ ਸਿੰਘ ਲੌਂਗੋਵਾਲ ਵਲੋਂ ਇਹ ਕਹਿਣਾ ਕਿ ਉਹ 'ਡੇਰੇ ਨਹੀਂ ਗਏ ਤੇ ਅਕਾਲ ਤਖਤ ਦਾ ਹੁਕਮ ਮੰਨਦਿਆਂ ਪੇਸ਼ ਹੋਏ', ਸ਼੍ਰੋਮਣੀ ਕਮੇਟੀ ਅਤੇ ਮੁਤਵਾਜ਼ੀ ਜਥੇਦਾਰਾਂ ਵਲੋਂ ਬਣਾਈ ਗਈ ਇੱਕ ਨਹੀਂ ਬਲਕਿ ਦੋ-ਦੋ ਜਾਂਚ ਕਮੇਟੀਆਂ ਨੂੰ ਝੁਠਲਾਉਣਾ ਹੈ। ਆਉਣ ਵਾਲੇ ਦਿਨਾਂ ਵਿੱਚ ਉਹ ਇਸ ਬਾਰੇ ਕੀ ਸਪੱਸ਼ਟੀਕਰਨ ਦਿੰਦੇ ਹਨ ਇਹ ਤਾਂ ਸਮਾਂ ਹੀ ਦਸੇਗਾ ਪਰ ਫਿਲਹਾਲ ਉਹ ਆਪਣੇ ਦਿੱਤੇ ਬਿਆਨ 'ਮੈਂ ਤਾਂ ਡੇਰੇ ਗਿਆ ਹੀ ਨਹੀਂ' ਨੂੰ ਲੈਕੇ ਘਿਰਦੇ ਨਜ਼ਰ ਆ ਰਹੇ ਹਨ।

## ਸਿੱਖ ਕੋਆਰਡੀਨੇਸ਼ਨ ਕਮੇਟੀ ਅਮਰੀਕਾ ਵਲੋਂ ਗੋਬਿੰਦ ਸਿੰਘ ਲੌਂਗੋਵਾਲ ਦੇ ਅਮਰੀਕਾ ਦੌਰੇ ਦਾ ਵਿਰੋਧ ਕਰਨ ਦਾ ਫੈਸਲਾ

ਮਾਨਤਾ ਨਹੀਂ ਦਿੰਦੀ ਪਰ ਉਸ ਵੱਲੋਂ ਕੁਝ ਸਮਾਂ ਪਹਿਲਾਂ ਹੀ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰਨਾਂ ਨੂੰ ਡੇਰਾ ਸਿਰਸਾ ਜਾਣ ਦੇ ਮਾਮਲੇ ਵਿਚ ਤਨਖਾਹ ਲਾਈ ਗਈ ਸੀ। ਡੇਰਾ ਸਿਰਸਾ ਦੇ ਮੁਖੀ ਨੇ ਦਸਵੇਂ ਗੁਰੂ ਦਾ ਸਵਾਂਗ ਰਚਾ ਕੇ ਬੱਜਰ ਗਲਤੀ ਕਰਦਿਆਂ ਸਿੱਖ ਭਾਵਨਾਵਾਂ ਨੂੰ ਠੇਸ ਪੁਚਾਈ ਸੀ। ਅਜਿਹੇ ਵਿਅਕਤੀ ਕੋਲੋਂ ਸਿੱਖ ਆਗੂ ਦੁਆਰਾ ਵੋਟਾਂ ਮੰਗੇ ਜਾਣਾ ਵੀ ਵੱਡੀ ਗਲਤੀ ਹੈ। ਉਸ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਉਣਾ ਹੀ ਪੰਥਕ ਰਵਾਇਤਾਂ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਹੁਕਮਰਾਨਾਂ ਦੀਆਂ ਅਜਿਹੀਆਂ ਨੀਤੀਆਂ ਕਾਰਨ ਹੀ ਵਰਲਡ ਸਿੱਖ ਪਾਰਲੀਮੈਂਟ ਹੋਂਦ ਵਿੱਚ ਆ ਰਹੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਨ੍ਹਾਂ ਹੁਕਮਰਾਨਾਂ ਵੱਲੋਂ ਹਿੰਦੂ ਲੀਡਰਸ਼ਿਪ ਦੇ ਇਸ਼ਾਰੇ 'ਤੇ ਸਿੱਖ ਕੌਮ ਵਿਚ ਭੰਬਲਭੂਸਾ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਨਵੇਂ ਪ੍ਰਧਾਨ ਦੀ ਨਿਯੁਕਤੀ ਵੀ ਇਸੇ ਦਾ ਹਿੱਸਾ ਹੈ। ਮੀਟਿੰਗ ਵਿਚ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ, ਵੀਰ ਸਿੰਘ ਮਾਂਗਟ, ਦਵਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਦਲ ਖਾਲਸਾ ਅਤੇ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਨੇ ਵੀ ਨਵ ਨਿਯੁਕਤ ਪ੍ਰਧਾਨ ਦਾ ਵਿਰੋਧ ਕੀਤਾ ਹੈ।

## ਪੰਜਾਬ ਦੀਆਂ ਵਿਗੜੀਆਂ ਤਰਜੀਹਾਂ ਦੀ ਕਹਾਣੀ

ਰੋਪੜ, ਐੱਨਆਈਟੀ ਜਲੰਧਰ, ਨਾਈਪਰ ਤੇ ਆਈਆਈਐੱਸਈਆਰ ਮੁਹਾਲੀ ਅਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿੱਚ ਦਾਖ਼ਲ ਪੰਜਾਬ ਦੇ ਵਿਦਿਆਰਥੀਆਂ ਦੀ ਗਿਣਤੀ 10 ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ।

ਪੰਜਾਬ ਵਿੱਚ ਸਿੱਖਿਆ ਦੇ ਇਸ ਨਿਘਾਰ ਨੇ ਹੁਕਮਰਾਧ ਧਿਰ, ਵਿਰੋਧੀ ਧਿਰ ਤੇ ਇੱਥੋਂ ਤਕ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਓਨਾ ਨਹੀਂ ਝੰਜੋੜਿਆ, ਜਿੰਨਾ ਝੰਜੋੜਨਾ ਚਾਹੀਦਾ ਸੀ। ਅੱਠ ਸੌ ਸਕੂਲਾਂ ਦੇ ਬੰਦ ਹੋਣ, ਜਿਹੜੇ ਜ਼ਿਆਦਾਤਰ ਹੁਸ਼ਿਆਰਪੁਰ, ਰੋਪੜ ਤੇ ਗੁਰਦਾਸਪੁਰ ਦੇ ਕੰਢੀ ਖੇਤਰਾਂ ਵਿੱਚ ਹਨ। ਇਹ ਉਹ ਖੇਤਰ ਹਨ ਜਿੱਥੇ ਕੇਵਲ ਕਮਾਈ ਦੇ ਉਦੇਸ਼ ਵਾਲੇ ਪ੍ਰਾਈਵੇਟ ਸਕੂਲ ਵੀ ਨਹੀਂ ਜਾਂਦੇ, ਸਿਆਸੀ ਉਬਾਲ ਨਹੀਂ ਉੱਠਿਆ। ਸਿਆਸੀ ਪਾਰਟੀਆਂ ਹੋਰ ਮੁੱਦਿਆਂ ਵਿੱਚ ਉਲਝੀਆਂ ਹੋਈਆਂ ਹਨ। ਸਿਆਸੀ ਲੋਕ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਲੱਗੇ ਹੋਏ ਹਨ। ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਆਇਆ ਤੇ ਚਲਾ ਗਿਆ। ਉਸ ਵਿੱਚ ਇਸ ਮੁੱਦੇ ਅਤੇ ਹੋਰ ਅਹਿਮ ਮੁੱਦਿਆਂ ਦਾ ਨੋਟਿਸ ਲਿਆ ਜਾਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ।

ਪੰਜਾਬ ਸਰਕਾਰ ਦਾ ਦੂਜਾ ਅਹਿਮ ਐਲਾਨ, ਜਿਸ ਦਾ ਬਹੁਤਿਆਂ ਨੇ ਨੋਟਿਸ ਨਹੀਂ ਲਿਆ, ਉਹ ਮੁੱਖ ਮੰਤਰੀ ਦੀ ਅਗਵਾਈ ਹੇਠ ਵਿੱਤੀ ਮਾਮਲਿਆਂ ਬਾਰੇ ਬਣੀ ਸਬ ਕਮੇਟੀ ਦਾ ਫ਼ੈਸਲਾ, ਜਿਸ ਅਨੁਸਾਰ ਪੰਜਾਬ ਵਿੱਚ ਸ਼ਰਾਬ ਦੇ ਵਿਤਰਣ ਲਈ ਇੱਕ ਕਾਰਪੋਰੇਸ਼ਨ ਕਾਇਮ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ ਸੀ। ਇਹ ਉਸ ਮੁੱਖ ਮੰਤਰੀ ਦਾ ਫ਼ੈਸਲਾ ਸੀ ਜਿਸ ਨੇ ਇੱਕ ਵਾਰ ਵਿਸ਼ਾਲ ਰੈਲੀ ਅੰਦਰ, ਹੱਥ ਵਿੱਚ ਇੱਕ ਧਾਰਮਿਕ ਪੁਸਤਕ ਲੈ ਕੇ ਕਸਮ ਖਾਧੀ ਸੀ ਕਿ ਉਹ ਰਾਜ ਅੰਦਰੋਂ ਨਸ਼ਿਆਂ ਦਾ ਖ਼ਾਤਮਾ ਕਰਕੇ ਹੀ ਦਮ ਲਏਗਾ। ਸਿਆਣੇ ਵਿਅਕਤੀਆਂ ਦੀ ਇਸ ਕਮੇਟੀ, ਜਿਸ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਸ਼ਾਮਲ ਸਨ, ਨੇ ਕਰਜ਼ਿਆਂ ਹੇਠ ਦੱਬੇ ਪੰਜਾਬ ਲਈ ਪੈਸੇ ਜੁਟਾਉਣ ਵਾਲਾ ਇਹ 'ਸ਼ਾਨਦਾਰ' ਵਿਚਾਰ ਸਾਹਮਣੇ ਲਿਆਂਦਾ।

ਸਕੂਲਾਂ ਨੂੰ ਬੰਦ ਕਰਨ ਅਤੇ ਸ਼ਰਾਬ ਦੇ ਠੇਕੇ ਖੋਲ੍ਹਣ ਵਾਲਾ ਵਿਚਾਰ ਉਨ੍ਹਾਂ ਦੀ ਸੰਵੇਦਨਾ ਨੂੰ ਝੰਜੋੜਦਾ ਨਜ਼ਰ ਨਹੀਂ ਆਉਂਦਾ। ਬਗ਼ੈਰ ਸੋਚੇ ਸਮਝੇ ਚੋਣ ਵਾਅਦੇ ਕਰਨ ਵਾਲੇ ਕਾਂਗਰਸੀਆਂ ਦੇ ਹੱਥ ਬੱਝੇ ਹੋਏ ਹਨ। ਇਹ ਵਿਚਾਰਾਂ ਦੀ ਗ਼ਰੀਬੀ ਦੇ ਸ਼ਿਕਾਰ ਹਨ। ਪੰਜਾਬ ਕੋਲ ਪਹਿਲਾਂ ਹੀ ਬਹੁਤ ਸਾਰੇ ਬੋਰਡ ਤੇ ਨਿਗਮ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਇਨ੍ਹਾਂ ਦਾ ਕੀ ਕੀਤਾ ਜਾਏ। ਇਨ੍ਹਾਂ ਵਿੱਚੋਂ ਬਹੁਤ ਸਾਰੇ ਗ਼ੈਰਜ਼ਰੂਰੀ ਤੇ ਕਾਰਗੁਜ਼ਾਰੀ ਰਹਿਤ ਹਨ। ਇਨ੍ਹਾਂ ਨੂੰ ਬਗ਼ੈਰ ਲੋਕਾਂ ਦਾ ਕੋਈ ਨੁਕਸਾਨ ਕੀਤੇ ਸਮੇਟਿਆ ਜਾ ਸਕਦਾ ਹੈ। ਇਨ੍ਹਾਂ ਨੂੰ ਸਿਰਫ਼ ਆਪਣੇ ਸਿਆਸੀ ਵਫ਼ਾਦਾਰਾਂ ਨੂੰ ਲਾਭ ਪਹੁੰਚਾਉਣ ਲਈ ਚੱਲਦੇ ਰੱਖਿਆ ਜਾ ਰਿਹਾ ਹੈ।

ਜੇ 'ਸ਼ਰਾਬ ਨਿਗਮ' ਦੀ ਸਥਾਪਨਾ ਕਰ ਦਿੱਤੀ ਜਾਂਦੀ ਹੈ ਤਾਂ ਉਹ ਸਿਰਫ ਖ਼ਰਚੇ ਵਧਾਏਗੀ, ਭ੍ਰਿਸ਼ਟਾਚਾਰ ਦਾ ਬੋਲਬਾਲਾ ਰਹੇਗਾ ਤੇ ਜਾਂਚ ਕਮਿਸ਼ਨ ਦਾ ਦੌਰ ਚੱਲੇਗਾ। ਸਰਕਾਰ ਜਾਂ ਕਾਂਗਰਸ ਪਾਰਟੀ ਵਿੱਚ ਕੋਈ ਵੀ ਸਰਕਾਰੀ ਅਧਿਕਾਰੀਆਂ ਵੱਲੋਂ ਸ਼ਰਾਬ ਵੇਚਣ ਦੀ ਬੇਤੁਕੀ ਨੂੰ ਮਹਿਸੂਸ ਨਹੀਂ ਕਰ ਰਿਹਾ। ਕਿਸੇ ਨੇ ਵੀ ਇਸ ਖ਼ਿਲਾਫ਼ ਲੋਕਾਂ ਵਿੱਚ ਇੱਕ ਵੀ ਸ਼ਬਦ ਨਹੀਂ ਉਚਰਿਆ। ਆਈਏਐੱਸ ਅਧਿਕਾਰੀ, ਜਿਹੜੇ ਇਸ ਬਾਰੇ ਵਧੀਆ ਜਾਣਦੇ ਹਨ, ਇਹ ਵੀ ਜਾਣਦੇ ਹਨ ਕਿ ਕਦੋਂ ਖ਼ਾਮੋਸ਼ ਰਹਿਣਾ ਹੈ। ਉਨ੍ਹਾਂ ਨੇ ਸਿਆਸੀ ਲੀਡਰਸ਼ਿਪ ਦੇ ਸਹੀ ਪਾਸੇ ਰਹਿਣ ਲਈ ਆਪਣੇ ਆਪ ਨੂੰ ਸਿੱਖਿਅਤ ਕੀਤਾ ਹੁੰਦਾ ਹੈ। ਕੁਝ ਹੋ ਸਕਦਾ 'ਸ਼ਰਾਬ ਨਿਗਮ' ਵਿੱਚ ਲੁਭਾਊ ਨਿਯੁਕਤੀ ਵਜੋਂ ਇੱਕ ਹੋਰ ਮੌਕੇ ਦੇ ਰੂਪ 'ਚ ਲੈਂਦੇ ਹੋਣਗੇ।

ਵਿਧਾਨ ਸਭਾ ਵਿੱਚ ਨਿਯਮਾਂ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਪਹਿਲੀ ਵਾਰ ਚੁਣ ਕੇ ਆਏ ਵਿਧਾਇਕਾਂ ਲਈ ਹੁਣੇ ਜਿਹੇ ਵਰਕਸ਼ਾਪ ਲਾਈ ਗਈ। ਇਹ ਮੰਤਰੀਆਂ ਤੇ ਵਿਧਾਇਕਾਂ ਦੇ ਹੱਕ ਵਿੱਚ ਅਤੇ ਸੂਬੇ ਦੀ ਬਿਹਤਰੀ ਵਾਲੀ ਗੱਲ ਹੋਵੇਗੀ ਜੇ ਵਿਕਾਸ, ਸ਼ਾਸਨ ਤੇ ਲੀਡਰਸ਼ਿਪ ਵਾਸਤੇ ਉਹ ਆਪਣੇ ਆਪ ਲਈ ਅਜਿਹੀਆਂ ਕਲਾਸਾਂ ਦਾ ਪ੍ਰਬੰਧ ਕਰਨ। ਮਾਹਿਰ ਵਿਅਕਤੀ ਉਨ੍ਹਾਂ ਨੂੰ ਇਹ ਸਿਖਾ ਸਕਦੇ ਹਨ ਕਿ ਉਨ੍ਹਾਂ ਦੀਆਂ ਕੀ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਹਨ, ਨਾ ਕਿ ਉਹ ਕਰਦਾਤਾਵਾਂ ਦੇ ਪੈਸਿਆਂ ਉੱਪਰ ਸ਼ਾਹੀ ਜ਼ਿੰਦਗੀ ਦਾ ਆਨੰਦ ਮਾਨਣ। ਇਹ ਵੀ ਪਤਾ ਲੱਗੇਗਾ ਕਿ ਰਾਜ ਕੀ ਰੋਲ ਅਦਾ ਕਰ ਸਕਦਾ ਹੈ ਤੇ ਕਿਹੜਾ ਨਹੀਂ ਕਿਉਂਕਿ ਲੋਕਾਂ ਦੇ ਚੁਣੇ ਨੁਮਾਇੰਦੇ ਹੋਣ ਨਾਤੇ ਉਹ ਇੱਕ ਹੱਦ ਤਕ ਖ਼ਰਚੇ ਤੇ ਕਮਾਈਆਂ ਕਰ ਸਕਦੇ ਹਨ।

ਦੂਰ-ਦ੍ਰਿਸ਼ਟੀ ਦੀ ਘਾਟ ਵਾਲੀ ਲੀਡਰਸ਼ਿਪ ਕਾਰਨ, ਕਦੇ 'ਇੱਕ ਨੰਬਰ' ਰਿਹਾ ਸੂਬਾ ਇਸ ਵੇਲੇ ਅਜਿਹੀ ਮਾੜੀ ਦਸ਼ਾ ਹੰਢਾ ਰਿਹਾ ਹੈ ਜਿਸ ਵਿੱਚੋਂ ਬਚ ਕੇ ਨਿਕਲਣ ਦੀ ਆਸ ਨਹੀਂ ਬਚੀ। ਪੰਜਾਬ ਵਿੱਚ ਸਿਆਸਤਦਾਨ ਲੀਡਰਸ਼ਿਪ ਵਾਲਾ ਰੋਲ ਨਿਭਾਉਣ ਦੀ ਬਜਾਏ, ਵੋਟ ਬੈਂਕ ਨੂੰ ਆਪਣੇ ਆਪ ਉੱਪਰ ਭਾਰੂ ਹੋਣ ਦੇ ਰਹੇ ਹਨ। ਇਨ੍ਹਾਂ ਵਿੱਚ ਇੱਕ ਬਜ਼ੁਰਗ ਭੱਦਰਪੁਰਸ਼ ਵੀ ਹਨ ਜਿਹੜੇ ਸਿਆਸਤ 'ਚ ਪੀਐੱਚ. ਡੀ. ਹੋਣ ਦਾ ਦਾਅਵਾ ਕਰਦੇ ਹਨ, ਅਤੇ ਜਿਨ੍ਹਾਂ ਨੇ ਪੰਜਾਬ ਦੇ ਗੋਡਿਆਂ ਭਾਰ ਹੋਣ ਵਿੱਚ ਭਰਵਾਂ ਯੋਗਦਾਨ ਪਾਇਆ ਹੈ। ਵੋਟਾਂ ਲੈਣ ਖ਼ਾਤਰ ਖ਼ੁਸ਼ ਕਰਨ ਵਾਲੀ ਸਿਆਸਤ ਕਰਨ ਵਾਲਿਆਂ ਨੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ, ਖ਼ਾਸ ਕਰਕੇ ਸਿੱਖਿਆ, ਸਿਹਤ, ਬਿਜਲੀ ਤੇ ਨਿਆਂ ਦੇਣ ਵਾਲੀਆਂ ਸੰਸਥਾਵਾਂ ਨੂੰ ਢਾਹ ਲਾਈ ਹੈ। ਆਮਦਨ ਸਰੋਤਾਂ ਨੂੰ ਥੋੜ੍ਹ-ਚਿਰੇ ਸਿਆਸੀ ਲਾਭਾਂ ਵਾਸਤੇ ਵਰਤਿਆ। ਸਾਰੀਆਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ, ਢੁੱਕਵੇਂ ਤੇ ਅਢੁੱਕਵੇਂ ਵਰਗਾਂ ਲਈ ਮੁਫ਼ਤ ਸਹੂਲਤਾਂ ਦੇਣ ਦੇ ਵਾਅਦਿਆਂ ਨਾਲ ਭਰੇ ਹੁੰਦੇ ਹਨ। ਕਿਸੇ ਕੋਲ ਵੀ ਪੰਜਾਬ ਵਿੱਚ ਆ ਰਹੇ ਨਿਘਾਰ ਨੂੰ ਰੋਕਣ ਅਤੇ ਰਾਜ ਦੀ ਆਰਥਿਕਤਾ ਨੂੰ ਮੁੜ ਲੀਹ ਉੱਪਰ ਪਾਉਣ ਲਈ ਕੋਈ ਵੀ ਯੋਜਨਾ ਨਹੀਂ ਹੈ। ਕਿਤੇ ਵੀ, ਖ਼ਾਸ ਕਰਕੇ ਹਿਮਾਚਲ ਪ੍ਰਦੇਸ਼ ਤੇ ਕੇਰਲਾ ਵਿੱਚ, ਸਰਕਾਰ ਵੱਲੋਂ ਮਨੁੱਖੀ ਸਰੋਤ ਵਿਕਾਸ ਉੱਪਰ ਧਿਆਨ ਦੇਣ ਨਾਲ ਹੈਰਾਨੀਜਨਕ ਨਤੀਜੇ ਮਿਲੇ ਹਨ। ਹਰਿਆਣਾ ਖੇਡਾਂ ਵਿੱਚ ਸ਼ਾਨਦਾਰ ਹੈ ਅਤੇ ਸਿੱਖਿਆ ਹੱਬਾਂ ਕਾਇਮ ਕਰ ਰਿਹਾ ਹੈ। ਜੇ ਪੰਜਾਬ ਪਛੜ ਗਿਆ ਹੈ ਤਾਂ ਇਸ ਦਾ ਦੋਸ਼ ਸਿਆਸੀ ਲੀਡਰਸ਼ਿਪ ਉੱਪਰ ਜਾਂਦਾ ਹੈ। ਇਹ ਵਿਕਾਸ ਦੇ ਉਸ ਵਾਕਿਫ਼ ਮਾਰਗ ਤੋਂ ਭਟਕ ਗਈ ਹੈ ਜਿਹੜਾ ਦੇਸ਼ ਵਿੱਚ ਆਜ਼ਾਦੀ ਮਿਲਣ ਬਾਅਦ ਅਪਣਾਇਆ ਗਿਆ ਸੀ।

## ‘ਮੁਸਲਮਾਨ ਭਾਰਤੀ ਸਮਾਜ ਦਾ ਹਿੱਸਾ, ਸਰਕਾਰ ਉਨ੍ਹਾਂ ਦੀ ਕਦਰ ਕਰੇ’

ਸ੍ਰੀ ਓਬਾਮਾ ਨੇ ਕਿਹਾ ਕਿ 2015 ’ਚ ਭਾਰਤ ਦੌਰੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬੰਦ ਕਮਰੇ ’ਚ ਉਨ੍ਹਾਂ ਧਾਰਮਿਕ ਸਹਿਣਸ਼ੀਲਤਾ ਅਤੇ ਧਰਮ ਦੀ ਆਜ਼ਾਦੀ ਦੇ ਹੱਕ ’ਤੇ ਜ਼ੋਰ ਦਿੱਤਾ ਸੀ। ਸਾਲ 2009 ਤੋਂ 2017 ਦਰਮਿਆਨ ਅਮਰੀਕਾ ਦੇ 44ਵੇਂ ਰਾਸ਼ਟਰਪਤੀ ਰਹੇ ਓਬਾਮਾ ਨੇ ਆਪਣੇ ਦੌਰੇ ਦੇ ਆਖਰੀ ਦਿਨ ਲੋਕਾਂ ਨਾਲ ਗੱਲਬਾਤ ਦੌਰਾਨ ਅਜਿਹੇ ਹੀ ਵਿਚਾਰ ਪ੍ਰਗਟਾਏ ਸਨ। ਭਾਰਤ ਨਾਲ ਜੁੜੇ ਇਕ ਸਵਾਲ ਦੇ ਜਵਾਬ ’ਚ ਸ੍ਰੀ ਓਬਾਮਾ ਨੇ ਮੁਲਕ ਦੀ ਵੱਡੀ ਮੁਸਲਿਮ ਆਬਾਦੀ ਦਾ ਜ਼ਿਕਰ ਕੀਤਾ, ਜੋ ਸਫ਼ਲ, ਜੁੜੀ ਹੋਈ ਅਤੇ ਆਪਣੇ ਆਪ ਨੂੰ ਭਾਰਤੀ ਮੰਨਦੀ ਹੈ। ਬਰਾਕ ਓਬਾਮਾ ਨੇ ਕਿਹਾ ਕਿ ਕੁਝ ਹੋਰ ਮੁਲਕਾਂ ’ਚ ਅਜਿਹਾ ਨਹੀਂ ਹੈ। ਪਾਕਿਸਤਾਨ ਤੋਂ ਅਤਿਵਾਦ ਫੈਲਣ ਦੇ ਮੁੱਦੇ ’ਤੇ ਉਨ੍ਹਾਂ ਕਿਹਾ ਕਿ ਅਜਿਹੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਪਾਕਿਸਤਾਨ ਨੂੰ ਉਸਾਮਾ ਬਿਨ ਲਾਦਿਨ ਦੀ ਮੌਜੂਦਗੀ ਬਾਰੇ ਕੁਝ ਵੀ ਪਤਾ ਸੀ ਪਰ ਇਸ ਮੁੱਦੇ ’ਤੇ ਯਕੀਨੀ ਤੌਰ ’ਤੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਆਪਣੇ ਸਬੰਧਾਂ ਬਾਰੇ ਵੀ ਖੁਲ੍ਹ ਕੇ ਚਰਚਾ ਕੀਤੀ। ਉਨ੍ਹਾਂ ਕਿਹਾ, “ਮੈਂ ਸ੍ਰੀ ਮੋਦੀ ਨੂੰ ਪਸੰਦ ਕਰਦਾ ਹਾਂ ਅਤੇ ਮੇਰੇ ਖ਼ਿਆਲ ਨਾਲ ਮੁਲਕ ਲਈ ਉਨ੍ਹਾਂ ਕੋਲ ਨਜ਼ਰੀਆ ਹੈ। ਪਰ ਮੇਰੀ ਡਾਕਟਰ ਮਨਮੋਹਨ ਸਿੰਘ ਨਾਲ ਵੀ ਚੰਗੀ ਮਿੱਤਰਤਾ ਹੈ।” ਉਨ੍ਹਾਂ ਡਾਕਟਰ ਮਨਮੋਹਨ ਸਿੰਘ ਵੱਲੋਂ ਅਰਥਚਾਰੇ ਨੂੰ ਆਧੁਨਿਕ ਰੂਪ ਦੇਣ ਦੀ ਵੀ ਸ਼ਲਾਘਾ ਕੀਤੀ। ਓਬਾਮਾ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਟਾਊਨ ਹਾਲ ਨੂੰ ਸੰਬੋਧਨ ਕਰਦਿਆਂ ਸ੍ਰੀ ਓਬਾਮਾ ਨੇ ਕਿਹਾ ਕਿ ਭਾਰਤ-ਅਮਰੀਕਾ ਸਬੰਧ ਅਤੇ ਭਵਿੱਖ ਦੋਵੇਂ ਮੁਲਕਾਂ ਦੇ ਨੌਜਵਾਨਾਂ ’ਤੇ ਨਿਰਭਰ ਕਰਨਗੇ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਸਮੇਤ ਹੋਰ ਮੁਲਕਾਂ ’ਚ ਅਗਲੀ ਪੀੜੀ ਨੂੰ ਜਾਗਰੂਕ ਕਰਨ ਲਈ ਆਪਣਾ ਸਮਾਂ ਬਿਤਾਉਣਗੇ। ਇਸ ਦੇ ਨਾਲ ਭੇਦਭਾਵ ਅਤੇ ਨਸਲੀ ਵਿਤਕਰੇ ਵਾਲੀਆਂ ਤਾਕਤਾਂ ਨਾਲ ਉਨ੍ਹਾਂ ਦੀ ਜੰਗ ਜਾਰੀ ਰਹੇਗੀ।

### ਭਾਰਤ-ਅਮਰੀਕਾ ਵਿਸ਼ਵ ਦੀ ਹਰ ਸਮੱਸਿਆ ਸੁਲਝਾ ਸਕਦੇ ਨੇ

ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਜੋਰ ਦੇ ਕੇ ਕਿਹਾ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਕ ਮੁਲਕ (ਭਾਰਤ ਅਤੇ ਅਮਰੀਕਾ) ਜੇਕਰ ਮਿਲ ਕੇ ਕੰਮ ਕਰਨ ਤਾਂ ਵਿਸ਼ਵ ਦੀ ਅਜਿਹੀ ਕੋਈ ਸਮੱਸਿਆ ਨਹੀਂ ਹੈ, ਜੋ ਅਸੀਂ ਸੁਲਝਾ ਨਹੀਂ ਸਕਦੇ ।’ ਉਕਤ ਬਿਆਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਭਾਰਤ ਦੇ ਚੰਗੇ ਦੋਸਤ’ ਬਰਾਕ ਓਬਾਮਾ ਨੇ ਨਵੀਂ ਦਿੱਲੀ ’ਚ ਦਿੱਤਾ ।ਓਬਾਮਾ ਨੇ ਆਪਣੇ ਬਿਆਨ ’ਚ ਨਾ ਸਿਰਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰ-ਦ੍ਰਿਸ਼ਟੀ ਦੀ ਸ਼ਲਾਘਾ ਕੀਤੀ, ਸਗੋਂ 2008 ਦੀ ਆਲਮੀ ਮੰਦੀ ਦੌਰਾਨ ਉਸ ਵੇਲੇ ਦੇ ਭਾਰਤ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਭੂਮਿਕਾ ਅਤੇ ਸਹਿਯੋਗ ਲਈ ਜੰਮ ਕੇ ਤਾਰੀਫ ਕੀਤੀ ।ਓਬਾਮਾ ਫਾਊਂਡੇਸ਼ਨ ਅਤੇ ਹਿੰਦੁਸਤਾਨ ਟਾਈਮ ਸੰਮੇਲਨ ’ਚ ਓਬਾਮਾ ਨੇ ਮੁੜ ਭਾਰਤ ’ਚ ਧਰਮ, ਤਕਨੀਕ, ਸੱਭਿਅਤਾ ਜਿਹੇ ਵੱਖ-ਵੱਖ ਮੁੱਦਿਆਂ ’ਤੇ ਆਪਣੇ ਵਿਚਾਰ ਰੱਖੇ ।

### ਧਰਮ ਦੇ ਆਧਾਰ ’ਤੇ ਵਿਤਕਰਾ ਨਾ ਕਰਨ ਦੀ ਦਿੱਤੀ ਸੀ ਸਲਾਹ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਨਿੱਘੇ ਸਬੰਧਾਂ’ ਲਈ ਜਾਣੇ ਜਾਂਦੇ ਓਬਾਮਾ ਨੇ ਕਿਹਾ ਕਿ ਉਨ੍ਹਾਂ ਨੇ ਨਿੱਜੀ ਤੌਰ ’ਤੇ ਮੋਦੀ ਨੂੰ ਧਰਮ ਦੇ ਆਧਾਰ ’ਤੇ ਦੇਸ਼ ’ਚ ਵਿਤਕਰਾ ਨਾ ਕਰਨ ਦੀ ਸਲਾਹ ਦਿੱਤੀ ਸੀ ।ਉਨ੍ਹਾਂ ਕਿਹਾ ਕਿ ਭਾਰਤੀ ਸਮਾਜ ’ਚ ਮੁਸਲਮਾਨਾਂ ਨੂੰ ਨਾਲ ਜੋੜੇ ਰੱਖਣ ਦੀ ਲੋੜ ਹੈ, ਜੋ ਖੁਦ ਨੂੰ ਭਾਰਤੀ ਸਮਝਦੇ ਹਨ ।ਕਈ ਹੋਰ ਦੇਸ਼ਾਂ ’ਚ ਘੱਟ ਗਿਣਤੀਆਂ ਲਈ ਇਹ ਆਮ ਗੱਲ ਨਹੀਂ ਹੈ ।ਓਬਾਮਾ ਤੋਂ ਜਦ ਧਾਰਮਿਕ ਸਹਿਣਸ਼ੀਲਤਾ ਬਾਰੇ ਮੋਦੀ ਨਾਲ ਹੋਰ ਹੋਈ ਗੱਲਬਾਤ ਦੀ ਤਫ਼ਸੀਲ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਹੋਰ ਤਫਸੀਲ ਸਾਂਝੀ ਕਰਨ ਤੋਂ ਮਨਾਂ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮਕਸਦ ਨਿੱਜੀ ਗੱਲਬਾਤ ਦਾ ਖੁਲਾਸਾ ਕਰਨਾ ਨਹੀਂ ਹੈ ।

### ਸਹਿਜੇ ਸਹਿਜੇ ਆਉਂਦਾ ਹੈ ਬਦਲਾਅ

ਓਬਾਮਾ ਨੇ ਬਦਲਾਅ ਨੂੰ ਇਕ ਮੱਧਮ ਅਮਲ ਕਰਾਰ ਦਿੰਦਿਆਂ ਕਿਹਾ ਕਿ ਸਾਨੂੰ ਆਪਣੀਆਂ ਸਮੱਸਿਆਵਾਂ ਨੂੰ ਛੋਟਾ ਕਰਕੇ ਵੇਖਣ ਦੇ ਨਾਲ-ਨਾਲ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਲੋਕਾਂ ਨੂੰ ਸੁਣਿਆ ਜਾਵੇ ਜੋ ਸਾਡੀ ਮਦਦ ਕਰਨਾ ਚਾਹੁੰਦੇ ਹਨ ।ਓਬਾਮਾ ਨੇ ਤਕਰੀਬਨ 300 ਨੌਜਵਾਨਾਂ ਦੇ ਕਈ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਤਕਨੀਕ ਇਕ ਸ਼ਕਤੀਸ਼ਾਲੀ ਤਾਕਤ ਹੈ, ਪਰ ਇਸ ਦੀਆਂ ਕੁਝ ਹੱਦਾਂ ਵੀ ਹਨ ।ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਤਕਨੀਕ ਕਦੇ ਵੀ ਅਧਿਆਪਕਾਂ ਦੀ ਥਾਂ ਨਹੀਂ ਲੈ ਸਕੇਗੀ ।ਇਕ ਹੋਰ ਸਵਾਲ ਦੇ ਜਵਾਬ ’ਚ ਨਾਗਰਿਕਾਂ ਨੂੰ ਸਭ ਤੋਂ ਵੱਡੀ ਤਾਕਤ ਦੱਸਦਿਆਂ ਓਬਾਮਾ ਨੇ ਕਿਹਾ ਕਿ ਵਿਸ਼ਵ ’ਚ ਸਭ ਤੋਂ ਵੱਡਾ ਅਹੁਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਦਾ ਨਹੀਂ, ਸਗੋਂ ਲੋਕਾਂ ਦਾ ਹੈ ।

### ਵਧੀਆ ਦਾਲ ਬਣਾ ਲੈਂਦੇ ਹਨ ਓਬਾਮਾ

ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਸਿਰਫ ਚਿਕਨ ਅਤੇ ਕੀਮਾ ਦੇ ਸ਼ੌਕੀਨ ਹਨ ਬਲਕਿ ਇਨ੍ਹਾਂ ਨੂੰ ਬਣਾਉਣ ’ਚ ਮੁਹਾਰਤ ਹਾਸਲ ਹੈ। ਇੰਨਾ ਹੀ ਨਹੀਂ ਸਗੋਂ ਭਾਰਤ ’ਚ ਹਰ ਘਰ ’ਚ ਬਣਨ ਵਾਲੀ ਦਾਲ ਵੀ ਉਨ੍ਹਾਂ ਨੂੰ ਬਣਾਉਣੀ ਆਉਂਦੀ ਹੈ, ਹਾਲਾਂਕਿ ਰੋਟੀ ਬਣਾਉਣੀ ਉਸਨੂੰ ਬਹੁਤ ਔਖੀ ਗੱਲ ਲਗਦੀ ਹੈ ।ਉਨ੍ਹਾਂ ਨੇ ਦਾਲ ਬਣਾਉਣ ਦੀ ਕਲਾ ਪੜ੍ਹਾਈ ਦੌਰਾਨ ਆਪਣੇ ਇਕ ਭਾਰਤੀ ਹਮਜਮਾਤੀ ਤੋਂ ਸਿੱਖੀ ਸੀ ।ਇਸ ਦੌਰਾਨ ਸਵਾਲ-ਜਵਾਬ ਦੌਰ ਵੇਲੇ ਸ੍ਰੀ ਓਬਾਮਾ ਨੇ ਭਾਰਤੀ ਦਾਲ ਅਤੇ ਕੀਮੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਦੇ ਸ਼ੌਕੀਨ ਹਨ।

# ਆਲਮੀ ਪੱਧਰ ਉੱਤੇ ਵੱਧਦੇ ਦਬਾਅ ਕਾਰਨ ਨੂੰ ਯੋਰੋਸ਼ਲਮ ਬਾਰੇ ਫ਼ੈਸਲਾ ਟਾਲਣਾ ਪਿਆ

**ਵਾਸ਼ਿੰਗਟਨ/ਬਿਊਰੋ ਨਿਊਜ਼:** ਇਤਿਹਾਸਕ ਗਲਤੀ ਤੇ ਵੱਡੇ ਪੱਧਰ ਉਤੇ ਗੜਬੜ ਦੀਆਂ ਚਿਤਾਵਨੀਆਂ ਦਾ ਸਾਹਮਣੇ ਕਰ ਰਹੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਅਮਰੀਕੀ ਸਫ਼ਾਰਤਖਾਨਾ ਉਥੇ ਲਿਜਾਣ ਦੇ ਫ਼ੈਸਲੇ ਨੂੰ ਟਾਲ ਦਿੱਤਾ ਹੈ। ਵ੍ਹਾਈਟ ਹਾਊਸ ਨੇ ਦੱਸਿਆ ਕਿ ਆਲਮੀ ਆਗੂਆਂ ਦਰਮਿਆਨ ਨਿੱਜੀ ਫੋਨ ਵਾਰਤਾ ਅਤੇ ਸਹਿਯੋਗੀਆਂ ਤੋਂ ਜਨਤਕ ਚਿਤਾਵਨੀਆਂ ਬਾਅਦ ਰਾਸ਼ਟਰਪਤੀ ਤਲ ਅਵੀਵ ਤੋਂ ਸਫ਼ਾਰਤਖਾਨਾ ਤਬਦੀਲ ਕਰਨ ਬਾਰੇ ਫ਼ੈਸਲਾ ਲੈਣ ਦੀ ਸਮਾਂ-ਸੀਮਾ ਲੰਘਾਉਣਗੇ। ਵ੍ਹਾਈਟ ਹਾਊਸ ਦੇ ਤਰਜਮਾਨ ਹੋਗਨ ਗਿਡਲੇ ਨੇ ਕਿਹਾ, ’ਇਸ ਮਸਲੇ ’ਤੇ ਰਾਸ਼ਟਰਪਤੀ ਬਿਲਕੁਲ ਸਪੱਸ਼ਟ ਹਨ। ਉਹ ’ਆਉਣ ਵਾਲੇ ਦਿਨਾਂ’ ਵਿੱਚ ਇਸ ਬਾਰੇ ਐਲਾਨ ਕਰਨਗੇ।’ ਦੱਸਣਯੋਗ ਹੈ ਕਿ ਇਜ਼ਰਾਈਲ-ਫਲਸਤੀਨ ਵਿਵਾਦ ਵਿੱਚ ਯੋਰੋਸ਼ਲਮ ਦਾ ਸਟੇਟਸ ਅਹਿਮ ਮੁੱਦਾ ਹੈ ਅਤੇ ਇਨ੍ਹਾਂ ਦੋਵੇਂ ਮੁਲਕਾਂ ਵੱਲੋਂ ਇਸ ਸ਼ਹਿਰ ਦੇ ਆਪਣੀ ਰਾਜਧਾਨੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਐਵਿਗਡੋਰ ਲਾਇਬਰਮੈਨ ਨੇ ਟਰੰਪ ਨੂੰ ’ਇਤਿਹਾਸਕ ਮੌਕੇ’ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਹੈ। ਇਸ ਦੌਰਾਨ ਸਾਊਦੀ ਪ੍ਰੈੱਸ ਏਜੰਸੀ ਨੇ ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਦੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ, ’ਅਮਰੀਕੀ ਪ੍ਰਸ਼ਾਸਨ ਦੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਇਰਾਦੇ ਬਾਰੇ ਰਿਪੋਰਟਾਂ ’ਤੇ ਸਾਊਦੀ ਅਰਬ ਨੇ ਚਿੰਤਾ ਜ਼ਾਹਿਰ ਕੀਤੀ ਹੈ। ਇਸ ਨਾਲ ਫਲਸਤੀਨੀ-ਇਜ਼ਰਾਇਲੀ ਵਿਵਾਦ ਹੋਰ ਗੁੰਝਲਦਾਰ ਹੋ ਜਾਵੇਗਾ ਅਤੇ ਚੱਲ ਰਹੀ ਸ਼ਾਂਤੀ ਪ੍ਰਕਿਰਿਆ ’ਚ ਵਿਘਨ ਪਵੇਗਾ।’ ਯੂਰੋਪ ਯੂਨੀਅਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਰਾਸ਼ਟਰਪਤੀ ਟਰੰਪ ਨੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦਿੱਤੀ ਤਾਂ ਇਸ ਦੇ ’ਗੰਭੀਰ ਸਿੱਟੇ’ ਨਿਕਲ ਸਕਦੇ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਏਲ ਮੈਕਰੌਨ ਨੇ ਆਪਣੇ ਅਮਰੀਕੀ ਹਮਰੁਤਬਾ ਨਾਲ ਟੈਲੀਫੋਨ ’ਤੇ ਗੱਲਬਾਤ ਕੀਤੀ ਅਤੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦਾ ਦਰਜਾ ਦੇਣ ਉਤੇ ਡੂੰਘੀ ਚਿੰਤਾ ਪ੍ਰਗਟਾਈ। ਤੁਰਕੀ ਦੇ ਰਾਸ਼ਟਰਪਤੀ ਰਸੇਪ ਤਯੱਪ ਅਰਦੋਜਾਂ ਨੇ ਚਤਾਵਨੀ ਦਿੱਤੀ ਕਿ ਯੋਰੋਸ਼ਲਮ ਦਾ ਸਟੇਟਸ ਮੁਸਲਮਾਨਾਂ ਲਈ ’ਲਾਲ ਲਕੀਰ’ ਹੈ ਅਤੇ ਇਸ ਬਾਰੇ ਕੋਈ ਕਾਰਵਾਈ ਤੁਰਕੀ ਨੂੰ ਇਜ਼ਰਾਈਲ ਨਾਲੋਂ ਰਿਸ਼ਤੇ ਤੋੜਨ ਲਈ ਉਕਸਾ ਸਕਦੀ ਹੈ।

### ਗੋਬਿੰਦ ਸਿੰਘ ਲੌਂਗੋਵਾਲ ਨੇ ਹਰਨਾਮ ਸਿੰਘ ਧੁੰਮਾ ਨੂੰ ਮਿਲ ਕੇ ਮੰਗਿਆ ਸਹਿਯੋਗ

ਸ੍ਰੀ ਲੌਂਗੋਵਾਲ ਸੋਮਵਾਰ ਬਾਅਦ ਦੁਪਹਿਰ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਪੁੱਜੇ। ਉਨ੍ਹਾਂ ਉੱਥੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਮੱਥਾ ਟੇਕਿਆ ਅਤੇ ਲੰਗਰ ਵੀ ਛਕਿਆ। ਇਸ ਮਗਰੋਂ ਉਨ੍ਹਾਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਬੰਦ ਕਮਰਾ ਮੀਟਿੰਗ ਕੀਤੀ। ਉਹ ਲਗਪਗ ਇਕ ਘੰਟਾ ਟਕਸਾਲ ਦੇ ਹੈੱਡ ਕੁਆਰਟਰ ਰਹੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਲੌਂਗੋਵਾਲ ਨੇ ਆਖਿਆ ਕਿ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਤੇ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸਿੱਖ ਜਥੇਬੰਦੀ ਤੋਂ ਸਹਿਯੋਗ ਲਿਆ ਜਾਵੇਗਾ।

ਉਨ੍ਹਾਂ ਆਖਿਆ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਮਗਰੋਂ ਲੋਕਾਂ ਸਾਹਮਣੇ ਡੇਰਾ ਮੁਖੀ ਦੀ ਅਸਲੀਅਤ ਆ ਚੁੱਕੀ ਹੈ। ਇਸੇ ਕਾਰਨ ਕਈ ਡੇਰਾ ਪ੍ਰੇਮੀ ਡੇਰੇ ਤੋਂ ਦੂਰ ਹੋ ਗਏ ਹਨ। ਅਜਿਹੀ ਸਥਿਤੀ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੇ ਭੁੱਲੜ ਸਾਥੀਆਂ ਨੂੰ ਮੁੜ ਸਿੱਖੀ ਨਾਲ ਜੋੜਨ ਲਈ ਗੁਰਮਤਿ ਪ੍ਰਚਾਰ ਰਾਹੀਂ ਯਤਨ ਕੀਤਾ ਜਾਵੇਗਾ। ਦਮਦਮੀ ਟਕਸਾਲ ਨਾਲ ਆਪਣੀ ਨੇੜਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਟਕਸਾਲ ਦੇ 12ਵੇਂ ਮੁਖੀ ਗਿਆਨੀ ਗੁਰਬਚਨ ਸਿੰਘ ਖਾਲਸਾ ਕੋਲੋਂ ਅੰਮ੍ਰਿਤਪਾਨ ਕੀਤਾ ਸੀ। ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਪੰਥਕ ਹਿੱਤਾਂ ਅਤੇ ਪੰਥਕ ਕਾਰਜਾਂ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਦੋਵਾਂ ਆਗੂਆਂ ਵਿਚਾਲੇ ਹੋਈ ਬੰਦ ਕਮਰਾ ਮੀਟਿੰਗ ਬਾਰੇ ਕੋਈ ਵੇਰਵੇ ਨਹੀਂ ਮਿਲ ਸਕੇ। ਦਮਦਮੀ ਟਕਸਾਲ ਵੱਲੋਂ ਸ੍ਰੀ ਲੌਂਗੋਵਾਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

### ਹਿੰਦ-ਪ੍ਰਸ਼ਾਂਤ ਸਹਿਯੋਗ ਕਿੰਨਾ ਕੁ ਸਾਰਥਿਕ ?

ਦਾ ਸੰਤੁਲਨ ਬਣਾਉਣ ਲਈ ਅਮਰੀਕਾ ਹੁਣ ‘ਚੌਕੜੀ‘ ਵਿੱਚ ਕੰਮ ਕਰ ਰਿਹਾ ਹੈ ਪਰ ਚੀਨ ਤੋਂ ਲੈ ਕੇ ਉੱਤਰੀ ਕੋਰੀਆ ਤੇ ਲਸ਼ਕਰ-ਏ-ਤੋਇਬਾ ਤੱਕ ਜਿਹੇ ਮੁੱਦਿਆਂ ‘ਤੇ ਭਾਰਤ ਨੂੰ ਟਰੰਪ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੀਆਂ ਬੇਮੇਲ ਤੇ ਮੂੰਹਫੱਟ ਕਿਸਮ ਦੀਆਂ ਟਿੱਪਣੀਆਂ ਦਾ ਨਿਰੰਤਰ ਸਾਹਮਣਾ ਕਰਨਾ ਪੈ ਸਕਦਾ ਹੈ।

ਸਮੁੰਦਰੀ ਸੁਰੱਖਿਆ ਅਗਲੇ ਕੁਝ ਵਰ੍ਹਿਆਂ ਦੌਰਾਨ ਸਾਡੇ ਰਣਨੀਤਕ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਨ ਵਾਲਾ ਅਹਿਮ ਮੁੱਦਾ ਬਣਨ ਵਾਲਾ ਹੈ। ਚੀਨ ਦਾ ਜਿਬੂਟੀ ‘ਚ ਇਕ ਮੁਕੰਮਲ ਫ਼ੌਜੀ ਅੱਡਾ ਮੌਜੂਦ ਹੈ, ਇੰਜ ਹੀ ਪਾਕਿਸਤਾਨੀ ਬੰਦਰਗਾਹ ਗਵਾਦਰ ‘ਤੇ ਉਸ ਦੀ ਪੂਰੀ ਸਰਦਾਰੀ ਹੈ ਕਿਉਂਕਿ ਪਾਕਿਸਤਾਨ ਨੇ ਇਸ ਇਲਾਕੇ ਦੀ ਪ੍ਰਭੁਤਾ ਪੂਰੀ ਤਰ੍ਹਾਂ ਚੀਨ ਹਵਾਲੇ ਕਰ ਦਿੱਤੀ ਹੈ। ਇਸ ਦੇ ਨਾਲ ਹੀ ਚੀਨ ਦੀ ਸ੍ਰੀਲੰਕਨ ਬੰਦਰਗਾਹ ਹੰਬਨਟੋਟਾ ‘ਤੇ ਮਜ਼ਬੂਤ ਦਾਅਵੇਦਾਰੀ ਹੈ ਅਤੇ ਮਿਆਂਮਾਰ ਦੇ ਰਖਾਈਨ ਸੂਬੇ ‘ਚ ਕਿਔਕਪਿਊ ਬੰਦਰਗਾਹ ‘ਤੇ ਵੀ ਵੱਡੀ ਆਰਥਿਕ ਮੌਜੂਦਗੀ ਹੈ ਕਿਉਂਕਿ ਉਹ ਇਸ ਥਾਂ ਨੂੰ ਵਿਕਸਤ ਕਰ ਰਿਹਾ ਹੈ। ਚੀਨ ਕੁਝ ਸਾਲ ਪਹਿਲਾਂ ਵਾਂਗ ਹਿੰਦ ਮਹਾਂਸਾਗਰ ‘ਚ ‘ਮੋਤੀਆਂ ਦੀ ਮਾਲਾ‘ ਵਿਕਸਤ ਕਰਨ ਜਾ ਰਿਹਾ ਹੈ। ਪਰ ਇਸ ਦੇ ਨਾਲ ਹੀ, ਅਨੇਕ ਅਜਿਹੇ ਦੇਸ਼ਾਂ ਵਿੱਚ ਚੀਨ ਪ੍ਰਤੀ ਨਾਰਾਜ਼ਗੀ ਵਧਦੀ ਜਾ ਰਹੀ ਹੈ, ਜਿਨ੍ਹਾਂ ਨੂੰ ਇਹ ਜਾਪ ਰਿਹਾ ਹੈ ਕਿ ਚੀਨ ਦਾ ‘ਇੱਕ ਪੱਟੀ - ਇੱਕ ਸੜਕ‘ ਪ੍ਰਾਜੈਕਟ ਅਸਲ ‘ਚ ਉਸ ਦੇ ਵਿਸ਼ਵ-ਪੱਧਰੀ, ਭੂ-ਰਾਜਨੀਤਕ ਮਨਸ਼ਿਆਂ ਨੂੰ ਉਤਸ਼ਾਹਿਤ ਕਰਨ ਲਈ ਆਪਣੀਆਂ ਵਾਧੂ ਨਿਰਮਾਣ ਤੇ ਬੁਨਿਆਦੀ ਢਾਂਚਾ ਸਮਰੱਥਾਵਾਂ ਦੀ ਵਰਤੋਂ ਕਰਨਾ ਹੈ, ਤਾਂ ਜੋ ਇਨ੍ਹਾਂ ਦੇਸ਼ਾਂ ਸਾਹਵੇਂ ਅਜਿਹੀਆਂ ਸ਼ਰਤਾਂ ਰੱਖ ਸਕੇ ਕਿ ਉਹ ਆਪਣੇ ਅਰਥਚਾਰਿਆਂ ਤੇ ਖੇਤਰਾਂ ਨੂੰ ਉਸ ਦੇ ਹਵਾਲੇ ਕਰ ਦੇਣ। ਚੀਨ ਤੋਂ ਸਦਾ ਆਰਥਿਕ ਸਹਾਇਤਾ ਮੰਗਣ ਵਾਲਾ ਪਾਕਿਸਤਾਨ ਵਰਗਾ ਦੇਸ਼ ਵੀ ਇਹ ਮਹਿਸੂਸ ਕਰਨ ਲੱਗਾ ਹੈ ਕਿ ਚੀਨ-ਪਾਕਿਸਤਾਨ ਆਰਥਿਕ ਲਾਂਘੇ ਨਾਲ ਉਸ ਦੇ ਖੇਤੀਬਾੜੀ ਤੇ ਉਦਯੋਗ ਖੇਤਰਾਂ ‘ਤੇ ਚੀਨ ਦਾ ਕੰਟਰੋਲ ਕਾਇਮ ਹੋ ਜਾਵੇਗਾ। ਗਵਾਦਰ ਜਿਹੀ ਅਹਿਮ ਰਣਨੀਤਕ ਬੰਦਰਗਾਹ ਤਾਂ ਉਹ ਪਹਿਲਾਂ ਹੀ ਲੰਮੇ ਸਮੇਂ ਲਈ ਇੱਕ ਤਰ੍ਹਾਂ ਚੀਨ ਹਵਾਲੇ ਕਰ ਹੀ ਚੁੱਕਾ ਹੈ। ਪਾਕਿਸਤਾਨ ਨੇ ਤਾਂ ਚੀਨੀ ਕਰੰਸੀ ਯੂਆਨ ਤੱਕ ਨੂੰ ਆਪਣੇ ਦੇਸ਼ ਵਿੱਚ ਸਮਾਨੰਤਰ ਮਾਨਤਾ ਦੇ ਦਿੱਤੀ ਹੈ। ਪਰ ਹੁਣ ਉਸ ਦੀ ਫ਼ੌਜ ਦੇਸ਼ ਦੇ ਵਿੱਤੀ ਪ੍ਰਸ਼ਾਸਨ ‘ਚ ਵੀ ਆਪਣੀ ਪ੍ਰਮੁੱਖਤਾ ਭਾਲ਼ ਰਹੀ ਹੈ। ਪਾਕਿਸਤਾਨ ‘ਤੇ ਹੁਣ ਫ਼ੌਜੀ ਅਧਿਕਾਰੀਆਂ ਦਾ ਕਬਜ਼ਾ ਹੋਣ ਜਾ ਰਿਹਾ ਹੈ, ਜਿਨ੍ਹਾਂ ਨੂੰ ਰਾਸ਼ਟਰੀ ਸਵੈਮਾਣ ਦੀ ਕੋਈ ਕਦਰ ਨਹੀਂ ਅਤੇ ਉਹ ਆਪਣੇ ਨੇੜਲੇ ਗੁਆਂਢੀ ਦੇਸ਼ ਵਿੱਚ ਦਹਿਸ਼ਤਗਰਦੀ ਨੂੰ ਹਵਾ ਦੇਣ ਜਿਹੇ ਕਦਮ ਵੀ ਚੁੱਕ ਸਕਦੇ ਹਨ। (ਲੇਖਕ ਪਾਕਿਸਤਾਨ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਰਹਿ ਚੁੱਕਾ ਹੈ।)

### ਯੁੱਧ ਵਿੱਚ ਰਾਕਟ ਵਰਤਣ ਵਾਲਾ ਪਹਿਲਾ ਭਾਰਤੀ

ਨੁਕਸਾਨ ਹੋਇਆ ਕਿ ਉਸ ਨੂੰ ਸ੍ਰੀਰੰਗਾਪਟਨਮ ‘ਤੇ ਹਮਲਾ ਮੁਲਤਵੀ ਕਰਨਾ ਪਿਆ। ਚੌਥੀ ਐਂਗਲੋ-ਮੈਸੂਰ ਜੰਗ ਸਮੇਂ ਵੀ ਰਾਕਟਾਂ ਨੇ ਕਈ ਵਾਰ ਮੈਸੂਰ ਦੀ ਫ਼ੌਜ ਨੂੰ ਸਫਲਤਾ ਦਿਵਾਈ। ਟੀਪੂ ਦੇ ਦੀਵਾਨ ਪੰਡਿਤ ਪੂਰਨੀਆ ਨੇ ਸੁਲਤਾਨਪੇਟ ਦੀ ਜੰਗ ਵਿੱਚ ਰਾਕਟਾਂ ਦੀ ਮਦਦ ਨਾਲ ਡਿਊਕ ਆਫ ਵਲਿੰਗਟਨ ਕਰਨਲ ਆਰਥਰ ਵੈਲਜ਼ਲੀ ਨੂੰ ਬੁਰੀ ਤਰ੍ਹਾਂ ਹਰਾਇਆ। ਇੱਕ ਨੌਜਵਾਨ ਅੰਗਰੇਜ਼ ਅਫ਼ਸਰ ਜਾਰਜ ਆਲਟਰ ਇਸ ਸਬੰਧੀ ਲਿਖਦਾ ਹੈ, “ਨੀਲੇ ਆਸਮਾਨ ਤੋਂ ਹੋਣ ਵਾਲੀ ਰਾਕਟਾਂ ਦੀ ਲਗਾਤਾਰ ਬਰਸਾਤ ਨੇ ਸਾਡਾ ਅੱਗੇ ਵਧਣ ਦਾ ਹਰੇਕ ਰਸਤਾ ਬੰਦ ਕਰ ਦਿੱਤਾ। ਰਾਕਟ ਗੜਿਆਂ ਨਾਲੋਂ ਵੀ ਜ਼ਿਆਦਾ ਸੰਘਣੀ ਗਿਣਤੀ ਵਿੱਚ ਸਾਡੀਆਂ ਟੁਕੜੀਆਂ ‘ਤੇ ਵਰ੍ਹ ਰਹੇ ਸਨ। ਨੀਲੇ ਰੰਗ ਦੀ ਚਮਕਦਾਰ ਲਕੀਰ ਛੱਡਦੇ ਹੋਏ ਅਮੁੱਕ ਰਾਕਟ ਨਰਕ ਦੀ ਅੱਗ ਵਾਂਗ ਸਾਡੇ ਵੱਲ ਆਉਂਦੇ ਹੀ ਜਾ ਰਹੇ ਸਨ। ਇਨ੍ਹਾਂ ਅੱਗੇ ਲੱਗੀਆਂ ਉਸਤਰੇ ਵਰਗੀਆਂ ਤਿੱਖੀਆਂ ਕਟਾਰਾਂ ਦੀ ਮਾਰ ਨਾਲ ਸੈਂਕੜੇ ਜਵਾਨ ਮਾਰੇ ਗਏ, ਜ਼ਖ਼ਮੀ ਹੋਏ ਜਾਂ ਪਿੱਛੇ ਹਟ ਗਏ।“

ਸ੍ਰੀਰੰਗਾਪਟਨਮ ‘ਤੇ ਆਖ਼ਰੀ ਹਮਲੇ ਵੇਲੇ 4 ਮਈ 1799 ਨੂੰ ਰਾਕਟਾਂ ਦੀ ਮਾਰ ਤੋਂ ਦੁਖੀ ਹੋਏ ਈਸਟ ਇੰਡੀਆ ਕੰਪਨੀ ਦੇ ਉਸਤਾਦ ਤੋਪਚੀਆਂ ਨੇ ਸੂਹ ਕੱਢ ਕੇ ਧੂੰਆਂਧਾਰ ਗੋਲਾਬਾਰੀ ਕਰ ਕੇ ਟੀਪੂ ਸੁਲਤਾਨ ਦੇ ਰਾਕਟਾਂ ਦੇ ਕੇਂਦਰੀ ਗੋਦਾਮ ਨੂੰ ਉਡਾ ਦਿੱਤਾ। ਕੰਨ ਪਾੜਵੇਂ ਧਮਾਕੇ ਨਾਲ ਅੱਗ ਦੀਆਂ ਲਪਟਾਂ ਅਤੇ ਕਾਲਾ ਧੂੰਆਂ ਆਸਮਾਨ ਵਿੱਚ ਫੈਲ ਗਿਆ। ਇਸ ਦੀ ਲਪੇਟ ਵਿੱਚ ਆ ਕੇ ਮੈਸੂਰ ਦੀ ਫ਼ੌਜ ਦੇ ਸੈਂਕੜੇ ਸੈਨਿਕ ਮਾਰੇ ਗਏ। ਇਸ ਅਸਹਿ ਨੁਕਸਾਨ ਤੋਂ ਬਾਅਦ ਟੀਪੂ ਦਾ ਵਿਰੋਧ ਨਰਮ ਪੈ ਗਿਆ ਤੇ ਉਸ ਦੀ ਫ਼ੌਜ ਹਾਰ ਗਈ। ਟੀਪੂ ਬਹਾਦਰਾਂ ਵਾਂਗ ਲੜਦਾ ਹੋਇਆ ਰਣ ਤੱਤੇ ਵਿੱਚ ਮਾਰਿਆ ਗਿਆ। ਇਸ ਜਿੱਤ ਤੋਂ ਬਾਅਦ ਅੰਗਰੇਜ਼ਾਂ ਦੇ ਹੱਥ 900 ਅਣਫਟੇ ਰਾਕਟ ਅਤੇ 600 ਰਾਕਟ ਲਾਂਚਰ ਲੱਗੇ ਜਿਨ੍ਹਾਂ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਇਨ੍ਹਾਂ ‘ਤੇ ਵਿਗਿਆਨੀਆਂ ਨੇ ਤਜਰਬੇ ਸ਼ੁਰੂ ਕਰ ਦਿੱਤੇ। ਛੇ ਸਾਲਾਂ ਦੀ ਮਿਹਨਤ ਤੋਂ ਬਾਅਦ 1805 ਈਸਵੀ ਵਿੱਚ ਬ੍ਰਿਟਿਸ਼ ਯੁੱਧ ਵਿਗਿਆਨੀ ਵਿਲੀਅਮ ਕਾਂਗਰੀਵ ਨੇ ਆਪਣੇ ਨਾਮ ਹੇਠ ਲੰਬੀ ਦੂਰੀ ਤਕ ਮਾਰ ਕਰਨ ਵਾਲਾ ਤੇ ਕਈ ਕਿੱਲੋ ਬਾਰੂਦ ਲਿਜਾਣ ਦੀ ਸਮਰੱਥਾ ਵਾਲਾ ਕਾਂਗਰੀਵ ਰਾਕਟ ਤਿਆਰ ਕਰ ਕੇ ਫ਼ੌਜ ਦੇ ਹਵਾਲੇ ਕਰ ਦਿੱਤਾ। ਇਹ ਰਾਕਟ ਬ੍ਰਿਟਿਸ਼ ਫ਼ੌਜ ਨੇ ਕਈ ਲੜਾਈਆਂ ਵਿੱਚ ਸਫਲਤਾਪੂਰਵਕ ਨੈਪੋਲੀਅਨ ਅਤੇ ਹੋਰ ਦੁਸ਼ਮਣਾਂ ਖ਼ਿਲਾਫ਼ ਵਰਤਿਆ।

### ਭਾਰਤੀ ਸਿਨੇਮਾ ਜਗਤ ਦੇ ਚਮਕਦੇ ਸਿਤਾਰੇ ਸ਼ਸ਼ੀ ਕਪੂਰ ਨੂੰ ਸਦੀਵੀ ਅਲਵਿਦਾ

ਬੱਚੇ- ਕੁਨਾਲ, ਕਰਨ ਅਤੇ ਧੀ ਸੰਜਨਾ ਸਮੇਤ ਕਪੂਰ ਖਾਨਦਾਨ ਦੇ ਹੋਰ ਮੈਂਬਰ ਅਤੇ ਫ਼ਿਲਮੀ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਦੌਰਾਨ ਲਗਪਗ ਦਰਜਨ ਪੁਲੀਸ ਮੁਲਾਜ਼ਮਾਂ ਨੇ ਸ਼ਸ਼ੀ ਕਪੂਰ ਦੀ ਦੇਹ ਨੂੰ ਤਿਰੰਗੇ ’ਚ ਲਪੇਟਿਆ।

ਇਸ ਮੌਕੇ ਉਨ੍ਹਾਂ ਨੂੰ ਤਿੰਨ ਗੋਲੀਆਂ ਦਾਗ ਕੇ ਸਲਾਮੀ ਦਿੱਤੀ ਗਈ। ਇਸ ਮੌਕੇ ਅਮਿਤਾਭ ਬੱਚਨ, ਅਭਿਸ਼ੇਕ ਬੱਚਨ, ਸ਼ਿਆਮ ਬੈਨੇਗਲ, ਸ਼ਾਹਰੁਖ ਖਾਨ, ਸੈਫ ਅਲੀ ਖਾਨ, ਅਯਾਨ ਮੁਖਰਜੀ, ਹੰਸਲ ਮੇਹਤਾ, ਨੰਦਿਤਾ ਦਾਸ, ਲਾਰਾ ਦੱਤਾ, ਮਹੇਸ਼ ਭੂਪਤੀ ਤੇ ਮਹਾਰਾਸ਼ਟਰ ਦੇ ਰਾਜਸੀ ਆਗੂ ਰਾਮਦਾਸ ਅਠਾਵਲੇ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਦੇ ਪ੍ਰਸ਼ੰਕ ਵੀ ਅੰਤਿਮ ਯਾਤਰਾ ਲਈ ਪੁੱਜੇ ਹੋਏ ਸਨ।

### ਕਿੰਜ ਪਿਆ ਸ਼ਸ਼ੀ ਕਪੂਰ ਦਾ ਇਹ ਨਾਂ

ਨਵੀਂ ਦਿੱਲੀ: ਸ਼ਸ਼ੀ ਕਪੂਰ ਦਾ ਜਨਮ ਤੋਂ ਬਾਅਦ ਨਾਂ ਬਲਬੀਰ ਰਾਜ ਸੀ ਪਰ ਉਨ੍ਹਾਂ ਦੀ ਮਾਂ ਨੂੰ ਇਹ ਪਸੰਦ ਨਾ ਹੋਣ ਕਾਰਨ ਉਨ੍ਹਾਂ ਉਸ ਨੂੰ ਸ਼ਸ਼ੀ (ਚੰਨ ਦੀਆਂ ਰਿਸ਼ਮਾਂ) ਆਖਣਾ ਸ਼ੁਰੂ ਕਰ ਦਿੱਤਾ। ਸ਼ਸ਼ੀ ਕਪੂਰ ਦਾ ਜਨਮ ਪ੍ਰਿਥਵੀਰਾਜ ਕਪੂਰ ਅਤੇ ਰਾਮਸਰਨੀ ਕਪੂਰ ਦੇ ਘਰ 18 ਮਾਰਚ, 1938 ਨੂੰ ਕਲਕੱਤਾ ਵਿੱਚ ਹੋਇਆ ਸੀ। ਇਹ ਜਾਣਕਾਰੀ ਅਸੀਮ ਛਾਬੜਾ ਵੱਲੋਂ ਲਿਖੀ ਤੇ ਰੂਪਾ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਪੁਸਤਕ ਸ਼ਸ਼ੀ ਕਪੂਰ: ਦਿ ਹਾਊਸਹੋਲਡਰ, ਦਿ ਸਟਾਰ’ ਵਿੱਚੋਂ ਮਿਲੀ ਹੈ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਲਈ ਔਖੇ ਪੈਂਡੇ

ਪ੍ਰਕਾਸ਼ ਸਿੰਘ ਬਾਦਲ ਵੱਖ ਹੋ ਗਏ ਸਨ, ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦਾ ਚੇਅਰਮੈਨ ਲਾਇਆ ਗਿਆ। ਸ੍ਰੀ ਬਾਦਲ ਨੇ ਜਥੇਦਾਰ ਤਲਵੰਡੀ ਰਾਹੀਂ ਜਥੇਦਾਰ ਟੌਹੜਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਵਿੱਚੋਂ ਜਥੇਦਾਰ ਟੌਹੜਾ ਨੂੰ ਕੱਢਣ ਦੇ ਇਨਾਮ ਵਜੋਂ ਸ੍ਰੀ ਬਾਦਲ ਨੇ ਜਥੇਦਾਰ ਤਲਵੰਡੀ ਨੂੰ ਸ਼੍ਰੋਮਣੀ ਕਮੇਟੀ ਦਾ ਇਕ ਸਾਲ ਲਈ ਪ੍ਰਧਾਨ ਨਿਯੁਕਤ ਕਰ ਦਿੱਤਾ ਸੀ। ਇਸੇ ਤਰ੍ਹਾਂ ਜਥੇਦਾਰ ਟੌਹੜਾ ਦੇ ਜਵਾਈ ਹਰਮੇਲ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਜਥੇਦਾਰ ਅਵਤਾਰ ਸਿੰਘ ਮੱਕੜ, ਜਿਨ੍ਹਾਂ ਨੂੰ ਜਥੇਦਾਰ ਟੌਹੜਾ ਵੱਲ ਝੁਕੇ ਸ਼ਹਿਰੀ ਸਿੱਖਾਂ ਨੂੰ ਪਾਰਟੀ ਵੱਲ ਰੱਖਣ ਲਈ ਬਾਦਲਾਂ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ, ਨੂੰ ਵੀ ਖੁੱਲ੍ਹ ਕੇ ਆਜ਼ਾਦਾਨਾ ਤੌਰ ’ਤੇ ਕੰਮ ਨਹੀਂ ਕਰਨ ਦਿੱਤਾ ਗਿਆ। ਸਹਿਜਧਾਰੀ ਸਿੱਖਾਂ ਦੇ ਮੁੱਦੇ ਉਪਰ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਣ ਸਦਕਾ ਉਹ ਦਸ ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਕਰਦੇ ਰਹੇ। ਜੇ ਸੁਪਰੀਮ ਕੋਰਟ ਵਿੱਚ ਕੇਸ ਬਕਾਇਆ ਨਾ ਪਿਆ ਹੁੰਦਾ ਤਾਂ ਉਨ੍ਹਾਂ ਨੂੰ ਵੀ ਬਾਹਰ ਦਾ ਰਸਤਾ ਵਿਖਾਇਆ ਜਾ ਸਕਦਾ ਸੀ।

ਇਸ ਸਾਲ, ਭਾਵ ਪਿਛਲੇ ਹਫਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਮੇਂ ਵੱਡੀ ਤਬਦੀਲੀ ਵੇਖਣ ’ਚ ਆਈ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਉਮੀਦਵਾਰ ਦੇ ਨਾਮ ਦਾ ’ਲਿਫਾਫਾ’ ਨਹੀਂ ਸੀ। ਇਸ ਦਾ ਸਿਹਰਾ ਸੁਖਦੇਵ ਸਿੰਘ ਭੌਰ ਨੂੰ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਥਕ ਯੂਨਾਈਟਿਡ ਫਰੰਟ ਬਣਾ ਕੇ ਗੋਬਿੰਦ ਸਿੰਘ ਲੌਂਗੋਵਾਲ ਖ਼ਿਲਾਫ਼ ਉਮੀਦਵਾਰ ਮੈਦਾਨ ਵਿੱਚ ਉਤਾਰਿਆ, ਭਾਵੇਂ ਕਿ ਉਹ ਹਾਰ ਗਿਆ। ਪ੍ਰੰਤੂ ਪ੍ਰਧਾਨ ਦੀ ਚੋਣ ਸਰਬ ਸੰਮਤੀ ਜਾਂ ਬਗੈਰ ਮੁਕਾਬਲਾ ਨਹੀਂ ਹੋਈ।

ਸਿੱਖ ਬੁੱਧੀਜੀਵੀਆਂ ਨੂੰ ਇਹ ਚਿੰਤਾ ਹੈ ਕਿ ਸਿੱਖ ਧਾਰਮਿਕ ਆਗੂ ਉਸ ਪੱਧਰ ਦੇ ਨਹੀਂ, ਜੋ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹੀ ਢੰਗ ਨਾਲ ਚਲਾ ਸਕਣ। ਮੀਡੀਆ ਦੇ ਕੁਝ ਹਿੱਸਿਆਂ ਵਿੱਚ ਇਹ ਦੋਸ਼ ਉਭਰ ਕੇ ਸਾਹਮਣੇ ਆਏ ਹਨ ਕਿ ਗੋਬਿੰਦ ਸਿੰਘ ਲੌਂਗੋਵਾਲ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਡੇਰਾ ਸਿਰਸਾ ਦੇ ਮੁਖੀ ਦਾ ਅਸ਼ੀਰਵਾਦ ਲੈਣ ਲਈ ਉਨ੍ਹਾਂ ਦੇ ਡੇਰੇ ਉਪਰ ਗਏ ਸਨ। ਉਨ੍ਹਾਂ ਨੂੰ ਇਸ ਦੋਸ਼ ਤਹਿਤ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਦੂਜੇ ਪਾਸੇ, ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਦੋਸ਼ ਨੂੰ ਰੱਦ ਕਰਦਿਆਂ ਆਪਣਾ ਸਪਸ਼ਟੀਕਰਨ ਦਿੱਤਾ ਹੈ ਕਿ ਉਹ ਵੋਟਾਂ ਖ਼ਾਤਰ ਕਦੇ ਵੀ ਸਿਰਸਾ ਡੇਰੇ ਉਪਰ ਨਹੀਂ ਗਏ। ਉਨ੍ਹਾਂ ਕਿਹਾ ਹੈ ਕਿ ਨਿਮਰ ਸਿੱਖ ਹੋਣ ਨਾਤੇ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਲਾਈ ਤਨਖਾਹ ਪ੍ਰਵਾਨ ਕੀਤੀ ਸੀ ਅਤੇ ਆਪਣਾ ਪੱਖ ਸਪਸ਼ਟ ਕਰਦਿਆਂ ਅਕਾਲ ਤਖ਼ਤ ਨੂੰ ਇਕ ਲਿਖਤੀ ਚਿੱਠੀ ਵੀ ਭੇਜੀ ਸੀ। ਅਜਿਹੇ ਵਿਵਾਦ ਦੇ ਬਾਵਜੂਦ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਚੋਣ, ਬਾਦਲਕਿਆਂ ਦੀ ਮਜਬੂਰੀ ਦਾ ਸਿੱਟਾ ਹੈ। ਹੁਣ ਤਕ ਜੋ ਕੁਝ ਵਾਪਰਦਾ ਆਇਆ ਹੈ, ਉਸਦੇ ਆਧਾਰ ’ਤੇ ਇਹੋ ਕਿਹਾ ਜਾ ਸਕਦਾ ਹੈ ਕਿ ਬਾਦਲ, ਭਾਈ ਲੌਂਗੋਵਾਲ ਨੂੰ ਆਪਣੀ ਮਰਜ਼ੀ ਮੁਤਾਬਿਕ ਕੰਮ ਨਹੀਂ ਕਰਨ ਦੇਣਗੇ।ਅਜਿਹੇ ਦਬਾਅ ਦੇ ਬਾਵਜੂਦ ਇਹ ਭਾਈ ਲੌਂਗੋਵਾਲ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਤੀ ਵਫ਼ਾਦਾਰੀ ਨਿਭਾਉਣੀ ਹੈ ਜਾਂ ਬਾਦਲਾਂ ਪ੍ਰਤੀ।

# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624

M.K. Pannu
(Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL

SKYWAY TRAVEL
SERVICE TRUST
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

ASIANA AIRLINES
A STAR ALLIANCE MEMBER

Asiana Airlines
Daily Flight To New Delhi

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com